Voice of Social Concerns
Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com
ਸਾਲ-6, ਅੰਕ-10, ਅਕਤੂਬਰ 2016
Website: www.ppapmg.com

HARBANS SINGH 416-817-7142 DEVINDER TOOR 416-902-9372 MASTER BHAJAN SINGH 403-455-4220 Registration No. 210836300

## ਘਰ ਕੀਮਤਾਂ 'ਚ ਉਛਾਲ, ਕੈਨੇਡਾ ਨੈਸ਼ਨਲ ਹਾਊਸਿੰਗ ਨੀਤੀ ਦਾ ਐਲਾਨ





ਡਾ. ਹਰਦੀਪ ਸਿੰਘ, ਮਿਲਟਨ, ਓਂਟਾਰੀਓ

ਵੱਡੇ ਵੱਡੇ ਘਰਾਂ ਵਿੱਚ ਵਸਦੇ ਕੈਨੇਡੀਅਨ ਪਰਿਵਾਰ ਦੇ ਘਰਾਂ ਦੀ ਕੀਮਤਾਂ ਵਿੱਚ ਬੇ-ਕਾਬੂ ਉਛਾਲ ਕਾਰਨ ਮਹਿੰਗੀਆਂ ਮਾਰਟਗੇਜ਼ ਕਿਸ਼ਤਾਂ ਕਰਕੇ ਦੂਸਰੀਆਂ ਪਰਿਵਾਰਕ ਜ਼ਰੂਰਤਾਂ ਵਿੱਚ ਤੰਗੀ ਦੇਖੀ ਜਾ ਰਹੀ ਹੈ ਚਾਹੇ ਲੋਕ ਮਹਿੰਗੇ ਘਰਾਂ ਦੇ ਮਾਲਕ ਹਨ। ਇਸ ਤੋਂ ਇਲਾਵਾ ਘਰ ਖਰੀਦਣ ਦਾ ਸੁਪਨਾ, ਨਵੇਂ ਆਏ ਇਮੀਗਰੈਂਟਾਂ ਲਈ ਵਿੱਤੋਂ ਬਾਹਰ ਹੁੰਦਾ ਜਾ ਰਿਹਾ ਹੈ ਅਤੇ ਰੈਣ-ਵਸੇਰੇ ਲਈ ਘਰਾਂ ਦਾ ਕਿਰਾਇਆ ਵੀ ਮਹਿੰਗਾ ਹੋ ਰਿਹਾ ਹੈ। ਇੱਕ ਸਰਵੇ ਮੁਤਾਬਿਕ ਹਰੇਕ ਚਾਰ ਵਿੱਚੋਂ ਇੱਕ ਕੈਨੇਡਿਅਨ ਘਰ ਖਰੀਦਣ ਤੋਂ ਅਸਮਰਥ ਹੈ। ਸਰਕਾਰੀ ਅੰਕੜਿਆਂ ਮੁਤਾਬਿਕ ਸੰਨ 2000 ਤੋਂ 2015 ਤੱਕ ਕੈਨੇਡਾ ਵਿੱਚ ਘਰਾਂ ਦੀ ਕੀਮਤ ਦਾ ਔਸਤਨ ਵਾਧਾ ਪਰਿਵਾਰ ਦੀ ਔਸਤਨ ਆਮਦਨ ਦੇ ਮੁਕਾਬਲੇ 2.9 ਗੁਣਾ ਤੇਜ਼ੀ ਨਾਲ ਵਧਿਆ ਹੈ । ਇਸ ਅਰਸੇ ਦੌਰਾਨ, ਖਾਸ ਕਰਕ ਟੋਰਾਂਟੋ ਅਤੇ ਵੈਨਕੂਵਰ ਵਿਚ ਇਹੀ ਅੰਕੜਾ 4.1 ਗੁਣਾ ਦੇਖਿਆ ਗਿਆ ਹੈ । 2011 ਦੀ ਜਨਗਣਨਾ ਅਨੁਸਾਰ ਮੌਨਟਰੀਆਲ, ਟੋਰਾਂਟੋ ਅਤੇ ਵੈਨਕੂਵਰ ਵਸਦੇ 30% ਤੋਂ ਜ਼ਿਆਦਾ ਪਰਿਵਾਰਾਂ ਨੇ ਆਪਣੀ ਕੁਲ ਆਮਦਨ ਦਾ 30% ਹਿੱਸਾ ਵਸੇਵੇਂ ਤੇ ਖਰਚ ਕੀਤਾ। ਬਹੁਤੇ ਕੈਨੇਡਾ ਨਿਵਾਸੀਆਂ ਲਈ ਘਰਾਂ ਦੀ ਕੀਮਤ, ਉਨ੍ਹਾਂ ਦੀ ਆਮਦਨ ਦਾ ਚੋਖਾ ਹਿੱਸਾ ਲੈ ਲੈਂਦੀ ਹੈ ਜਿਸ ਕਰਕੇ ਉਹ 'ਘਰੋਂ ਅਮੀਰ ਪਰ ਨਗਦੋਂ ਗਰੀਬ' ਹੋ ਨਿਬੜਦੇ ਹਨ। ਇਸ ਲਈ ਕੈਨੇਡਾ ਦੀ ਸਰਕਾਰ ਵੀ ਚਿੰਤਤ ਹੋਈ ਹੈ। 'ਪਰਿਵਾਰਾਂ, ਬੱਚਿਆਂ ਅਤੇ ਸਮਾਜਿਕ ਵਿਕਾਸ ਦੇ ਮੰਤਰਾਲੇ ਨੇ ਨੈਸ਼ਨਲ ਹਾਊਸਿੰਗ ਸਟਰੈਟਿਜੀ ਦੀ ਵਿਉਂਤਬੰਦ ਲਈ ਉਪਰਾਲੇ ਕਰਨ ਦਾ ਐਲਾਨ ਕੀਤਾ ਹੈ ਅਤੇ ਇਸ ਕੌਮੀ ਅਵਾਸ ਨੀਤੀ ਸਬੰਧੀ ਆਮ ਲੋਕਾਂ ਦੀ ਰਾਏ ਮੰਗੀ ਹੈ। ਇਸ ਦੀ ਰਿਪੋਰਟ 22 ਨਵੰਬਰ 2016 ਨੂੰ ਨੈਸ਼ਨਲ ਹਾਊਸਿੰਗ ਦਿਨ ਤੇ ਦਿੱਤੇ ਜਾਣ ਦੀ ਸੰਭਾਵਨਾ ਹੈ । ਇਸ ਸਬੰਧੀ ਬਣਾਈ ਗਈ ਵੈਬਸਾਇਟ ਰਾਹੀਂ ਲੋਕਾਂ ਦੇ ਮਸ਼ਵਰੇ ਮੰਗੇ ਜਾ ਰਹੇ ਹਨ। ਇਹ ਵੀ ਮੰਨਣਾ ਹੈ ਕਿ ਇੱਟਾਂ-ਸੀਮੈਂਟ ਦੇ ਢਾਂਚੇ ਨੂੰ ਹੀ ਘਰ ਨਹੀਂ ਕਿਹਾ ਜਾ ਸਕਦਾ ਸਗੋਂ ਸੁੱਰਖਿਅਤ ਅਤੇ ਸਸਤਾ ਘਰ ਉਹ ਸਥਾਨ ਹੈ ਜਿਥੇ ਪਰਿਵਾਰ ਸੁੱਖ ਨਾਲ ਨਿਵਾਸ ਕਰਦਾ ਹੈ, ਆਰਥਿਕ ਸੁੱਰਖਿਆ ਮਜ਼ਬੂਤ ਕਰਦਾ ਹੈ ਅਤੇ ਖੁਸ਼ਹਾਲ ਸਮਾਜ ਦਾ ਅੰਗ ਬਣਦਾ ਹੈ। ਪਰਿਵਾਰ ਦੀ ਵਿੱਤੀ ਯੋਗਤਾ ਵਾਲਾ ਵਧੀਆ ਘਰ ਪਰਿਵਾਰ ਦੀ ਮਜ਼ਬੂਤੀ, ਇੱਕ ਵਧੀਆ ਸਿੱਖਿਆ ਅਤੇ ਸਿਹਤ ਦਾ ਰਾਹ ਖੋਲ੍ਹਦਾ ਹੈ ।

ਘਰਾਂ ਦੀ ਮੰਹਿਗਾਈ, ਮੰਗ ਅਤੇ ਸਪਲਾਈ ਦੇ ਵਿਗੜੇ ਸੰਤੁਲਨ ਕਰਕੇ ਵੀ ਮੰਨੀ ਜਾ ਰਹੀ ਹੈ ਪਿਛਲੇ ਸਮੇਂ ਤੋਂ ਵਧ ਰਹੀ ਆਬਾਦੀ ਅਤੇ ਵਧੇ ਇੰਮੀਗਰੇਸ਼ਨ ਕਰਕੇ ਨਵੇਂ ਖਰੀਦ-ਦਾਰ ਪਰਿਵਾਰਾਂ ਵਿੱਚ ਵਾਧਾ ਹੋਇਆ ਪਰ ਮਾਰਕੀਟ ਵਿੱਚ ਵਿਕਣ ਵਾਲੇ ਘਰਾਂ ਦੀ ਸਪਲਾਈ ਸੀਮਤ ਰਹੀ ਹੈ । ਇਸ ਕਰਕੇ ਵੇਚਣ ਵਾਲੇ ਘੱਟ ਅਤੇ ਖਰੀਦਣ ਵਾਲੇ ਜ਼ਿਆਦਾ ਹੋਏ, ਕੀਮਤਾਂ ਬੇ-ਕਾਬੂ ਹੋ ਕੇ ਵਧ ਰਹੀਆਂ ਹਨ। ਘਰਾਂ ਦੀਆਂ ਲਗਾਤਾਰ ਵਧ ਰਹੀਆਂ ਕੀਮਤਾਂ ਘਰ ਖਰੀਦਣ ਦੇ ਚਾਹਵਾਨ ਬੇਘਰੇ ਪਰਿਵਾਰਾਂ ਲਈ ਮੁਸ਼ਕਲ ਖੜ੍ਹੀ ਕਰਦੀ ਹੈ ਅਤੇ ਮਾਲਕਾਂ ਲਈ ਘਰ ਦੀ ਮਹਿੰਗੀ ਕਦਰ ਸਿਰਫ ਖੁਸ਼ੀ ਦਾ ਅਹਿਸਾਸ ਮਾਤਰ ਹੈ। ਪਿਛਲੇ ਦਹਾਕੇ ਤੋਂ ਮੋਰਟਗੇਜ਼ ਲੋਨ ਦੀ ਸੌਖੀ ਪ੍ਰਾਪਤੀ ਅਤੇ ਸਸਤੀ ਵਿਆਜ਼ ਦਰ ਕਰਕੇ ਬਹੁਤੇ ਲੋਕਾਂ ਲਈ ਘਰ ਦੀ ਮਾਲਕੀ ਵੀ ਸੌਖੀ ਸੰਭਵ ਹੋ ਸਕੀ ਹੈ। ਇਸ ਖੇਤਰ ਵਿੱਚ ਵਧ ਰਹੀਆਂ ਕੀਮਤਾਂ ਦੇ ਬਾਰੇ ਅਲੱਗ ਅਲੱਗ ਮਾਹਿਰਾਂ ਦੀ ਵੱਖੋ-ਵੱਖਰੀ ਰਾਏ ਹੈ। ਕੁਝ ਮੁਤਾਬਿਕ ਵੱਧ ਰਹੀ ਇਮੀਗਰੇਸ਼ਨ, ਜ਼ੋਨੀਂਗ ਵਿਉਂਤਬੰਦੀ ਦੀ ਲੋੜ, ਵਿਆਜ਼ ਦਰਾਂ, ਜ਼ਮੀਨ ਦੀ ਘਾਟ ਅਤੇ ਕਈਆਂ ਦੀ ਰਾਏ ਅਨੁਸਾਰ ਵਿਦੇਸ਼ੀ ਪੂੰਜੀ ਨਿਵੇਸ਼ ਵੀ ਹੋ ਸਕਦੀ ਹੈ। ਬੈਂਕ ਆਫ ਕੈਨੇਡਾ ਨੇ ਇਸ ਕਰਜ਼ੇ ਦੇ ਬੋਝ ਨੂੰ ਦੇਸ਼ ਦੀ ਆਰਥਿਕਤਾ ਲਈ ਵੀ ਮਾੜਾ ਦੱਸਿਆ ਹੈ। ਜੇ ਘਰਾਂ ਦੀ ਕੀਮਤ ਇਸੇ ਤਰ੍ਹਾਂ ਵਧਦੀ ਰਹੀ ਤਾਂ ਘਰ ਮਾਲਕੀ ਬਹੁਤੇ ਲੋਕਾਂ ਦੀ ਖਰੀਦ-ਪਹੁੰਚ ਤੋਂ ਬਾਹਰ ਰਹੇਗੀ ਅਤੇ ਉਹ ਕਿਰਾਏ ਦੇ ਮਕਾਨਾਂ ਨੂੰ ਹੀ ਵਸੇਰਾ ਬਣਾਏ ਰਹਿਣਗੇ ਅਤੇ ਘਰ ਮਾਲਕ ਵੀ ਆਪਣੇ ਘਰ ਦੀ ਕੀਮਤ ਦੀ ਤਰਜ਼ ਤੇ ਹੀ ਵੱਧ ਕਿਰਾਇਆ ਵਸੂਲਦੇ ਰਹਿਣਗੇ।

ਸਿਰਫ ਟੋਰਾਂਟੋ ਅਤੇ ਵੈਨਕੂਵਰ ਦੇ ਵਸਨੀਕਾਂ ਲਈ ਘਰਾਂ ਦੀ ਕੀਮਤ ਪਰਿਵਾਰਕ ਆਮਦਨ ਦੇ ਮੁਕਾਬਲੇ ਚਾਰ ਗੁਣਾ ਦੇਖੀ ਗਈ ਹੈ । ਬੀ ਸੀ ਸਰਕਾਰ ਨੇ ਤਾਂ ਵਿਦੇਸ਼ੀ ਖਰੀਦਦਾਰਾਂ ਨੂੰ ਘਰ ਖਰੀਦਣ ਦੇ ਰੁਝਾਨ ਨੂੰ ਕਾਬੂ ਕਰਨ

(ਬਾਕੀ ਸਫ਼ਾ 6 'ਤੇ)


4

ਲੋਕ ਭਲਾਈ ਦੇ ਨਾਂ ਹੇਠ ਬੱਚੀਆਂ ਨੂੰ ਵਰਗਲਾਉਣ 'ਚ ਜੁੱਟਿਆ ਸੰਘ ਪਰਿਵਾਰ


8

ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਅਤੇ ਸਾਮਰਾਜੀ ਪੂੰਜੀ ਦੇ ਪਸਾਰੇ ਅਤੇ ਵਫਾਦਾਰੀ ਲਈ


22

ਭਾਅ ਜੀ ਵਿੱਚ ਜਿਉਂਦਾ ਭਗਤ ਸਿੰਘ


29

ਪੰਜਾਬ ਦੀ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਸ਼ਾਨਮੱਤਾ ਪੰਨਾ

SUPER VISA INSURANCE
PUNJAB INSURANCE INC.
• Life Insurance • Mortgage Insurance
• Critical Illness Insurance • Disability Insurance
• RESP, RRSP
www.punjabinsurance.ca




Sherjang Singh Rana
416.910.9000



Ravinder Singh Basra
416.845.6232

# ਗੰਭੀਰ ਰਾਜਨੀਤੀ ਨੂੰ ਮਜ਼ਾਕ ਦਾ ਪਾਤਰ ਬਣਾਉਣਾ ਖ਼ਤਰਨਾਕ



ਮੰਗਤ ਰਾਮ ਪਾਸਲਾ
98141-82998)







ਭਾਰਤੀ ਸੰਵਿਧਾਨ ਅੰਦਰ ਦਰਜ ਮੌਲਿਕ ਅਧਿਕਾਰਾਂ ਵਿੱਚ ਬੋਲਣ, ਲਿਖਣ, ਵਿਚਾਰ ਪ੍ਰਗਟ ਕਰਨ ਅਤੇ ਰਾਜਨੀਤਕ ਸਰਗਰਮੀਆਂ ਵਿੱਚ ਭਾਗ ਲੈਣ ਦੀ ਪੂਰਨ ਆਜ਼ਾਦੀ ਸ਼ਾਮਲ ਹਨ ਪਰ ਅਜੋਕੇ ਸਮੇਂ ਵਿੱਚ ਇਹ ਸਾਰੇ ਅਧਿਕਾਰ ਅਕਸਰ ਰਾਜ ਕਰਦੀਆਂ ਰਾਜਨੀਤਕ ਪਾਰਟੀਆਂ ਦੀਆਂ ਇਛਾਵਾਂ ਅਨੁਸਾਰ ਹੀ ਇਸਤੇਮਾਲ ਕੀਤੇ ਜਾ ਰਹੇ ਹਨ। ਧਨ, ਗੁੰਡਾਗਰਦੀ ਅਤੇ ਸਰਕਾਰੀ ਮਸ਼ੀਨਰੀ ਦੀ ਦੁਰਵਰਤੋਂ ਕਰਦਿਆਂ ਨਾ ਕੇਵਲ ਆਮ ਲੋਕਾਂ ਨੂੰ ਸੰਵਿਧਾਨ ਰਾਹੀਂ ਇਨ੍ਹਾਂ ਮਿਲੇ ਅਧਿਕਾਰਾਂ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ। ਕੁਝ 'ਅਧਿਕਾਰਾਂ' ਦੀ ਦੁਰਵਰਤੋਂ ਵੀ ਕੀਤੀ ਜਾ ਰਹੀ ਹੈ।

ਦੇਸ਼ ਤੇ ਪੰਜਾਬ ਦੀ ਅਜੋਕੀ ਰਾਜਨੀਤਕ, ਆਰਥਿਕ ਤੇ ਸਮਾਜਿਕ ਅਵਸਥਾ ਨੂੰ ਦੇਖਦੇ ਹੋਏ ਜਾਪਦਾ ਹੈ ਕਿ ਧਨਵਾਨ ਅਤੇ ਗ਼ੈਰ-ਸੰਜੀਦਾ ਲੋਕਾਂ ਨੇ ਰਾਜਨੀਤੀ ਨੂੰ ਇੱਕ 'ਮੌਜ ਮੇਲਾ' ਜਾਂ ਆਖ ਲਵੋ 'ਮਖੌਲ ਦੀ ਪਾਤਰ' ਬਣਾ ਦਿੱਤਾ ਹੈ। ਜ਼ਿੰਦਗੀ ਦੇ ਕਿਸੇ ਵੀ ਖੇਤਰ ਵਿੱਚ ਕੋਈ ਉਪਲੱਬਧੀ ਜਾਂ ਪ੍ਰਸਿੱਧੀ ਹਾਸਲ ਕਰਨ ਤੋਂ ਬਾਅਦ ਕਈ ਲੋਕਾਂ ਨੇ 'ਰਾਜਨੀਤੀ' ਨੂੰ ਇੱਕ ਅਮੁੱਕ ਧਨ ਇਕੱਠਾ ਕਰਨ ਦਾ ਨਵਾਂ ਸੋਮਾ ਸਮਝ ਕੇ ਇਸ ਵਿੱਚ ਸ਼ਮੂਲੀਅਤ ਕਰਨੀ ਸ਼ੁਰੂ ਕੀਤੀ ਹੋਈ ਹੈ। ਉਨ੍ਹਾਂ ਵਿਅਕਤੀਆਂ ਦੀ ਕਿਸੇ ਖ਼ਾਸ ਖੇਤਰ ਵਿੱਚ ਕੀਤੀ ਉਪਲੱਬਧੀ ਭਾਵੇਂ ਕਿੰਨੀ ਵੀ ਵੱਡੀ ਕਿਉਂ ਨਾ ਹੋਵੇ, ਬਿਨਾਂ ਕਿਸੇ ਵਿਚਾਰਧਾਰਕ ਪ੍ਰਤੀਬੱਧਤਾ, ਲੋਕ ਸੇਵਾ ਵਿੱਚ ਆਪਾ ਗੁਆਉਣ ਦੇ ਪਿਛੋਕੜ ਜਾਂ ਦੇਸ਼ ਨੂੰ ਦਰਪੇਸ਼ ਮਸਲਿਆਂ ਬਾਰੇ ਡੂੰਘੀ ਜਾਣਕਾਰੀ ਤੇ ਭਵਿੱਖੀ ਹੱਲ ਬਾਰੇ ਪੂਰੀ ਤਰ੍ਹਾਂ ਕੋਰੇ ਹੁੰਦਿਆਂ ਹੋਇਆਂ ਵੀ ਉਨ੍ਹਾਂ ਦਾ ਰਾਜ ਸੱਤਾ ਲਈ ਪੱਬਾਂ ਭਾਰ ਹੋਣ ਜਿੱਥੇ ਹਾਸੋਹੀਣਾ ਹੈ, ਉੱਥੇ ਇੱਕ ਖ਼ਤਰਨਾਕ ਰੁਝਾਨ ਵੀ ਹੈ। ਇਸ ਵਰਤਾਰੇ ਵਿੱਚ ਲਗਪਗ ਸਾਰੀਆਂ ਰਾਜਨੀਤਕ ਪਾਰਟੀਆਂ ਬਰਾਬਰ ਦੀਆਂ ਜ਼ਿੰਮੇਵਾਰ ਹਨ। ਫ਼ਿਲਮੀ ਸਿਤਾਰਿਆਂ ਤੇ ਗਾਇਕਾਂ ਨੂੰ ਸਿਰਫ਼ ਇਸ ਲਈ ਚੋਣਾਂ ਅੰਦਰ ਖੜ੍ਹੇ ਕੀਤਾ ਜਾਂਦਾ ਹੈ ਕਿ ਆਮ ਲੋਕ, ਜੋ ਉਨ੍ਹਾਂ ਨਾਲ ਉਨ੍ਹਾਂ ਦੀਆਂ ਉਪਲੱਬਦੀਆਂ ਕਾਰਨ ਭਾਵੁਕ ਤੌਰ 'ਤੇ ਜੁੜੇ ਹੋਏ ਹਨ, ਉਨ੍ਹਾਂ ਨੂੰ ਵੋਟ ਪਾ ਕੇ ਕਾਮਯਾਬ ਕਰ ਦੇਣ। ਨਾਮਵਰ ਖਿਡਾਰੀ, ਧਾਰਮਿਕ ਵਿਅਕਤੀ ਤੇ ਕਿਸੇ ਖ਼ਾਸ ਪਰਿਵਾਰ ਨਾਲ ਜੁੜੇ ਲੋਕਾਂ ਨੂੰ ਵੀ ਆਮ ਲੋਕ ਬਿਨਾਂ ਕਿਸੇ ਲੋਕ-ਪੱਖੀ ਰਾਜਨੀਤਕ ਪ੍ਰਤੀਬੱਧਤਾ ਜਾਂ ਸੇਵਾ ਭਾਵਨਾ ਦੇ ਸਫ਼ਲਤਾ ਦੀਆਂ ਦਹਿਲੀਜ਼ਾਂ ਉੱਪਰ ਪਹੁੰਚਾ ਦਿੰਦੇ ਹਨ। ਇਹੀ ਕਾਰਨ ਹੈ ਕਿ ਬਹੁਤ ਸਾਰੇ ਦਲਾਂ ਨੇ ਚੋਣ ਜਿੱਤਣ ਦੀ ਸਮਰੱਥਾ ਰੱਖਣ ਵਾਲੇ ਉਮੀਦਵਾਰ ਨੂੰ ਪਾਰਟੀ ਟਿਕਟਾਂ ਦੇਣ ਦਾ ਇੱਕੋ-ਇੱਕ ਪੈਮਾਨਾ ਬਣਾ ਲਿਆ ਹੈ।

ਲੋਕ-ਪੱਖੀ ਰਾਜਨੀਤੀ ਵਾਸਤੇ ਆਰਥਿਕ ਨੀਤੀਆਂ ਅਤੇ ਲੋਕਾਂ ਨੂੰ ਦਰਪੇਸ਼ ਗੰਭੀਰ ਸਮੱਸਿਆਵਾਂ ਦਾ ਅਹਿਸਾਸ ਤੇ ਯੋਗ ਹੱਲ ਲਈ ਇੱਕ ਉਚੇਚੀ ਸਿਖਲਾਈ ਤੇ ਤਪੱਸਿਆ ਲੋੜੀਂਦੀ ਹੈ। ਇਸ ਆਸ਼ੇ ਨੂੰ ਕੇਂਦਰ ਵਿੱਚ ਰੱਖੇ ਤੋਂ ਬਿਨਾਂ ਕਿਸੇ ਹੋਰ ਖੇਤਰ ਦੀ ਉਪਲੱਬਧੀ ਹਾਸਲ ਕਰਕੇ ਜਨ-ਸਮੂਹਾਂ ਦੇ ਕਲਿਆਣ ਕਰਨ ਦੇ ਵੱਡੇ ਵੱਡੇ ਵਾਅਦੇ ਨਿਰਾ ਧੋਖਾ ਤੇ ਚਾਲਬਾਜ਼ੀ ਹੈ। ਇਸੇ ਕਰਕੇ ਸਭ ਨੂੰ ਰਾਜਨੀਤੀ ਵਿੱਚ ਹਿੱਸਾ ਲੈਣ ਅਤੇ ਚੁਣੇ ਜਾਣ ਦੀ ਆਜ਼ਾਦੀ ਦੇ ਅਧਿਕਾਰ ਪ੍ਰਾਪਤ ਹੁੰਦਿਆਂ ਹੋਇਆਂ ਵੀ ਵੱਖ ਵੱਖ ਰਾਜਨੀਤਕ ਪਾਰਟੀਆਂ ਵੱਲੋਂ ਸਿਰਫ਼ ਚੋਣਾਂ ਜਿੱਤਣ ਲਈ ਖੜ੍ਹੇ ਕੀਤੇ ਜਾਂਦੇ ਅਖੌਤੀ ਪ੍ਰਤਿਸ਼ਟਾਵਾਨ ਵਿਅਕਤੀ ਦੇ ਸਿਆਸਤ ਵਿੱਚ ਦਾਖ਼ਲ ਸਿਹਤਮੰਦ ਰੁਝਾਨ ਨਹੀਂ ਹੈ। ਆਮ ਲੋਕਾਂ ਨੂੰ ਇਸ ਵਰਤਾਰੇ ਤੋਂ ਖ਼ਬਰਦਾਰ ਰਹਿਣ ਦੀ ਜ਼ਰੂਰਤ ਹੈ। ਇਤਿਹਾਸ ਉੱਪਰ ਨਜ਼ਰ ਮਾਰਨ 'ਤੇ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਇੱਕ ਵੀ ਅਜਿਹੇ ਪ੍ਰਤਿਸ਼ਟਾਵਾਨ ਵਿਅਕਤੀ ਵਿੱਚੋਂ; ਇੱਕ ਵੀ ਚੋਣ ਜਿੱਤਣ ਤੋਂ ਬਾਅਦ ਹਾਕਮ ਜਾਂ ਵਿਰੋਧੀ ਧਿਰ ਦੇ ਹੱਕ ਵਿੱਚ ਹੱਥ ਖੜ੍ਹਾ ਕਰਨ ਵਾਲੀ ਰਬੜ ਦੀ ਮੋਹਰ ਤੋਂ ਸਿਵਾਏ ਹੋਰ ਕੁਝ ਵੀ ਸਿੱਧ ਨਹੀਂ ਹੋਇਆ। ਅਮਿਤਾਭ ਬੱਚਨ, ਹੇਮਾ ਮਾਲਿਨੀ, ਧਰਮਿੰਦਰ, ਵਿਨੋਦ ਖੰਨਾ, 'ਮਾਡਲ' ਕੁੜੀਆਂ ਤੇ ਮੁੰਡੇ, ਕ੍ਰਿਕੇਟਰ ਨਵਜੋਤ ਸਿੱਧੂ, ਕੀਰਤੀ ਆਜ਼ਾਦ, ਹਾਕੀ ਖਿਡਾਰੀ ਪਰਗਟ ਸਿੰਘ ਆਦਿ ਸੈਂਕੜੇ ਉਦਾਹਰਣਾਂ ਹਨ, ਜਿੱਥੇ ਆਪੋ-ਆਪਣੇ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ ਇਹ ਵਿਅਕਤੀ ਰਾਜਨੀਤੀ ਵਿੱਚ ਲੋਕਾਂ ਲਈ ਕੁਝ ਵੀ ਨਹੀਂ ਕਰ ਸਕੇ।

ਅੱਜ-ਕੱਲ੍ਹ ਪੰਜਾਬ ਦੀ ਆਮ ਆਦਮੀ ਵਿੱਚ ਵੀ ਇਹੀ ਇਤਿਹਾਸ ਦੁਹਰਾਇਆ ਜਾ ਰਿਹਾ ਹੈ। ਭ੍ਰਿਸ਼ਟਾਚਾਰ ਵਿਰੋਧੀ ਤੇ ਸਦਾਚਾਰਕ-ਪੱਖੀ ਰਾਜਨੀਤੀ ਦਾ ਹੋਕਾ ਦੇ ਕੇ ਦਿੱਲੀ ਦੀਆਂ ਚੋਣਾਂ ਵਿੱਚ ਅਰਵਿੰਦ ਕੇਜਰੀਵਾਲ ਨੇ ਸਿਰੇ ਦੇ ਧੋਖੇਬਾਜ਼, ਭ੍ਰਿਸ਼ਟਾਚਾਰੀ ਤੇ ਆਚਰਣਹੀਣ ਵਿਅਕਤੀਆਂ ਨੂੰ ਟਿਕਟਾਂ ਦੇ ਕੇ ਜਿਤਾਇਆ। ਇਨ੍ਹਾਂ ਵਿੱਚ ਯੂਨੀਵਰਸਿਟੀ ਦੀਆਂ ਜਾਅਲੀ ਡਿਗਰੀਆਂ ਹਾਸਲ ਕਰਨ ਵਾਲੇ, ਗੈਂਗਸਟਰਾਂ ਵਾਂਗ ਧਨ ਇਕੱਠਾ ਕਰਨ ਵਾਲੇ ਤੇ ਔਰਤਾਂ ਦੀ ਸੁਰੱਖਿਆ ਦੇ ਨਾਮ ਉੱਪਰ ਉਨ੍ਹਾਂ ਦੀਆਂ ਇੱਜ਼ਤਾਂ ਨਾਲ ਖਿਲਵਾੜ ਕਰਨ ਵਾਲੇ ਲੋਕ ਸ਼ਾਮਲ ਹਨ, ਜੋ ਅੱਜ ਆਪਣੇ ਕਾਰਨਾਮਿਆਂ ਕਾਰਨ ਜੱਗ-ਜਾਹਿਰ ਹੋ ਰਹੇ ਹਨ। ਭ੍ਰਿਸ਼ਟਾਚਾਰੀ ਜਾਂ ਗ਼ਲਤ ਲੋਕਾਂ ਕੋਲੋਂ ਬੇਅੰਤ ਮਾਇਆ ਇਕੱਠੀ ਕਰਕੇ ਪਹਿਲਾਂ ਚੋਣਾਂ ਜਿੱਤੀਆਂ ਗਈਆਂ ਤੇ ਬਾਅਦ ਵਿੱਚ ਉਨ੍ਹਾਂ ਵਿੱਚੋਂ ਕੁਝ ਲੋਕ ਆਪਣੇ ਆਹੁਦੇ ਦੀ ਦੁਰਵਰਤੋਂ ਕਰਕੇ ਰਿਸ਼ਵਤਖੋਰੀ ਕਰਦੇ ਫੜੇ ਗਏ, ਜਿਨ੍ਹਾਂ ਨੂੰ ਕੇਜਰੀਵਾਲ ਵੱਲੋਂ ਮਜਬੂਰਨ ਆਹੁਦਿਆਂ ਤੋਂ ਵੱਖ ਕਰਨਾ ਪਿਆ। ਹੁਣ ਪੰਜਾਬ ਅੰਦਰ ਸੂਬਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਉਨ੍ਹਾਂ ਉੱਪਰ ਲਗਾਏ ਦੋਸ਼ਾਂ ਬਾਰੇ ਬਿਨਾਂ ਡੂੰਘੀ ਜਾਂਚ-ਪੜਤਾਲ ਦੇ ਆਹੁਦੇ ਤੋਂ ਹਟਾ ਦਿੱਤਾ ਗਿਆ ਤੇ ਉਸ ਦੀ ਜਗ੍ਹਾ ਛੇ






**SARO KARAN DI AWAZ**

**Publisher**
Pro-People Arts Project Media
Group 29 Mapleview Ave,
Brampton
Ontario, CA, L6R 1M2

**Chief Editor**
**Harbans Singh**
416-817-7142
ppapmg@gmail.com

**Managing Director**
**Devinder Toor, Toronto**
416-902-9372
ppapmg@gmail.com

**Sub Editor**
**Master Bhajan Singh**
Calgary (Alberta)
403-455-4220
btarksheel@gmail.com

**Sub Editor**
**Dr. Hardeep Singh, Milton (Ontario)**
226-979-5688
deephsingh@gmail.com

**Literary Advisor**
**Gurbachan Singh Brar**
Calgary (NE) Alberta
403-470-2628
brargurbachan@yahoo.ca

**Advisory Board**
**Narbhinder Singh (India)**
935-443-0211

**Buta Singh Nawan Shahr (India)**
946-347-4342
atoozed@gmail.com

**Jaswant Zirakh (India)**
98151-69825
jaswantzirakh@gmail.com

**Harnek Dhaliwal, Winnipeg**
(Manitoba)
204-488-6960

**Parshotam Dosanjh, Surrey (BC)**
1-604-512-8371

**Sukhdev Singh Sandhu (Toronto)**

**Master Balbir Singh Gill (Toronto)**

**Jaspreet Dhaliwal (Toronto)**

**Randeep Singh (India)**
09855695905
rvs0001@gmail.com

**Baljinder Singh**
Graphic Desinger
+91-98782-29598
+91-92167-29598
akashdeep.1064@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

ਮਹੀਨੇ ਪਹਿਲਾਂ 'ਆਪ' ਵਿੱਚ ਸ਼ਾਮਿਲ ਹੋਏ ਹਾਸ-ਰਸ ਕਲਾਕਾਰ ਤੇ ਐਕਟਰ ਗੁਰਪ੍ਰੀਤ ਸਿੰਘ ਘੁੱਗੀ ਨੂੰ ਕਨਵੀਨਰ ਥਾਪ ਦਿੱਤਾ ਗਿਆ। ਇਹ ਅਰਵਿੰਦ ਕੇਜਰੀਵਾਲ ਤੇ ਉਸ ਦੀ 'ਆਪ' ਦੀ ਸੋਚਣੀ ਦੇ ਨਿਘਾਰ ਤੇ ਗ਼ੈਰ-ਸੰਜੀਦਗੀ ਦਾ ਸਿਖ਼ਰ ਹੈ। ਪਹਿਲਾਂ ਭਗਵੰਤ ਮਾਨ ਵੀ ਸਦਾਚਾਰਕ ਖੇਤਰ ਵਿੱਚ 'ਕਾਫ਼ੀ ਨਾਮਣਾ' ਖੱਟ ਚੁੱਕਾ ਹੈ ਤੇ ਹੁਣ ਸ਼ਾਇਦ ਰਹਿੰਦਾ ਕੰਮ ਘੁੱਗੀ ਜ਼ਿੰਮੇ ਲੱਗਾ ਹੈ। ਜ਼ਰੂਰੀ ਨਹੀਂ ਚੰਗਾ 'ਲਤੀਫ਼ੇਬਾਜ਼' ਜਾਂ 'ਹਾਸ-ਰਸ ਕਲਾਕਾਰ' ਚੰਗਾ ਰਾਜਨੀਤੀਵਾਨ ਤੇ ਅਰਥ-ਸ਼ਾਸ਼ਤਰੀ ਵੀ ਹੋਵੇ, ਜਿਸ ਦੀ ਲੋਕਾਂ ਨੂੰ ਜ਼ਰੂਰਤ ਹੈ। 'ਆਪ' ਸਮੇਤ ਕੁਝ ਰਾਜਨੀਤਕ ਪਾਰਟੀਆਂ ਸਿਰਫ਼ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਲਈ ਹੀ ਰਾਜਨੀਤੀ ਦੇ ਮੈਦਾਨ ਵਿੱਚ ਹਨ, ਇਸ ਮੰਤਵ ਲਈ ਇਨ੍ਹਾਂ ਵਾਸਤੇ ਕੋਈ ਵੀ ਢੰਗ ਵਾਜਬ ਹੈ। ਅੱਜ ਥਾਂ ਥਾਂ 'ਆਪ' ਦੇ ਲੋਕ ਆਪਣੇ ਆਗੂਆਂ ਉੱਪਰ ਪੈਸੇ ਲੈ ਕੇ ਟਿਕਟ ਵੇਚਣ, ਹੋਟਲਾਂ ਵਿੱਚ ਅਯਾਸ਼ੀ ਕਰਨ ਅਤੇ ਹੋਰ ਕਈ ਤਰ੍ਹਾਂ ਦੇ ਇਤਰਾਜ਼ਯੋਗ ਕੰਮ ਕਰਨ ਦੇ ਦੋਸ਼ ਲਗਾ ਰਹੇ ਹਨ।

ਸਰਮਾਏਦਾਰ ਪਾਰਟੀਆਂ ਵਿੱਚ ਕਿਸੇ ਕਿਸਮ ਦੀ ਜਮਹੂਰੀਅਤ ਨਹੀਂ ਹੁੰਦੀ, ਇਸ ਲਈ ਸਿਰਫ਼ 'ਸੁਪਰੀਮੋ' ਦੇ ਹੱਥ ਵਿੱਚ ਸਾਰੀ ਸ਼ਕਤੀ ਕੇਂਦਰਿਤ ਹੁੰਦੀ ਹੈ। ਕਾਂਗਰਸ, ਭਾਜਪਾ, ਅਕਾਲੀ ਦਲ, ਬਸਪਾ ਤੋਂ ਬਾਅਦ 'ਆਪ' ਵੀ ਇਸੇ ਪ੍ਰੰਪਰਾ ਦੀ ਧਾਰਨੀ ਹੋ ਗਈ ਹੈ। 'ਆਪ' ਕਿਉਂਕਿ 'ਸਵਰਾਜ' 'ਲੋਕ ਰਾਜ' 'ਭ੍ਰਿਸ਼ਟਾਚਾਰ ਵਿਰੋਧੀ' 'ਸਦਾਚਾਰਕ ਕਦਰਾਂ ਕੀਮਤਾਂ ਦੀ ਰਾਖੀ' ਆਦਿ ਵਰਗੇ ਪਵਿੱਤਰ ਨਾਅਰੇ ਲਗਾ ਕੇ ਲੋਕਾਂ ਨੂੰ ਭਰਮਾ ਰਹੀ ਹੈ, ਇਸ ਲਈ ਇਸ ਵਿੱਚ ਲੋਕ ਰਾਜੀ ਤੇ ਸਦਾਚਾਰਕ ਕੀਮਤਾਂ ਦਾ ਘਾਣ ਹੁੰਦਾ ਦੇਖ ਕੇ ਜ਼ਿਆਦਾ ਤਕਲੀਫ਼ ਤੇ ਹੈਰਾਨੀ ਹੁੰਦੀ ਹੈ।

ਜਦੋਂ ਪੰਜਾਬ ਅੰਦਰ ਜਨਵਰੀ-ਫਰਵਰੀ 2017 ਵਿੱਚ ਅਸੈਂਬਲੀ ਲਈ ਵੋਟਾਂ ਪੈਣ ਜਾ ਰਹੀਆਂ ਹਨ ਤਾਂ ਜ਼ਰੂਰਤ ਹੈ ਕਿ ਅਜਿਹੀ ਰਾਜਸੀ ਧਿਰ ਦੀ ਮਦਦ ਕੀਤੀ ਜਾਵੇ ਜੋ ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ ਅਤੇ ਬੇਰੁਜ਼ਗਾਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰ ਸਕੇ। ਸੂਬੇ ਵਿੱਚ ਅਮਨ-ਕਾਨੂੰਨ ਨੂੰ ਬਹਾਲ ਕਰੇ ਅਤੇ ਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰੇ। ਅਜਿਹਾ ਕਰਨ ਨਾਲ ਹੀ ਪੁੰਗਰ ਰਹੀ ਨਵੀਂ ਪੀੜ੍ਹੀ ਨੂੰ ਸਨਮਾਨਜਨਕ ਜ਼ਿੰਦਗੀ ਜਿਉਣ ਦਾ ਹੱਕ ਮਿਲ ਸਕਦਾ ਹੈ। ਮਹਿੰਗਾਈ ਉੱਪਰ ਲਗ਼ਾਮ ਲਾਉਣੀ ਇੱਕ ਹੋਰ ਵੱਡਾ ਕਾਰਜ ਹੈ। ਨਵੀਂ ਸਰਕਾਰ ਸਾਹਮਣੇ ਗੁੰਡਾ ਤੇ ਮਾਫੀਆ ਰਾਜ ਦਾ ਖ਼ਾਤਮਾ, ਮਜ਼ਦੂਰਾਂ ਤੇ ਕਿਸਾਨੀ ਖ਼ੁਦਕੁਸ਼ੀਆਂ ਨੂੰ ਰੋਕ ਕੇ ਉਨ੍ਹਾਂ ਦੇ ਸਾਰੇ ਕਰਜ਼ਿਆਂ ਉੱਪਰ ਲੀਕ ਮਾਰਨਾ, ਸਿਹਤ ਤੇ ਵਿੱਦਿਆ ਸਮੇਤ ਹੋਰ ਸਮਾਜਿਕ ਸਹੂਲਤਾਂ ਦਾ ਸਰਕਾਰੀ ਇੰਤਜ਼ਾਮ ਕਰਨਾ, ਸਮਾਜਿਕ ਉਤਪੀੜਨ ਉੱਪਰ ਪੂਰਨ ਰੋਕ, ਵਾਤਾਵਰਣ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਬੰਦ ਕਰਕੇ ਜਨ-ਸਾਧਾਰਨ ਲਈ ਸ਼ੁੱਧ ਪਾਣੀ ਤੇ ਵਾਤਾਵਰਣ ਮੁਹੱਈਆ ਕਰਾਉਣਾ ਆਦਿ ਬੁਨਿਆਦੀ ਕੰਮ ਹਨ, ਜਿਨ੍ਹਾਂ ਨੂੰ ਪਹਿਲ ਦੇ ਆਧਾਰ ਉੱਪਰ ਹੱਲ ਕਰਨ ਦੀ ਜ਼ਰੂਰਤ ਹੈ। ਕਾਨੂੰਨ ਪ੍ਰਬੰਧ ਦੀ ਵਿਵਸਥਾ ਵੀ ਇਕੱਲੀ ਪੁਲੀਸ ਜਾਂ ਅਰਧ ਸੈਨਿਕ ਬਲਾਂ ਦੀ ਮੌਜੂਦਗੀ ਨਾਲ ਨਹੀਂ ਸੁਧਰਨੀ, ਸਗੋਂ ਲੋਕਾਂ ਨੂੰ ਵਿੱਦਿਆ, ਰੁਜ਼ਗਾਰ ਤੇ ਚੰਗੀਆਂ ਜੀਵਨ ਹਾਲਤਾਂ ਦੇ ਕੇ ਹੀ ਇਸ ਨੂੰ ਠੀਕ ਕੀਤਾ ਜਾ ਸਕਦਾ ਹੈ। ਰੋਜ਼ਾਨਾ ਜ਼ਿੰਦਗੀ ਦੀਆਂ ਮੁਸ਼ਕਿਲਾਂ ਤੋਂ ਪਰੇਸ਼ਾਨ ਸਾਧਾਰਨ ਵਿਅਕਤੀ ਕੁਰਲਾ ਰਿਹਾ ਹੈ। ਧਨ ਤੇ ਗੁੰਡਾ ਸ਼ਕਤੀ ਦੇ ਆਸਰੇ ਚੋਣਾਂ ਜਿੱਤਣ ਵਾਲਿਆਂ ਨੂੰ ਕਰੜੇ ਹੱਥੀਂ ਲੈਣ ਦੀ ਜ਼ਰੂਰਤ ਹੈ। ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਤਾਂ ਮੌਜੂਦਾ ਨਵਉਦਾਰਵਾਦੀ ਆਰਥਿਕ ਨੀਤੀਆਂ, ਜੋ ਦੇਸੀ ਤੇ ਵਿਦੇਸ਼ੀ ਧਨੀਆਂ ਦੇ ਮੁਨਾਫ਼ਿਆਂ ਨੂੰ ਕੌੜੀ ਵੇਲ ਵਾਂਗ ਵਧਾ ਰਹੀਆਂ ਹਨ, ਨੂੰ ਬੰਦ ਕਰਕੇ ਅਤੇ ਕਾਰਪੋਰੇਟ ਘਰਾਣਿਆਂ ਦੀਆਂ ਜਾਇਦਾਦਾਂ ਦੇ ਬੇਰੋਕ ਵਾਧੇ ਉੱਪਰ ਰੋਕ ਲਗਾ ਕੇ ਇਸ ਤੋਂ ਪੈਦਾ ਹੋਏ ਵਿੱਤੀ ਸਾਧਨਾਂ ਨੂੰ ਆਮ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਰਤੇ ਜਾਣ ਨਾਲ ਹੀ ਹੋ ਸਕਦਾ ਹੈ। ਮੌਜੂਦਾ ਵਿਕਾਸ ਮਾਡਲ, ਜੋ ਅਮੀਰਾਂ ਤੇ ਗ਼ਰੀਬਾਂ ਵਿਚਕਾਰ ਆਰਥਕ ਪਾੜੇ ਨੂੰ ਵਧਾਉਂਦਾ ਹੈ, ਨੂੰ ਤਿਆਗ ਕੇ ਇੱਕ ਲੋਕ-ਪੱਖੀ ਵਿਕਾਸ ਮਾਡਲ ਅਪਣਾਇਆ ਜਾਣਾ ਚਾਹੀਦਾ ਹੈ। ਇਹ ਵਿਕਾਸ ਮਾਡਲ ਮੌਜੂਦਾ ਵਿਕਾਸ ਮਾਡਲ ਦੇ ਪੂਰੀ ਤਰ੍ਹਾਂ ਉਲਟ ਹੈ ਤੇ ਕਾਰਪੋਰੇਟ ਘਰਾਣਿਆਂ ਨੂੰ ਨੱਥ ਪਾਏ ਬਿਨਾਂ ਸਥਾਪਿਤ ਨਹੀਂ ਕੀਤਾ ਜਾ ਸਕਦਾ।

ਸੱਤਾ ਦੀਆਂ ਪ੍ਰਮੁੱਖ ਦਾਅਵੇਦਾਰ ਤਿੰਨੇ ਧਿਰਾਂ ਅਕਾਲੀ ਦਲ-ਭਾਜਪਾ ਗਠਜੋੜ, ਕਾਂਗਰਸ ਤੇ 'ਆਪ' ਇਨ੍ਹਾਂ ਉਪਰੋਕਤ ਮੁੱਦਿਆਂ ਬਾਰੇ ਨਾ ਗੰਭੀਰ ਹਨ ਤੇ ਨਾ ਹੀ ਉਨ੍ਹਾਂ ਕੋਲ ਇਨ੍ਹਾਂ ਨੂੰ ਹੱਲ ਕਰਨ ਦੀ ਰਾਜਸੀ ਇੱਛਾ ਸ਼ਕਤੀ ਹੈ। ਪੰਜਾਬ ਦੇ ਸਾਧਾਰਨ ਲੋਕਾਂ ਨੂੰ ਸਥਾਪਿਤ ਪਹਿਲੀ, ਦੂਜੀ ਜਾਂ ਤੀਜੀ ਰਾਜਨੀਤਕ ਧਿਰ ਨਹੀਂ ਬਲਕਿ ਲੁਟੇਰੀਆਂ ਜਮਾਤਾਂ ਦੀਆਂ ਸਾਰੀਆਂ ਧਿਰਾਂ ਨੂੰ ਇੱਕੋ ਥੈਲੀ ਦੇ ਚੱਟੇ-ਵੱਟੇ ਸਮਝਦਿਆਂ ਇੱਕ ਦੂਜੀ ਲੋਕ-ਪੱਖੀ ਰਾਜਨੀਤਕ ਧਿਰ ਦੀ ਜ਼ਰੂਰਤ ਹੈ, ਜੋ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਦੀ ਏਕਤਾ ਰਾਹੀਂ ਹੀ ਉਸਾਰੀ ਜਾ ਸਕਦੀ ਹੈ। ਕੋਈ ਰਾਜਸੀ ਮੁਤਬਾਦਲ ਕਿਸੇ ਇੱਕ ਪਾਰਟੀ ਜਾਂ ਪਾਰਟੀਆਂ ਦੇ ਮਿਸ਼ਰਣ ਨਾਲ ਨਹੀਂ ਬਣਦਾ ਬਲਕਿ ਅਗਾਂਹਵਧੂ ਬਦਲਵੀਆਂ ਆਰਥਿਕ ਨੀਤੀਆਂ ਦੇ ਆਧਾਰ ਉੱਪਰ ਹੀ ਉਸਾਰਿਆ ਜਾ ਸਕਦਾ ਹੈ।

# ਪੱਤਰਕਾਰ ਪ੍ਰਭਾਤ ਸਿੰਘ ਦੀ ਰਿਹਾਈ ਲਈ ਆਵਾਜ਼ ਉਠਾਓ !

ਦਾਂਤੇਵਾੜਾ ਅਧਾਰਤ ਪੱਤਰਕਾਰ ਪ੍ਰਭਾਤ ਸਿੰਘ ਪਿਛਲੇ ਚਾਰ ਦਿਨਾਂ ਤੋਂ ਦੁਬਾਰਾ ਲਾਪਤਾ ਹੈ। ਖਦਸ਼ਾ ਹੈ ਕਿ ਉਸ ਨੂੰ ਦਾਂਤੇਵਾੜਾ ਪੁਲਿਸ ਵਲੋਂ ਦੁਬਾਰਾ ਕਿਸੇ ਮਾਮਲੇ ਵਿਚ ਫਸਾਉਣ ਲਈ ਅਗਵਾ ਕਰ ਲਿਆ ਗਿਆ ਹੈ। ਇਸ ਸਾਲ ਦੇ ਸ਼ੁਰੂ ਵਿਚ ਉਸ ਨੂੰ ਪੁਲਿਸ ਨੇ ਵੱਟਸਐਪ ਗਰੁੱਪ ਉੱਪਰ ਪੁਲਿਸ ਅਧਿਕਾਰੀਆਂ ਉੱਪਰ ਟਿੱਪਣੀਆਂ ਕਰਨ ਦੇ ਇਲਜ਼ਾਮ ਵਿਚ ਚੁੱਕਕੇ ਕਈ ਮਹੀਨੇ ਜੇਲ੍ਹ ਵਿਚ ਬੰਦ ਰੱਖਿਆ ਸੀ। 16 ਸਤਬੰਰ ਨੂੰ ਪ੍ਰਭਾਤ ਸਿੰਘ ਨੇ ਵੱਟਸਐੱਪ ਉੱਪਰ ਸ਼ਾਮ ਨੂੰ ਸਾਢੇ ਚਾਰ ਵਜੇ ਆਖ਼ਰੀ ਮੈਸੇਜ ਪਾਇਆ ਸੀ – "ਪੁਲਿਸ, ਸਰਕਾਰ ਦੇ ਇਸ਼ਾਰੇ ਤੇ ਮੇਰੀ ਜ਼ੁਬਾਨ ਦੁਬਾਰਾ ਬੰਦ ਕਰਨ ਦਾ ਯਤਨ ਕਰ ਰਹੀ ਹੈ। ਮੈਨੂੰ ਡਰ ਹੈ ਕਿ ਮੈਨੂੰ ਅਗਵਾ ਕਰ ਲਿਆ ਜਾਵੇਗਾ।" ਉਸਨੇ ਆਪਣੇ ਮੈਸੇਜ ਦੇ ਨਾਲ ਇਕ ਆਡੀਓ ਕਲਿੱਪ ਵੀ ਨੱਥੀ ਕੀਤਾ ਸੀ ਜਿਸ ਵਿਚ ਥਾਣਾ ਮੁਖੀ ਉਸ ਨੂੰ ਧਮਕੀਆਂ ਦਿੰਦਾ ਸਪਸ਼ਟ ਸੁਣਾਈ ਦਿੰਦਾ ਹੈ। ਉਸਦੇ ਸਾਥੀ ਪੱਤਰਕਾਰਾਂ ਦਾ ਕਹਿਣਾ ਹੈ ਕਿ ਗ੍ਰਿਫ਼ਤਾਰੀ ਕਾ ਡਰ ਨਹੀ. ਉਸਦੀ ਜ਼ਿੰਦਗੀ ਕਾ ਹੈ।" ਇਨ੍ਹਾਂ ਦਿਨਾਂ ਵਿਚ ਉਸਨੇ ਅਖਾਉਤੀ ਐੱਨ ਜੀ ਓ ਅਗਨੀ ਬਾਰੇ ਖੁੱਲ੍ਹਕੇ ਲਿਖਿਆ ਸੀ ਜੋ ਦਰਅਸਲ ਪੁਲਿਸ ਦੀ ਛੱਤਰਛਾਇਆ ਹੇਠ ਬਣਾਇਆ ਮੁਜਰਿਮ ਗਰੋਹ ਹੈ ਜੋ ਪੁਲਿਸ ਜ਼ੁਲਮਾਂ ਦੇ ਹੱਕ ਵਿਚ ਅਤੇ ਆਦਿਵਾਸੀਆਂ ਉੱਪਰ ਜ਼ੁਲਮਾਂ ਦਾ ਵਿਰੋਧ ਕਰਨ ਵਾਲਿਆਂ ਨੂੰ ਧਮਕਾਉਣ ਤੇ ਖ਼ਾਮੋਸ਼ ਕਰ ਲਈ ਬਣਾਇਆ ਗਿਆ ਹੈ।

ਜਦੋਂ ਅਖਿਨ ਭਾਰਤੀਯ ਪੱਤਰਕਾਰ ਸੁਰੱਕਸ਼ਾ ਸੰਮਤੀ ਦੇ ਜਨਰਲ ਸਕੱਤਰ ਸ਼ਹਿਨਾਜ਼ ਮਲਿਕ ਨੇ ਬਸਤਰ ਦੇ ਆਈ ਜੀ ਕਲੂਰੀ ਨੂੰ ਫ਼ੋਨ ਕਰਕੇ ਇਸ ਬਾਰੇ ਸਪਸ਼ਟੀਕਰਨ ਮੰਗਿਆ ਤਾਂ ਇਸ ਹੈਂਕੜਬਾਜ਼ ਅਧਿਕਾਰੀ ਦਾ ਜਵਾਬ ਸੀ: ਵੋਹ ਪੱਤਰਕਾਰ ਨਹੀਂ, ਨਕਸਲੀ ਹੈ। ਗੁਜਰਾਤ ਮੇਂ ਬੈਠੇ ਬੈਠੇ ਕੈਸੇ ਆਪਕੋ ਸਪਨਾ ਆ ਗਯਾ ਕੀ ਵੋ ਪੱਤਰਕਾਰ ਹੈ?"

ਇਹੀ ਕਲੂਰੀ ਇਸ ਵਕਤ ਬਸਤਰ ਖੇਤਰ ਵਿਚ ਬੇਕਸੂਰ ਆਮ ਆਦਿਵਾਸੀਆਂ ਨੂੰ ਅਗਵਾ ਕਰਕੇ ਫਰਜ਼ੀ ਮੁਕਾਬਲਿਆਂ ਵਿਚ ਮਾਰ ਖਪਾਉਣ ਅਤੇ ਮਾਓਵਾਦੀਆਂ ਦੇ ਨਕਲੀ ਆਤਮ-ਸਮਰਪਣ ਦੇ ਡਰਾਮੇ ਰਚਣ ਦਾ ਮੁੱਖ ਕਰਤਾ-ਧਰਤਾ ਹੈ। ਪ੍ਰਭਾਤ ਸਿੰਘ ਅਤੇ ਮਾਲਿਨੀ ਸੁਬਰਾਮਨੀਅਮ ਵਰਗੇ ਪੱਤਰਕਾਰ ਜਦੋਂ ਇਸਦੇ ਰਚਾਏ ਝੂਠੇ ਮੁਕਾਬਲਿਆਂ ਅਤੇ ਝੂਠੇ ਆਤਮ-ਸਮਰਪਣਾਂ ਦਾ ਪਰਦਾਫਾਸ਼ ਕਰਦੇ ਹਨ ਤਾਂ ਉਨ੍ਹਾਂ ਨੂੰ ਸ਼ਰੇਆਮ ਡਰਾਇਆ ਧਮਕਾਇਆ ਜਾਂਦਾ ਹੈ ਅਤੇ ਜੇਲ੍ਹਾਂ ਵਿਚ ਸੁੱਟਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ।






# ਲੋਕ ਭਲਾਈ ਦੇ ਨਾਂ ਹੇਠ ਬੱਚੀਆਂ ਨੂੰ ਵਰਗਲਾਉਣ 'ਚ ਜੁੱਟਿਆ ਸੰਘ ਪਰਿਵਾਰ



ਬੂਟਾ ਸਿੰਘ, ਨਵਾਂ ਸ਼ਹਿਰ
94634-74342

ਹਾਲ ਹੀ ਵਿਚ 29 ਜੁਲਾਈ 2016 ਨੂੰ ਹਫ਼ਤਾਵਾਰ ਅੰਗਰੇਜ਼ੀ ਰਸਾਲੇ ਆਊਟਲੁੱਕ ਨੇ ਉਪਰੇਸ਼ਨ 'ਬੇਟੀ ਉਠਾਓ' ਰਾਹੀਂ ਕਬਾਇਲੀ ਬੱਚੀਆਂ ਦੀ ਤਸਕਰੀ ਦਾ ਵੱਡਾ ਖ਼ੁਲਾਸਾ ਕੀਤਾ ਹੈ ਜਿਸ ਵਿਚ ਸੰਘ ਪਰਿਵਾਰ ਦੀਆਂ ਜਥੇਬੰਦੀਆਂ ਵਸੀਹ ਪੈਮਾਨੇ 'ਤੇ ਜੁੱਟੀਆਂ ਹੋਈਆਂ ਹਨ। ਸਟਿੰਗ ਵੈੱਬਸਾਈਟ ਕੋਬਰਾ ਪੋਸਟ ਵਲੋਂ ਵੀ ਇਸਦੇ ਸਮਾਂਤਰ 'ਉਪਰੇਸ਼ਨ ਸ਼ੁੱਧੀਕਰਨ' ਨਾਂ ਦੀ ਸਟਿੰਗ ਜਾਂਚ ਕੀਤੀ ਗਈ ਜੋ ਆਊਟਲੁੱਕ ਵਲੋਂ ਸਾਹਮਣੇ ਲਿਆਂਦੀ ਡੂੰਘੀ ਸਾਜ਼ਿਸ਼ ਦੀ ਤਸਦੀਕ ਕਰਦੀ ਹੈ।

'ਬੇਟੀ ਬਚਾਓ, ਬੇਟੀ ਪੜ੍ਹਾਓ' ਦੇ ਨਾਅਰੇ ਦੇਕੇ ਮੋਦੀ ਸਰਕਾਰ ਇਹ ਸਾਬਤ ਕਰਨ ਦਾ ਯਤਨ ਕਰ ਰਹੀ ਹੈ ਕਿ ਉਸ ਨੂੰ ਮੁਲਕ ਦੀਆਂ ਬੱਚੀਆਂ ਦੇ ਭਵਿੱਖ ਦਾ ਬਹੁਤ ਫ਼ਿਕਰ ਹੈ। ਜਦਕਿ ਹਕੀਕਤ ਇਹ ਹੈ ਕਿ ਜੁਮਲਾ ਸਰਕਾਰ ਦੀ ਧਿਆਨ ਭਟਕਾਊ ਪ੍ਰਚਾਰ ਮੁਹਿੰਮ ਦੇ ਪਰਦੇ ਓਹਲੇ ਸੰਘ ਪਰਿਵਾਰ ਦੀਆਂ ਹੋਰ ਸੰਸਥਾਵਾਂ ਆਰ.ਐੱਸ.ਐੱਸ. ਦਾ ਸਾਜ਼ਿਸ਼ੀ ਏਜੰਡਾ ਹੋਰ ਵੀ ਜ਼ੋਰਸ਼ੋਰ ਨਾਲ ਲਾਗੂ ਕਰਦੇ ਹੋਏ ਬੱਚੀਆਂ ਦੇ ਦਿਮਾਗਾਂ ਵਿਚ ਹਿੰਦੂਤਵੀ ਜ਼ਹਿਰ ਦੇ ਟੀਕੇ ਲਾ ਰਹੀਆਂ ਹਨ ਅਤੇ ਧੜਾਧੜ ਆਪਣੇ ਪ੍ਰਚਾਰਕ ਤਿਆਰ ਕਰ ਰਹੀਆਂ ਹਨ। ਆਪਣੀ ਆਦਤ ਅਨੁਸਾਰ ਸੰਘੀਆਂ ਨੇ ਪੱਤਰਕਾਰ ਨੇਹਾ ਦੀਕਸ਼ਤ ਵਲੋਂ ਡੂੰਘੀ ਖੋਜ ਕਰਕੇ ਜੁਟਾਏ ਤੱਥਾਂ ਨੂੰ ਰੱਦ ਨਹੀਂ ਕੀਤਾ। ਸਗੋਂ ਰਿਪੋਰਟ ਛਪਦੇ ਸਾਰ ਸੰਘ ਦਾ ਤਾਣਾਬਾਣਾ ਫਾਸ਼ੀਵਾਦੀ ਹਮਲਿਆਂ 'ਤੇ ਉਤਰ ਆਇਆ। ਇਸ ਦੇ ਕਾਨੂੰਨੀ ਮਾਹਿਰ, ਵਕੀਲ ਅਤੇ ਹੋਰ ਕਾਰਕੁਨ ਇਕਦਮ ਸਰਗਰਮ ਹੋ ਗਏ। ਇਕ ਪਾਸੇ ਰਸਾਲੇ ਦੇ ਖ਼ਿਲਾਫ਼ ਸੋਸ਼ਲ ਮੀਡੀਆ ਉੱਪਰ ਧੂੰਆਂਧਾਰ ਹਮਲੇ ਸ਼ੁਰੂ ਕਰ ਦਿੱਤੇ ਗਏ, ਦੂਜੇ ਪਾਸੇ ਰਸਾਲੇ ਦੀ ਮੈਨੇਜਮੈਂਟ ਉੱਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ ਗਿਆ। ਨਤੀਜਾ ਸਭ ਦੇ ਸਾਹਮਣੇ ਸੀ। 13 ਅਗਸਤ ਨੂੰ ਆਊਟਲੁੱਕ ਵਲੋਂ ਬਿਨਾ ਕੋਈ ਵਿਆਖਿਆ ਦਿੱਤੇ ਸੰਪਾਦਕ ਕ੍ਰਿਸ਼ਨਾ ਪ੍ਰਸਾਦ ਨੂੰ ਹਟਾਕੇ ਰਾਜੇਸ਼ ਰਾਮਾਚੰਦਰਨ ਨੂੰ ਮੁੱਖ ਸੰਪਾਦਕ ਬਣਾ ਦਿੱਤਾ ਗਿਆ। ਇਹ ਰੱਦੋਬਦਲ ਰੁਟੀਨ ਵਿਚ ਨਹੀਂ ਸੀ। ਭਾਜਪਾ ਵਰਕਰਾਂ ਨੇ ਸੰਘ ਦੇ ਇਸ਼ਾਰੇ 'ਤੇ ਅਦਾਲਤਾਂ ਅਤੇ ਰਾਜ-ਮਸ਼ੀਨਰੀ ਨੂੰ ਵਰਤਕੇ 4 ਅਗਸਤ ਨੂੰ ਗੁਹਾਟੀ ਵਿਚ ਪੱਤਰਕਾਰ ਨੇਹਾ ਦੀਕਸ਼ਤ, ਸੰਪਾਦਕ ਕ੍ਰਿਸ਼ਨਾ ਪ੍ਰਸਾਦ ਅਤੇ ਆਊਟਲੁੱਕ ਦੇ ਪ੍ਰਕਾਸ਼ਕ ਦੇ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰਵਾ ਦਿੱਤੀ ਸੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰਨ ਦੀ ਥਾਂ ਇਸ ਤਸਕਰੀ ਨੂੰ ਬੇਨਕਾਬ ਕਰਨ ਵਾਲੀ ਪੱਤਰਕਾਰ ਅਤੇ ਰਸਾਲੇ ਵਿਰੁੱਧ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਸੀ।

ਆਊਟਲੁੱਕ ਦਾ ਖ਼ੁਲਾਸਾ ਕੀ ਸੀ: ਤਿੰਨ ਮਹੀਨੇ ਦੀ ਡੂੰਘੀ ਖੋਜ ਤੋਂ ਬਾਦ ਇਨਾਮ-ਸਨਮਾਨ ਜੇਤੂ ਪੱਤਰਕਾਰ ਨੇਹਾ ਦੀਕਸ਼ਤ ਨੇ ਸਾਹਮਣੇ ਲਿਆਂਦਾ ਕਿ 9 ਜੂਨ 2015 ਨੂੰ ਰਾਸ਼ਟਰ ਸੇਵਿਕਾ ਸੰਮਤੀ ਅਤੇ ਸੇਵਾ ਭਾਰਤੀ ਨਾਂ ਦੀਆਂ ਦੋ ਸੰਸਥਾਵਾਂ ਦੀਆਂ ਦੋ ਔਰਤ ਕਾਰਕੁੰਨ ਕੋਰੋਬੀ ਬਸੂਮਾਤਾਰੀ ਅਤੇ ਸੰਧਿਆਬੇਨ ਟਿਕੜੇ ਵਲੋਂ ਅਸਾਮ ਦੇ ਪੰਜ ਸਰਹੱਦੀ ਜ਼ਿਲ੍ਹਿਆਂ - ਕੋਕਰਾਝਾਰ, ਗੋਲਪਾਰਾ, ਧੁਬਰੀ, ਚਿਰੰਗ ਅਤੇ ਬੋਂਗਾਈਗਾਓਂ - ਤੋਂ 3 ਸਾਲ ਤੋਂ ਲੈਕੇ ਤੇਰਾਂ ਸਾਲ ਦੀਆਂ 31 ਬੱਚੀਆਂ ਨੂੰ ਇਸ ਵਾਅਦੇ ਨਾਲ ਉਨ੍ਹਾਂ ਦੇ ਮਾਪਿਆਂ ਕੋਲੋਂ ਅਲੱਗ ਕੀਤਾ ਗਿਆ ਕਿ ਉਨ੍ਹਾਂ ਨੂੰ ਪੰਜਾਬ ਅਤੇ ਗੁਜਰਾਤ ਵਿਚ ਬਿਹਤਰ ਸਹੂਲਤਾਂ ਵਾਲੇ ਸਕੂਲਾਂ ਵਿਚ ਪੜ੍ਹਾਇਆ ਜਾਵੇਗਾ।

ਜਦੋਂ ਇਸ ਤਸਕਰੀ ਦੀ ਭਿਣਕ ਪਈ ਤਾਂ ਇਸ ਤੋਂ ਇਕ ਹਫ਼ਤੇ ਬਾਦ ਹੀ ਅਸਾਮ ਰਾਜ ਦੇ ਬੱਚਿਆਂ ਦੇ ਹੱਕਾਂ ਲਈ ਕਮਿਸ਼ਨ ਨੇ ਐਡੀਸ਼ਨਲ ਡੀ.ਜੀ.ਪੀ., ਸੀ.ਆਈ.ਡੀ., ਅਸਾਮ ਪੁਲਿਸ ਨੂੰ ਚਿੱਠੀ ਲਿਖੀ ਅਤੇ ਬਾਲ ਹੱਕਾਂ ਦੀ ਸੁਰੱਖਿਆ ਬਾਰੇ ਕੌਮੀ ਕਮਿਸ਼ਨ ਨੂੰ ਵੀ ਇਹ ਚਿੱਠੀ ਮਾਰਕ ਕਰ ਦਿੱਤੀ ਗਈ। ਕਮਿਸ਼ਨ ਨੇ ਸੰਘ ਪਰਿਵਾਰ ਦੀਆਂ ਇਨ੍ਹਾਂ ਸੰਸਥਾਵਾਂ ਦੀ ਇਸ ਮੁਹਿੰਮ ਨੂੰ "ਨਾਬਾਲਗ ਜਸਟਿਸ ਐਕਟ 2000 ਦੀ ਵਿਵਸਥਾ ਵਿਰੁੱਧ" ਕਾਰਵਾਈ ਅਤੇ "ਬੱਚਿਆਂ ਦੀ ਤਸਕਰੀ ਦੇ ਤੁਲ" ਕਰਾਰ ਦੇਕੇ ਪੁਲਿਸ ਨੂੰ ਮਾਮਲੇ ਦੀ ਤਫ਼ਤੀਸ਼ ਕਰਨ ਅਤੇ "31 ਬੱਚੀਆਂ ਨੂੰ ਵਾਪਸ ਅਸਾਮ ਲਿਆਉਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ" ਲਈ ਕਿਹਾ। ਪੰਜਾਬ ਅਤੇ ਗੁਜਰਾਤ ਦੀਆਂ ਸੂਬਾ ਸਰਕਾਰਾਂ ਦੀ ਮਦਦ ਨਾਲ ਸੰਘ ਦੀਆਂ ਜਥੇਬੰਦੀਆਂ ਵਲੋਂ ਇਨ੍ਹਾਂ ਬੱਚੀਆਂ ਨੂੰ ਅਸਾਮ ਵਾਪਸ ਭੇਜਣ ਦੇ ਹੁਕਮਾਂ ਨੂੰ ਪੈਰਾਂ ਥੱਲੇ ਰੋਲ ਦਿੱਤਾ ਗਿਆ ਕਿਉਂਕਿ ਇਨ੍ਹਾਂ ਦੋਹਾਂ ਸੂਬਿਆਂ ਅੰਦਰ ਭਾਜਪਾ ਸੱਤਾ ਵਿਚ ਹੈ। ਪੰਜ ਦਿਨ ਦੀ ਮੋਹਲਤ ਦੇਣ ਦੇ ਬਾਵਜੂਦ ਪੁਲਿਸ ਵਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ ਕਿਉਂਕਿ ਕੌਮੀ ਕਮਿਸ਼ਨ ਭਾਜਪਾ ਦੀ ਕੇਂਦਰ ਸਰਕਾਰ ਦੇ ਅਧੀਨ ਹੈ। ਸੇਵਾ ਭਾਰਤੀ, ਵਿਦਿਆ ਭਾਰਤੀ ਅਤੇ ਰਾਸ਼ਟਰ ਸੇਵਿਕਾ ਸੰਮਤੀ ਵਲੋਂ ਇਨ੍ਹਾਂ ਬੱਚੀਆਂ ਨੂੰ ਬਾਲ ਭਲਾਈ ਕਮਿਸ਼ਨ ਅੱਗੇ ਪੇਸ਼ ਨਹੀਂ ਕੀਤਾ ਗਿਆ ਨਾ ਹੀ ਅਸਾਮ ਵਿੱਚੋਂ ਲੈ ਕੇ ਜਾਣ ਤੋਂ ਪਹਿਲਾਂ ਐੱਨ.ਓ.ਸੀ. ਲਿਆ ਗਿਆ ਸੀ ਜੋ ਕਿ ਲਾਜ਼ਮੀ ਹੈ।

ਜਦੋਂ ਮਾਮਲੇ ਤੋਂ ਪਰਦਾ ਉੱਠਦਾ ਨਜ਼ਰ ਆਇਆ ਤਾਂ ਸੰਘ ਦੀਆਂ ਇਨ੍ਹਾਂ ਸੰਸਥਾਵਾਂ ਨੇ ਨੋਟਰੀ ਪਬਲਿਕ ਅਤੇ ਜੁਡੀਸ਼ੀਅਲ ਮੈਜਿਸਟ੍ਰੇਟ ਅੱਗੇ ਸਾਰੇ ਬੱਚਿਆਂ ਦੇ ਮਾਪਿਆਂ ਤੋਂ ਗੁੰਮਰਾਹਕੁਨ ਹਲਫ਼ੀਆ ਬਿਆਨ ਇਹ ਸਾਬਤ ਕਰਨ ਲਈ ਲੈ ਲਏ ਕਿ ਸੰਸਥਾਵਾਂ ਵਲੋਂ ਲੋੜਵੰਦ ਪਰਿਵਾਰਾਂ ਦੀ ਰਜ਼ਾਮੰਦੀ ਨਾਲ ਬੱਚੀਆਂ ਨੂੰ ਲਿਜਾਇਆ ਗਿਆ ਹੈ। ਸਾਰੇ ਹਲਫ਼ੀਆ ਬਿਆਨਾਂ ਦੀ ਇਬਾਰਤ ਇਕ ਹੀ ਸੀ। ਜਿਸ ਵਿਚ ਕਿਹਾ ਗਿਆ ਸੀ ਕਿ 'ਉਹ ਰਾਹਤ ਕੈਂਪਾਂ ਵਿਚ ਰਹਿ ਰਹੇ ਸ਼ਰਨਾਰਥੀ ਹਨ, ਦੰਗਾ ਪੀੜਤ ਹੋਣ ਕਰਕੇ ਆਮਦਨੀ ਦਾ ਕੋਈ ਵਸੀਲਾ ਨਾ ਹੋਣ ਕਾਰਨ ਉਹ ਆਪਣੇ ਬੱਚਿਆਂ ਨੂੰ ਪੜ੍ਹਾ ਨਹੀਂ ਸਕਦੇ ਸੋ ਆਪਣੀ ਇੱਛਾ ਨਾਲ ਬਿਹਤਰ ਪੜ੍ਹਾਈ ਲਈ ਬੱਚੀ ਨੂੰ ਗੁਜਰਾਤ ਭੇਜ ਰਹੇ ਹਨ।' ਕਮਿਸ਼ਨ ਵਲੋਂ ਜਾਂਚ ਕਰਨ 'ਤੇ ਇਨ੍ਹਾਂ ਵਿੱਚੋਂ ਕੋਈ ਵੀ ਪਰਿਵਾਰ 'ਦੰਗਾ ਪੀੜਤ' ਨਹੀਂ ਮਿਲਿਆ। ਹਲਫ਼ੀਆ ਬਿਆਨ ਵਿਚ ਦਰਜ ਬੋਡੋ ਹਿੰਸਾ ਦਾ ਸਮਾਂ ਵੀ ਸਹੀ ਨਹੀਂ ਸੀ। ਜਦੋਂ ਜਾਂਚ ਨਾਲ ਇਨ੍ਹਾਂ ਦਾ ਝੂਠ ਬੇਨਕਾਬ ਹੋਣਾ ਸ਼ੁਰੂ ਹੋ ਗਿਆ ਤਾਂ ਸੰਘ ਦੇ ਉਸ ਵਰਕਰ ਵਲੋਂ ਜਾਂਚ ਅਧਿਕਾਰੀ ਨੂੰ ਧਮਕੀਆਂ ਦਿੱਤੀਆਂ ਗਈਆਂ ਜਿਸ ਦਾ ਕੁੜੀਆਂ ਨੂੰ ਭੇਜਣ ਵਿਚ ਹੱਥ ਸੀ। ਇਸ ਦੀ ਰਪਟ ਦਰਜ ਕਰਾਏ ਜਾਣ ਦੇ ਬਾਵਜੂਦ ਪੁਲਿਸ ਵਲੋਂ ਧਮਕੀਆਂ ਦੇਣ ਵਾਲੇ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ। ਮਾਪਿਆਂ ਕੋਲ ਹੁਣ ਆਪਣੀਆਂ ਬੱਚੀਆਂ ਨੂੰ ਇਨ੍ਹਾਂ ਸੰਸਥਾਵਾਂ ਦੇ ਸਪੁਰਦ ਕੀਤੇ ਜਾਣ ਦਾ ਕੋਈ ਦਸਤਾਵੇਜ਼ੀ ਸਬੂਤ ਨਹੀਂ ਹੈ। ਜਾਂਚ ਸ਼ੁਰੂ ਹੋਣ 'ਤੇ ਸੰਘ ਦੇ ਪ੍ਰਚਾਰਕਾਂ ਨੇ ਬੱਚਿਆਂ ਦੇ ਘਰਾਂ ਵਿਚ ਜਾਕੇ ਧੋਖੇ ਨਾਲ ਉਨ੍ਹਾਂ ਦੀਆਂ ਉਹ ਤਸਵੀਰਾਂ ਵੀ ਆਪਣੇ ਕਬਜ਼ੇ ਵਿਚ ਕਰ ਲਈਆਂ ਜੋ ਉਨ੍ਹਾਂ ਦੇ ਘਰਾਂ ਵਿਚ ਸਨ ਤਾਂ ਜੋ ਕੋਈ ਸਬੂਤ ਬਾਕੀ ਨਾ ਰਹੇ।



ਸੰਘ ਪਰਿਵਾਰ ਦੀਆਂ ਇਹ ਕਾਰਵਾਈਆਂ ਸੁਪਰੀਮ ਕੋਰਟ ਦੇ ਉਸ ਫ਼ੈਸਲੇ ਦੀ ਵੀ ਉਲੰਘਣਾ ਹਨ ਜਿਸਨੇ ਪਹਿਲੀ ਸਤੰਬਰ 2010 ਨੂੰ ਸਟੇਟ ਆਫ ਤਾਮਿਲਨਾਡੂ ਬਨਾਮ ਯੂਨੀਅਨ ਆਫ ਇੰਡੀਆ ਐਂਡ ਅਦਰਜ਼' ਮਾਮਲੇ ਵਿਚ ਇਕ ਸੂਬੇ ਤੋਂ ਦੂਜੇ ਸੂਬੇ ਵਿਚ ਬੱਚੇ ਵੱਡੇ ਪੈਮਾਨੇ 'ਤੇ ਭੇਜੇ ਜਾਣ ਦੇ ਮੱਦੇਨਜ਼ਰ "ਮਨੀਪੁਰ ਅਤੇ ਅਸਾਮ ਰਾਜਾਂ ਨੂੰ ਇਹ ਯਕੀਨੀ ਬਣਾਉਣ ਦਾ ਨਿਰਦੇਸ਼ ਦਿੱਤਾ ਸੀ ਕਿ ਅਗਲੇ ਹੁਕਮਾਂ ਤਕ 12 ਸਾਲ ਤੋਂ ਘੱਟ ਜਾਂ ਪ੍ਰਾਇਮਰੀ ਸਕੂਲ ਪੱਧਰ ਦੇ ਕਿਸੇ ਬੱਚੇ ਨੂੰ ਹੋਰ ਸੂਬਿਆਂ ਵਿਚ ਪੜ੍ਹਨ ਲਈ ਨਾ ਭੇਜਿਆ ਜਾਵੇ।" ਇਹ ਫ਼ੈਸਲਾ ਇਨ੍ਹਾਂ ਦੋਹਾਂ ਰਾਜਾਂ ਤੋਂ 76 ਬੱਚਿਆਂ ਦੀ ਤਸਕਰੀ ਦੇ ਮਾਮਲੇ ਦੀ ਜਾਂਚ ਪਿੱਛੋਂ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਤਾਮਿਲਨਾਡੂ ਵਿਚ ਈਸਾਈ ਮਿਸ਼ਨਰੀਆਂ ਵਲੋਂ ਚਲਾਏ ਜਾਂਦੇ "ਆਸ਼ਰਮਾਂ" ਵਿਚ ਭੇਜਿਆ ਗਿਆ ਸੀ। ਇਸ ਆਦੇਸ਼ ਦੇ ਬਾਵਜੂਦ ਅਸਾਮ ਸੀ.ਆਈ.ਡੀ. ਦੀ ਰਿਪੋਰਟ ਅਨੁਸਾਰ 2012-2015 ਦਰਮਿਆਨ ਅਸਾਮ ਵਿੱਚੋਂ 5000 ਤੋਂ ਉੱਪਰ ਬੱਚੇ ਲਾਪਤਾ ਹੋਏ। 2015 ਵਿਚ ਇਸ ਤਰ੍ਹਾਂ ਦੇ ਘੱਟੋਘੱਟ 800 ਬੱਚੇ ਲਾਪਤਾ ਹੋਏ। ਇਹ ਤਾਦਾਦ ਪੜ੍ਹਾਈ ਅਤੇ ਰੋਜ਼ਗਾਰ ਦੇ ਬਹਾਨੇ ਤਸਕਰੀ ਕੀਤੇ ਬੱਚਿਆਂ ਦੀ ਗਿਣਤੀ ਨਾਲ ਮੇਲ ਖਾਂਦੀ ਹੈ। ਇਸ ਤੋਂ ਪਤਾ ਚਲਦਾ ਹੈ ਕਿ ਬੱਚਿਆਂ ਦੇ ਲਾਪਤਾ ਹੋਣ ਪਿੱਛੇ ਸੰਘ ਪਰਿਵਾਰ ਦਾ ਬੱਚੀਆਂ ਨੂੰ ਧੋਖੇ ਨਾਲ ਦੂਜੇ ਸੂਬਿਆਂ ਅੰਦਰ ਆਪਣੇ ਅਖਾਉਤੀ ਸਕੂਲਾਂ ਵਿਚ ਭੇਜਣ ਲਈ ਸਰਗਰਮ ਤਾਣੇਬਾਣੇ ਦਾ ਹੱਥ ਹੈ।

ਅਸਾਮ ਦੇ ਸਰਹੱਦੀ ਇਲਾਕਿਆਂ ਵਿਚ ਸੰਘ ਦੀਆਂ ਜਥੇਬੰਦੀਆਂ ਨੇ ਵਿਆਪਕ ਜਾਲ ਵਿਛਾਇਆ ਹੋਇਆ ਹੈ। ਸੇਵਾ ਭਾਰਤੀ ਨਾਂ ਦੀ ਸੰਸਥਾ ਮੈਡੀਕਲ ਕੈਂਪ, ਖੇਡ੍ਹ ਕੈਂਪ ਆਦਿ ਸਮਾਜ ਭਲਾਈ ਦੇ ਕੰਮ ਕਰਦੀ ਹੈ। ਵਿਦਿਆ ਭਾਰਤੀ ਅਤੇ ਏਕਲ ਵਿਦਿਆਲਿਆ ਬੱਚਿਆਂ ਨੂੰ ਹਿੰਦੂ ਰਾਸ਼ਟਰਵਾਦੀ ਪੜ੍ਹਾਈ ਕਰਾਉਂਦੇ ਹਨ। ਵਣਵਾਸੀ ਕਲਿਆਣ ਆਸ਼ਰਮ ਅਤੇ ਵਣਬੰਧੂ ਪ੍ਰੀਸ਼ਦ ਕਬਾਇਲੀਆਂ ਦੀ 'ਭਲਾਈ' ਦਾ ਕੰਮ ਦੇਖਦੀਆਂ ਹਨ। ਇਨ੍ਹਾਂ ਸੰਸਥਾਵਾਂ ਰਾਹੀਂ ਸੰਘ ਦੇ ਪ੍ਰਚਾਰਕ ਹਿੰਦੂਤਵੀ ਵਿਚਾਰਧਾਰਾ ਨੂੰ ਦੂਰ-ਦਰਾਜ਼ ਇਲਾਕਿਆਂ ਵਿਚ ਫੈਲਾ ਰਹੇ ਹਨ। ਸੇਵਾ ਭਾਰਤੀ ਦੀ ਵੈੱਬ-ਸਾਈਟ ਅਨੁਸਾਰ ਉਸ ਵਲੋਂ ਹਿੰਦੁਸਤਾਨ ਵਿਚ 1.5 ਲੱਖ ਭਲਾਈ ਪ੍ਰੋਜੈਕਟ ਚਲਾਏ ਜਾ ਰਹੇ ਹਨ। ਉਹ ਨੌਜਵਾਨ ਕਬਾਇਲੀ ਕੁੜੀਆਂ ਅਤੇ ਮੁੰਡਿਆਂ ਲਈ ਹੋਸਟਲ ਅਤੇ ਗ਼ੈਰਰਸਮੀ ਸਿਖਿਆ ਕੇਂਦਰ ਵੀ ਚਲਾਉਂਦੇ ਹਨ।

ਸੇਵਾ ਭਾਰਤੀ 1978 'ਚ ਆਰ.ਐੱਸ.ਐੱਸ. ਦੇ ਤੀਜੇ ਸਰਸੰਘਚਾਲਕ ਬਾਲਾਸਾਹਿਬ ਦਿਓਰਸ ਵਲੋਂ ਸਮਾਜ ਦੇ ਹਾਸ਼ੀਆਗ੍ਰਸਤ ਹਿੱਸਿਆਂ ਉੱਪਰ ਧਿਆਨ ਕੇਂਦਰਤ ਕਰਨ ਲਈ ਬਣਾਈ ਗਈ ਸੀ। ਆਰ.ਐੱਸ.ਐੱਸ. ਦਾ ਇਕ ਚੋਟੀ ਦਾ ਅਧਿਕਾਰੀ ਅਖਿਲ ਭਾਰਤੀਆ ਸਹਿਸੇਵਾ ਪ੍ਰਮੁੱਖ ਇਸ ਜਥੇਬੰਦੀ ਦਾ ਮਾਰਗ-ਦਰਸ਼ਨ ਕਰਦਾ ਹੈ। ਇਸ ਨੂੰ ਆਰ.ਐੱਸ.ਐੱਸ. ਦੇ ਸਰਵਉੱਚ ਫ਼ੈਸਲੇ ਲੈਣ ਵਾਲੇ ਅਦਾਰੇ, ਅਖਿਲ ਭਾਰਤੀਆ ਪ੍ਰਤੀਨਿਧੀ ਸਭਾ, ਵਿਚ ਨੁਮਾਇੰਦਗੀ ਦਿੱਤੀ ਗਈ ਹੈ। ਇਸ ਤੋਂ ਪਤਾ ਲਗਦਾ ਹੈ ਕਿ ਸੇਵਾ ਭਾਰਤੀ ਦੀ ਸੰਘ ਦੀਆਂ ਜਥੇਬੰਦੀਆਂ ਅੰਦਰ ਕਿੰਨੀ ਬਾਰਸੂਖ਼ ਥਾਂ ਹੈ।

ਸੰਘ ਦੀ ਕਿਸੇ ਸਮਾਜ ਅੰਦਰ ਘੁਸਪੈਠ ਕਰਨ ਦੀ ਆਮ ਯੁੱਧਨੀਤੀ ਬਹੁਤ ਹੀ ਵਿਉਂਤਬਧ ਹੈ। ਪਹਿਲਾਂ, ਭਲਾਈ ਵਾਲੀ ਸੰਸਥਾ ਉਸ ਇਲਾਕੇ ਵਿਚ ਪੈਰ ਧਰਦੀ ਹੈ। ਉਹ ਜਨਤਕ ਅਧਾਰ ਤਿਆਰ ਕਰਦੇ ਹਨ, ਸੰਭਾਵੀ ਸਿਖਾਂਦਰੂਆਂ ਦੀ ਨਿਸ਼ਾਨਦੇਹੀ ਕਰਦੇ ਹਨ। ਇੰਵ ਉਹ ਦੂਰ-ਦਰਾਜ਼ ਪਿੰਡਾਂ ਵਿਚ ਜਾਕੇ, ਲਾਕਟ, ਪੈਂਫਲੈਟ ਅਤੇ ਹਿੰਦੂ ਸਾਹਿਤ ਵੰਡਕੇ ਮੁਕੰਮਲ ਘੁਸਪੈਠ ਦਾ ਰਾਹ ਤਿਆਰ ਕਰਦੇ ਹਨ। ਫੇਰ ਸਥਾਨਕ ਰਾਸ਼ਟਰ ਸੇਵਾ ਸੰਮਤੀ ਅਤੇ ਆਰ.ਐੱਸ.ਐੱਸ. ਦੇ ਕੁਲਵਕਤੀ ਉਥੇ ਆ ਪਹੁੰਚਦੇ ਹਨ। ਸੇਵਾ ਭਾਰਤੀ ਦਾ ਕੰਮ ਉਨ੍ਹਾਂ ਇਲਾਕਿਆਂ ਵਿਚ ਖ਼ਾਸ ਤੌਰ 'ਤੇ ਪ੍ਰਭਾਵੀ ਹੈ ਜਿਥੇ ਹਿੰਦੁਸਤਾਨੀ ਸਟੇਟ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦੇਣ ਵਿਚ ਨਾਕਾਮ ਰਿਹਾ ਹੈ। ਸੇਵਾ ਭਾਰਤੀ ਇਨ੍ਹਾਂ ਸਰਗਰਮੀਆਂ ਲਈ ਮਹਿਫ਼ੂਜ਼ ਮੁਹਾਜ਼ ਦੇ ਤੌਰ 'ਤੇ ਕੰਮ ਕਰਦੀ ਹੈ। ਜ਼ਿਆਦਾਤਰ ਪੇਂਡੂ ਅਤੇ ਬੱਚਿਆਂ ਦੇ ਮਾਪੇ ਇਹੀ ਸੋਚਦੇ ਹਨ ਕਿ ਬੱਚਿਆਂ ਨੂੰ ਲੋਕ ਭਲਾਈ

Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092

Sukdev Singh Liddar
*2555 Steeles Ave E. Unit 11 *Brampton *ON*L6T4L6

Hiring Drivers/Owners/Operators
GALAXY Frightline inc.
We Offer:
*Competitive Salary
*Fuel Cards
*Late Model Equipment
*NewPay Package
*On Site Maintenance Facility
*Extra Drops and Pickups Paid
*Guaranteed Miles Per Month
*Guaranteed Home Time
We Require:
*2 Years Experience
*Clean Current Abstract
*Ability to Cross Border
*Positive, Professional Attitude
For:
*GTA
*ON-QC
*ON-MB-AB-BC
*USA
TEL: 1-877-251-5299
FAX: 416-644-8882
EMAIL: dispatch@galaxyfreightline.com
www.galaxyfreightline.com
*1580 Britannia Road East *Mississauga *ON *L4W 1J2

ਦਾ ਕੰਮ ਕਰ ਰਹੀ ਸੰਸਥਾ ਸੇਵਾ ਭਾਰਤੀ ਵਲੋਂ ਪੜ੍ਹਾਈ ਕਰਾਉਣ ਲਈ ਲਿਜਾਇਆ ਗਿਆ ਹੈ। ਸੰਘ ਨਾਲ ਰਿਸ਼ਤੇ ਅਤੇ ਹਿੰਦੂਤਵੀ ਵਿਚਾਰਧਾਰਾ ਦਿਮਾਗ 'ਚ ਭਰੇ ਜਾਣ ਦੀ ਸਾਜ਼ਿਸ਼ ਇਕ ਆਮ ਪੇਂਡੂ ਦੀ ਸਮਝ ਤੋਂ ਬਾਹਰ ਦੀ ਗੱਲ ਹੈ। ਅਸਾਮ ਵਰਗੇ ਬੋਡੋ-ਮੁਸਲਿਮ ਜਾਂ ਬੋਡੋ-ਆਦਿਵਾਸੀ ਨਸਲੀ-ਸੱਭਿਆਚਾਰ ਹਿੰਸਾ ਤੋਂ ਗ੍ਰਸਤ ਇਲਾਕਿਆਂ ਦੇ ਜੰਮ-ਪਲ ਲੋਕ ਆਪਣੀ ਪਛਾਣ ਬਾਰੇ ਬਹੁਤ ਸੰਵੇਦਨਸ਼ੀਲ ਹਨ ਅਤੇ ਆਪਣੀ ਪਛਾਣ ਨੂੰ ਬੁਰੀ ਤਰ੍ਹਾਂ ਚਿੰਬੜੇ ਰਹਿੰਦੇ ਹਨ। ਇਸ ਤਰ੍ਹਾਂ ਦੇ ਥਾਵਾਂ ਉੱਪਰ ਸਹੀ ਅਤੇ ਗ਼ਲਤ ਦਰਮਿਆਨ ਵਖਰੇਵਾਂ ਕਰਨ ਦੀ ਸੰਭਾਵਨਾ ਘਟ ਜਾਂਦੀ ਹੈ। ਜਨੂੰਨ ਭਾਰੂ ਰਹਿੰਦਾ ਹੈ, ਜੋ ਹਿੰਦੂਤਵੀ ਪ੍ਰਚਾਰ ਲਈ ਰਾਹ ਪੱਧਰਾ ਕਰਦਾ ਹੈ।

ਅਸਾਮ ਵਿਚ ਕੰਮ ਕਰਦੀਆਂ ਸੰਘ ਪਚਾਰਕ ਔਰਤਾਂ ਨੇ ਆਊਟਲੁੱਕ ਦੀ ਪੱਤਰਕਾਰ ਨੂੰ ਦੱਸਿਆ ਕਿ ਸੇਵਾ ਭਾਰਤੀ ਵਲੋਂ ਜਥੇਬੰਦ ਕੀਤੇ ਜਾਂਦੇ ਕੈਂਪਾਂ ਵਿਚ "ਪ੍ਰਮੁੱਖ ਤੌਰ 'ਤੇ ਨੌਜਵਾਨ ਕੁੜੀਆਂ ਨੂੰ ਸੰਸਕਾਰ ਸਿਖਾਏ ਜਾਂਦੇ ਹਨ।" "ਕੁੜੀਆਂ ਨੂੰ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ ਆਪਣੀ ਸੰਸਕ੍ਰਿਤੀ ਭੁਲਾ ਦਿੱਤੀ ਹੈ, ਜਿਥੇ 'ਨਮਸਕਾਰ' ਦੀ ਜਗ੍ਹਾ 'ਹੈਲੋ' ਨੇ ਅਤੇ ਸਾਡੀ ਰਵਾਇਤੀ ਪੁਸ਼ਾਕ ਦੀ ਜਗ੍ਹਾ ਲੰਮੀ ਪੈਂਟ ਨੇ ਲੈ ਲਈ ਹੈ। ਇਹ ਸਭ ਕੁਝ ਈਸਾਈ ਜੀਵਨ-ਸ਼ੈਲੀ ਦੇ ਪ੍ਰਭਾਵ ਕਾਰਨ ਹੈ। ਉਨ੍ਹਾਂ ਨੂੰ ਆਪਣੀ ਸੰਸਕ੍ਰਿਤੀ ਵਿਚ ਵਾਪਸ ਪਰਤਣਾ ਚਾਹੀਦਾ ਹੈ ਅਤੇ ਰਾਸ਼ਟਰ ਦੀਆਂ ਚੰਗੀਆਂ ਸੁਆਣੀਆਂ ਬਣਨਾ ਚਾਹੀਦਾ ਹੈ।"

ਅਜਿਹੀ ਮਨੋਵਿਗਿਆਨਕ ਸਿਖਲਾਈ ਨਾਲ ਨੌਜਵਾਨ ਕੁੜੀਆਂ ਹਿੰਦੂ ਰਾਸ਼ਟਰ ਅੰਦਰ ਔਰਤਾਂ ਦੀ ਇੱਛਤ ਭੂਮਿਕਾ ਬਾਰੇ ਹਿੰਦੂਤਵੀ ਸੋਚ ਪ੍ਰਤੀ ਅੰਨ੍ਹੇ ਯਕੀਨ ਨਾਲ ਵੱਡੀਆਂ ਹੁੰਦੀਆਂ ਹਨ। ਕੈਂਪਾਂ ਵਿਚ ਲੋਕਧਾਰਾ, ਭਾਸ਼ਾ ਅਤੇ ਇਤਿਹਾਸ ਦੇ ਗੁਣਗਾਣ ਉੱਪਰ ਕੇਂਦਰਤ ਕਰਦੇ ਹੋਏ ਜੋ ਵਿਆਖਿਆ ਪੜ੍ਹਾਈ ਜਾਂਦੀ ਹੈ ਉਹ ਮੁਸਲਿਮ ਵਿਰੋਧੀ, ਈਸਾਈ ਵਿਰੋਧੀ ਹੈ। ਬੋਡੋ ਲੋਕ ਸੇਵਾ ਭਾਰਤੀ ਦੀਆਂ ਸਰਗਰਮੀਆਂ ਨੂੰ ਲੈਕੇ ਕੋਈ ਸ਼ੱਕ ਨਹੀਂ ਕਰਦੇ ਕਿਉਂਕਿ ਇਥੇ ਜਿਹੜੀਆਂ ਪ੍ਰਚਾਰਕ ਔਰਤਾਂ ਤਿਆਰ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਉਸੇ ਭਾਈਚਾਰੇ ਵਿੱਚੋਂ ਹੋਣ ਕਾਰਨ ਬਲਵਾਨ ਔਰਤਾਂ ਵਜੋਂ ਬਹੁਤ ਪੈਂਠ ਹੈ। ਬੱਚੀਆਂ ਨੂੰ ਕੁਆਰੀਆਂ ਰਹਿਣ ਅਤੇ ਹਿੰਦੂ ਰਾਸ਼ਟਰ ਦੇ ਨਿਰਮਾਣ ਵਿਚ ਯੋਗਦਾਨ ਲਈ ਜ਼ਿੰਦਗੀਆਂ ਸਮਰਪਿਤ ਕਰਨ ਲਈ ਤਿਆਰ ਕੀਤਾ ਜਾਂਦਾ ਹੈ। ਬੱਚੀਆਂ ਨੂੰ ਬਲਵਾਨ ਬਣਾਉਣ ਦਾ ਇਹ ਦਾਅਪੇਚ ਨਿੱਕੀਆਂ ਬੱਚੀਆਂ ਦੇ ਉਨ੍ਹਾਂ ਮਾਪਿਆਂ ਨੂੰ ਬਹੁਤ ਟੁੰਬਦਾ ਹੈ ਜੋ ਸਾਧਨਹੀਣ ਅਭਿਲਾਸ਼ੀ ਹਨ, ਅਤੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਲੈਕੇ ਵੱਡੇ ਸੁਪਨੇ ਪਾਲਦੇ ਹਨ। ਇਹ ਕੁੜੀ ਦੀ ਮਾਰਫ਼ਤ ਅੱਗੇ ਹੋਰ ਕੁੜੀ ਭਰਤੀ ਕਰਨ ਦੀ ਆਰ.ਐੱਸ.ਐੱਸ. ਦੀ ਯੁੱਧਨੀਤੀ ਹੈ। ਕੋਰੋਬੀ ਅਤੇ ਕਾਂਚਾਈ ਬ੍ਰੱਹਮਾ ਵਰਗੀਆਂ ਜੋ ਬੋਡੋ ਔਰਤਾਂ ਹੁਣ ਉਥੇ ਬੱਚੀਆਂ ਦੀ ਤਸਕਰੀ ਵਿਚ ਅਹਿਮ ਭੂਮਿਕਾ ਨਿਭਾ ਰਹੀਆਂ ਹਨ ਉਨ੍ਹਾਂ ਨੂੰ ਇਸੇ ਵਿਧੀ ਦੁਆਰਾ ਤਿਆਰ ਕੀਤਾ ਗਿਆ ਸੀ।

ਕਾਂਚਾਈ ਨੂੰ ਤਿੰਨ ਹੋਰ ਕੁੜੀਆਂ ਸਮੇਤ ਉਤਰ ਪ੍ਰਦੇਸ ਦੇ ਇਕ ਹੋਸਟਲ ਵਿਚ ਸਿਖਲਾਈ ਲਈ ਭੇਜਿਆ ਗਿਆ। ਜਿਥੇ ਇਕ ਸਾਲ ਦੀ ਸਿਖਲਾਈ ਤੋਂ ਬਾਦ ਉਹ ਆਪਣੇ ਜ਼ਿਲ੍ਹੇ ਵਿਚ ਵਾਪਸ ਆ ਗਈਆਂ। ਦੋ ਸਾਲ ਵਿਚ ਹੀ ਉਨ੍ਹਾਂ ਨੇ ਤਿੰਨ ਜ਼ਿਲ੍ਹਿਆਂ ਵਿਚ ਆਪਣੇ ਸੰਪਰਕ ਬਣਾ ਲਏ। ਅਤੇ ਉਹ 500 ਕਬਾਇਲੀ ਕੁੜੀਆਂ ਨੂੰ ਹੋਸਟਲ ਵਿਚ ਭੇਜਣ ਵਿਚ ਕਾਮਯਾਬ ਹੋ ਗਈਆਂ। ਉਨ੍ਹਾਂ ਵਿੱਚੋਂ ਜਿਨ੍ਹਾਂ ਨੇ ਵਾਪਸ ਆਕੇ ਵਿਆਹ ਕਰਵਾ ਲਏ, ਉਹ ਗ੍ਰਹਿਸਥੀ ਜੀਵਨ ਜਿਉਂਦੇ ਹੋਏ ਗ੍ਰਹਿਣੀ ਸੇਵਕਾ ਜਾਂ ਜੁਜ਼ਵਕਤੀ ਵਜੋਂ ਕੰਮ ਕਰ ਰਹੀਆਂ ਹਨ। ਏਕਲ ਵਿਦਿਆਲਿਆ (ਆਰ.ਐੱਸ.ਐੱਸ. ਦੇ ਇਕ ਅਧਿਆਪਕ ਵਾਲੇ ਗ਼ੈਰਰਸਮੀ ਸਕੂਲ ਜਿਥੇ ਸੋਇਮਸੇਵਕ ਵਲੋਂ 40 ਵਿਦਿਆਰਥੀਆਂ ਦੀ ਰੋਜ਼ਾਨਾ ਤਿੰਨ ਘੰਟੇ ਜਮਾਤ ਲਗਾਈ ਜਾਂਦੀ ਹੈ) ਇਨ੍ਹਾਂ ਪ੍ਰਚਾਰਕ ਔਰਤਾਂ ਦੀ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਜਾਲ ਵਿਚ ਫਸਾਉਣ ਦੇ ਮਿਸ਼ਨ ਵਿਚ ਬਹੁਤ ਸਹਾਇਤਾ ਕਰਦਾ ਹੈ।

ਇਸ ਤਰੀਕੇ ਨਾਲ ਆਰ.ਐੱਸ.ਐੱਸ. ਬਹੁਤ ਹੀ ਸੂਖ਼ਮ ਯੁੱਧਨੀਤੀ ਤਹਿਤ ਕਬਾਇਲੀ ਅਤੇ ਹੋਰ ਖੇਤਰਾਂ ਵਿਚ ਡੂੰਘੀ ਘੁਸਪੈਠ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਹਿੰਦੂਤਵੀ ਸੰਸਕ੍ਰਿਤੀ ਨਾਲ ਜੋੜ ਰਿਹਾ ਹੈ। ਇਹ ਮੁਹਿੰਮ ਮਹਿਜ਼ ਕਬਾਇਲੀ ਖੇਤਰਾਂ ਤਕ ਮਹਿਦੂਦ ਨਹੀਂ ਹੈ, ਹਰ ਥਾਂ ਹੀ ਵੱਖ-ਵੱਖ ਨਾਵਾਂ ਹੇਠ ਆਰ.ਐੱਸ.ਐੱਸ. ਦਾ ਤਾਣਾਬਾਣਾ ਬਹੁਤ ਸਰਗਰਮ ਹੈ। ਬੇਸ਼ਕ ਆਊਟਲੁੱਕ ਅਤੇ ਕੋਬਰਾਪੋਸਟ ਦੇ ਸਟਿੰਗ ਓਪਰੇਸ਼ਨ ਬੱਚੀਆਂ ਦੀ ਤਸਕਰੀ ਦੇ ਇਕ ਖ਼ਾਸ ਵਰਤਾਰੇ ਬਾਬਤ ਹਨ ਪਰ ਇਹ ਇਕ ਵੱਡੇ ਖ਼ਤਰੇ ਵੱਲ ਇਸ਼ਾਰਾ ਕਰਦੇ ਹਨ। ਇਸ ਡੂੰਘੀ ਸਾਜ਼ਿਸ਼ ਬਾਰੇ ਬਹੁਤ ਚੁਕੰਨੇ ਹੋਣ ਦੀ ਲੋੜ ਹੈ ਅਤੇ ਇਸ ਦੀ ਘੁਸਪੈਠ ਦੇ ਖ਼ਤਰੇ ਨੂੰ ਹਰਗਿਜ਼ ਘਟਾਕੇ ਨਹੀਂ ਵੇਖਣਾ ਚਾਹੀਦਾ। ਹਰ ਇਲਾਕੇ ਵਿਚ ਇਹ ਨੋਟ ਕਰਨ ਦੀ ਲੋੜ ਹੈ ਉਥੇ ਲੋਕ ਭਲਾਈ ਦੇ ਨਾਂ ਹੇਠ ਜੋ ਸੰਸਥਾਵਾਂ ਕੰਮ ਕਰ ਰਹੀਆਂ ਹਨ ਉਨ੍ਹਾਂ ਦੇ ਕਾਰਕੁੰਨਾਂ ਦਾ ਪਿਛੋਕੜ ਕੀ ਹੈ। ਉਨ੍ਹਾਂ ਦਾ ਅਸਲ ਚਿਹਰਾ ਬੇਨਕਾਬ ਕੀਤਾ ਜਾਣਾ ਚਾਹੀਦਾ ਹੈ ਅਤੇ ਅਵਾਮ ਨੂੰ ਉਨ੍ਹਾਂ ਦੇ ਮਨਸੂਬਿਆਂ ਬਾਰੇ ਜਾਗਰੂਕ ਕਰਨ ਲਈ ਗੰਭੀਰਤਾ ਨਾਲ ਯਤਨ ਜੁਟਾਉਣੇ ਚਾਹੀਦੇ ਹਨ।

ਚਿੰਤਾ ਦਾ ਵਿਸ਼ਾ

# ਪੰਜਾਬ ਦੀ ਟੁੱਟ ਰਹੀ ਆਰਥਿਕਤਾ ਅਤੇ ਪੰਜਾਬ ਸਬੰਧੀ ਕੈਗ ਰਿਪੋਰਟਾਂ

**ਗੁਰਮੀਤ ਸਿੰਘ ਪਲਾਹੀ**



ਪੰਜਾਬ ਵਿਧਾਨ ਸਭਾ ਚੋਣਾਂ 'ਚ ਛੇ ਮਹੀਨੇ ਤੋਂ ਵੀ ਘੱਟ ਦਾ ਸਮਾਂ ਰਹਿ ਗਿਆ ਹੈ। ਜਨਵਰੀ ਜਾਂ ਫਰਵਰੀ 2017 'ਚ ਇਹ ਚੋਣਾਂ ਹੋਣਗੀਆਂ। ਵੱਖੋ-ਵੱਖਰੀਆਂ ਰਾਜਨੀਤਕ ਪਾਰਟੀਆਂ ਵਲੋਂ ਯੁਵਕਾਂ ਨੂੰ ਰੁਜ਼ਗਾਰ, ਕਿਸਾਨ ਦੀਆਂ ਸਮੱਸਿਆਵਾਂ, ਵੱਧ ਰਹੇ ਅਪਰਾਧਿਕ ਮਾਮਲੇ, 1984 ਦੇ ਦੰਗਿਆਂ, ਨਸ਼ੇ ਦੇ ਕਾਰੋਬਾਰ, ਪ੍ਰਵਾਸੀਆਂ ਨਾਲ ਜੁੜੇ ਮੁੱਦਿਆਂ ਨੂੰ ਛੱਡਕੇ ਕਾਮੇਡੀ, ਸੀ.ਡੀ. ਅਤੇ ਜੁੱਤੇ ਸੁੱਟਣ ਉਤੇ ਜਿਆਦਾ ਚਰਚਾ ਹੋ ਰਹੀ ਹੈ। ਪਾਰਟੀਆਂ ਵਿੱਚ ਮੁਕਾਬਲਾ ਤਾਂ ਇੱਕ ਦੂਜੇ ਨੂੰ ਨੀਵਾਂ ਵਿਖਾਉਣ ਜਾਂ ਆਪਣੀ ਪਾਰਟੀ ਲਈ ਚਰਚਾ ਵਟੋਰਨ ਦਾ ਲੱਗਿਆ ਹੋਇਆ ਹੈ। ਪ੍ਰਦੇਸ਼ ਦੀ ਨਿੱਤ ਦਿਨ ਨਿਗਰਦੀ ਜਾ ਰਹੀ ਆਰਥਿਕ ਹਾਲਤ ਬਾਰੇ ਨਾ ਸਰਕਾਰ ਚਿੰਤਤ ਹੈ; ਨਾ ਹੀ ਵਿਰੋਧੀ ਪਾਰਟੀਆਂ।

ਸ਼੍ਰੋਮਣੀ ਅਕਾਲੀ ਦਲ, ਪ੍ਰਦੇਸ਼ ਦੀ ਆਰਥਿਕ ਹਾਲਤ ਨੂੰ ਛਿੱਕੇ ਟੰਗਕੇ, ਚੋਣਾਂ 'ਚ ਜਿੱਤ ਪ੍ਰਾਪਤ ਕਰਨ ਦੇ ਮਨਸ਼ੇ ਨਾਲ ਸੰਗਤ ਦਰਸ਼ਨ ਰਾਹੀਂ ਕਰੋੜਾਂ ਰੁਪਏ ਦੀ ਰਾਸ਼ੀ ਉਨ੍ਹਾਂ ਕੰਮਾਂ ਲਈ ਵੰਡ ਰਹੀ ਹੈ, ਜਿਹਨਾਂ ਦੀ ਲੋੜ ਹੀ ਨਹੀਂ। ਚੰਗੀਆਂ ਭਲੀਆਂ ਕੁਝ ਥਾਵਾਂ ਦੀਆਂ ਪੇਂਡੂ ਗਲੀਆਂ ਨਾਲੀਆਂ ਪੁੱਟ-ਪੱਕੇ ਕੰਕਰੀਟ ਬਲੌਕ ਲਗਾਏ ਜਾ ਰਹੇ ਹਨ, ਅੱਧੇ-ਅੱਧੂਰੇ ਪ੍ਰਾਜੈਕਟ ਉਲੀਕਕੇ, ਉਨ੍ਹਾਂ ਨੂੰ ਅੱਧ-ਵਾਟੇ ਛੱਡਿਆ ਜਾ ਰਿਹਾ ਹੈ। ਆਪਣੀ ਭੱਲ ਬਨਾਉਣ ਦੀ ਖਾਤਰ ਬੁਰੀ ਤਰ੍ਹਾਂ ਗਰਕ ਹੋ ਚੁਕੀਆਂ ਪੇਂਡੂ ਸੜਕਾਂ ਉਤੇ ਸਿਰਫ ਮਾੜੀ ਮੋਟੀ ਮੁਰੰਮਤ[ਪੱਚ ਲਾਕੇ] ਕਰਕੇ ਕੰਮ ਸਾਰਿਆ ਜਾ ਰਿਹਾ ਹੈ। ਚਹੇਤੇ ਇਲਾਕਿਆਂ 'ਚ ਬਿਨਾ ਲੋੜ ਸਕੂਲ ਅਪਗਰੇਡ ਕੀਤੇ ਜਾ ਰਹੇ ਹਨ, ਜਦ ਕਿ ਧੜਾਧੜ ਨਵੇਂ ਟੀਚਰਾਂ ਨੂੰ ਨਿਯਕਤੀ ਪੱਤਰ ਦੇਣ ਦੇ ਬਾਵਜੂਦ ਹਾਲੇ ਵੀ ਹਜ਼ਾਰਾਂ ਦੀ ਗਿਣਤੀ 'ਚ ਅਸਾਮੀਆਂ ਖਾਲੀ ਹਨ। ਪੁਲਿਸ ਕਾਂਸਟੇਬਲਾਂ ਅਤੇ ਹੋਰ ਕਰਮਚਾਰੀਆਂ ਅਫਸਰਾਂ ਦੀ ਭਰਤੀ ਲਈ ਯਤਨ ਤੇਜ਼ ਹੋ ਚੁੱਕੇ ਹਨ ਅਤੇ ਚੋਣ ਜ਼ਾਬਤਾ ਲਾਗੂ ਹੋਣ ਤੋਂ ਪਹਿਲਾਂ ਪਹਿਲਾਂ ਚੋਣਾਂ 'ਚ ਖੜਨ ਵਾਲਾ ਹਾਕਮ ਧਿਰ ਦਾ ਨੇਤਾ ਜਾਂ ਪਹਿਲਾ ਵਿਧਾਇਕ ਪੂਰਾ ਟਿੱਲ ਲਾ ਰਿਹਾ ਹੈ ਕਿ ਉਸਦੇ ਹਲਕੇ ਵਿੱਚ ਵੱਧ ਤੋਂ ਵੱਧ ਵਿਕਾਸ ਦੇ ਕੰਮ ਹੋਏ ਦਿਸਣ, ਕਿਉਂਕਿ ਹਾਕਮ ਧਿਰ ਵਿਕਾਸ ਦੇ ਨਾਮ ਉਤੇ ਇਨ੍ਹਾਂ ਚੋਣਾਂ 'ਚ ਤੀਜੀ ਵੇਰ ਚੋਣ ਜਿੱਤਣ ਦੀ ਆਸ ਲਾਈ ਬੈਠੀ ਹੈ। ਪਰ ਵਿਕਾਸ ਜਾਂ ਹੋਰ ਪ੍ਰਬੰਧਕੀ ਕਾਰਜਾਂ ਲਈ ਖਰਚੀ ਜਾਣ ਵਾਲੀ ਰਕਮ ਆਖ਼ਰ ਆਉਂਦੀ ਕਿਥੋਂ ਹੈ? ਕੀ ਪੰਜਾਬ ਦਾ ਖਜ਼ਾਨਾ ਨੱਕੋ-ਨੱਕ ਭਰਿਆ ਹੋਇਆ ਹੈ, ਜਿਹੜਾ ਬੇ-ਰਹਿਮੀ ਨਾਲ ਇਸ ਵੇਲੇ ਹਾਕਮਾਂ ਵਲੋਂ ਬੁੱਕਾਂ ਭਰ- ਭਰ ਵੰਡਿਆ ਜਾ ਰਿਹਾ ਹੈ?

ਚਰਚਾ ਇਸ ਗੱਲ ਦੀ ਹੈ ਕਿ ਜਿਸ ਢੰਗ ਨਾਲ ਇਧਰੋਂ-ਉਧਰੋਂ ਇੱਕਠਾ ਕਰਕੇ ਮੌਜੂਦਾ ਸਰਕਾਰ ਵਲੋਂ ਖਰਚ ਕੀਤਾ ਜਾ ਰਿਹਾ ਹੈ, ਉਸ ਨਾਲ ਪੰਜਾਬ ਦਾ ਖਜ਼ਾਨਾ ਇੰਨਾ ਖਾਲੀ ਹੋ ਜਾਵੇਗਾ ਜਾਂ ਪੰਜਾਬ ਸਿਰ ਇਤਨਾ ਕਰਜ਼ਾ ਚੜ੍ਹ ਜਾਏਗਾ ਕਿ ਆਉਣ ਵਾਲੀ ਸਰਕਾਰ ਚਾਹੇ ਉਹ ਅਕਾਲੀ-ਭਾਜਪਾ ਦੀ ਆਵੇ, ਕਾਂਗਰਸ ਦੀ ਆਵੇ, ਜਾਂ ਆਮ ਆਦਮੀ ਜਾਂ ਚੌਥੇ ਫਰੰਟ ਜਾਂ ਕਿਸੇ ਹੋਰ ਪਾਰਟੀ ਦੀ, ਉਸ ਕੋਲ ਆਪਣੇ ਮੁਲਾਜ਼ਮਾਂ ਨੂੰ ਤਨਖਾਹ ਦਾ ਬੁੱਤਾ ਸਾਰਨ ਤੋਂ ਬਿਨ੍ਹਾਂ, ਵਿਕਾਸ ਜਾਂ ਲੋਕ-ਭਲਾਈ ਸਕੀਮਾਂ ਉਤੇ ਖਰਚਣ ਲਈ ਅਗਲੇ ਪੰਜ ਸਾਲਾਂ 'ਚ ਕੋਈ ਪੈਸਾ ਹੀ ਨਹੀਂ ਹੋਵੇਗਾ। ਮੌਜੂਦਾ ਸਰਕਾਰ ਵਲੋਂ ਜਿਸ ਢੰਗ ਨਾਲ ਸਾਰੇ ਨਿਯਮ ਛਿੱਕੇ ਟੰਗਕੇ, ਕੇਂਦਰੀ ਸਕੀਮਾਂ ਸਵੱਛ ਭਾਰਤ, ਪਿੰਡਾਂ ਨੂੰ ਸਵੱਛ ਪਾਣੀ ਸਪਲਾਈ ਮਨਰੇਗਾ, ਘੱਟ ਗਿਣਤੀ ਵਰਗ ਦੇ ਵਿਦਿਆਰਥੀਆਂ ਲਈ ਸਹਾਇਤਾ, ਪਿੰਡਾਂ ਨੂੰ ਵਿੱਤ ਕਮਿਸ਼ਨ ਦੀ ਰਿਪੋਰਟ ਅਧੀਨ ਬੱਝਵੀਂ ਸਹਾਇਤਾ ਲਈ ਮਿਲੀ ਰਾਸ਼ੀ ਦੀ ਦੁਰਵਰਤੋਂ ਹੁੰਦੀ ਹੈ, ਉਸ ਬਾਰੇ ਕੈਗ ਦੀਆਂ ਰਿਪੋਰਟਾਂ ਵੇਖਣ ਯੋਗ ਹਨ। ਕੈਗ ਨੇ ਰਿਪੋਰਟ ਦਿਤੀ ਹੈ ਕਿ ਪੇਂਡੂ ਖੇਤਰ ਵਿੱਚ ਲੋਕਾਂ ਨੂੰ ਸਾਫ ਪਾਣੀ ਮੁਹੱਈਆ ਕਰਵਾਉਣ ਲਈ ਕੇਂਦਰ ਸਰਕਾਰ ਵਲੋਂ ਆਈ ਰਾਸ਼ੀ ਦਾ ਪੰਜਾਬ ਵਿੱਚ ਦੁਰਉਪਯੋਗ ਹੋਇਆ ਹੈ। ਰਾਸ਼ਟਰੀ ਪੇਂਡੂ ਜਲ ਪ੍ਰੋਗਰਾਮ [ਐਨ. ਆਰ. ਡੀ. ਡਵਲਯੂ. ਪੀ.] ਦੇ ਲਈ ਆਈ ਰਾਸ਼ੀ ਹੋਰ ਮੱਦਾਂ ਉਤੇ ਖਰਚ ਕਰ ਦਿਤੀ ਗਈ ਹੈ। ਇਸ ਯੋਜਨਾ ਤਹਿਤ ਸਾਫ ਪੀਣ ਵਾਲੇ ਪਾਣੀ, ਕੁਕਿੰਗ ਅਤੇ ਹੋਰ ਘਰੇਲੂ ਵਰਤੋਂ ਲਈ ਪਾਣੀ ਮੁਹੱਈਆ ਕੀਤਾ ਜਾਣਾ ਸੀ। ਕੈਗ ਰਿਪੋਰਟ ਮੁਤਾਬਕ ਸਾਲ 2010 ਤੋਂ 2015 ਤੱਕ ਨਿਰਧਾਰਤ ਕੀਤੀ ਰਾਸ਼ੀ ਤੋਂ ਜਿਆਦਾ ਖਰਚ ਕਰਨ ਕਰਕੇ ਕੇਂਦਰ ਸਰਕਾਰ ਨੇ 17.10 ਕਰੋੜ ਰੁਪਏ ਦੀ ਰਾਸ਼ੀ ਦੀ ਕੱਟ ਲਗਾ ਦਿਤੀ, ਇਸ ਤੋਂ ਬਿਨ੍ਹਾਂ 2.30 ਕਰੋੜ ਰੁਪਏ ਦੀ ਰਾਸ਼ੀ ਉਨ੍ਹਾਂ ਕੰਮਾਂ ਤੇ ਖਰਚ ਕਰ ਦਿਤੀ, ਜਿਹੜੀਆਂ ਐਨ. ਆਰ. ਡੀ. ਡਵਲਯੂ. ਪੀ. ਦੇ ਤਹਿਤ ਆਉਂਦੀਆਂ ਹੀ ਨਹੀਂ। ਰਿਪੋਰਟ 'ਚ ਇਹ ਵੀ ਕਿਹਾ ਗਿਆ ਕਿ ਬਿਜਲੀ ਦਾ ਬਿੱਲ ਜਮ੍ਹਾਂ ਨਾ ਕਰਵਾਉਣ ਕਾਰਨ 15 ਪੀਣਵਾਲਾ ਪਾਣੀ ਮੁਹੱਈਆਂ ਕਰਨ ਵਾਲੇ ਜਲ ਘਰ ਬੰਦ ਹੋ ਗਏ। ਇਹ ਸਭ ਕੁਝ ਇਸ ਕਰਕੇ ਵਾਪਰਿਆ ਕਿ ਸੂਬਾ ਪੱਧਰੀ ਸਕੀਮ ਦੀ ਮਨਜ਼ੂਰੀ ਕਮੇਟੀ ਦੀਆਂ ਸਿਰਫ ਦੋ ਮੀਟਿੰਗਾਂ ਹੋਈਆਂ ਜਦਕਿ ਇਹ 10 ਹੋਣੀਆਂ ਚਾਹੀਦੀਆਂ ਸਨ। ਭਾਵ ਸਕੀਮ ਵਿੱਚ ਕੰਮ ਪਲਾਨਿੰਗ ਨਾਲ ਨਹੀਂ, ਸਗੋਂ ਰਾਜਸੀ ਆਕਿਆਂ ਦੀ ਮਰਜ਼ੀ ਨਾਲ ਹੋਇਆ। ਇਹੋ ਹਾਲ ਮਨਰੇਗਾ ਸਕੀਮ ਦੇ ਤਹਿਤ ਹੋਇਆ, ਜਿਸ ਅਧੀਨ ਕਰੋੜਾਂ ਰੁਪਏ ਦੀ ਰਾਸ਼ੀ, ਮਨਰੇਗਾ ਮਜਦੂਰਾਂ ਨੂੰ ਉਨ੍ਹਾਂ ਦੀ ਮਜ਼ਦੂਰੀ ਦੇਣ ਵਾਲੀ ਬਕਾਇਆ ਹੈ, ਅਤੇਸੂਬਾ ਸਰਕਾਰ ਦੀਆਂ ਬੇ ਨਿਯਮੀਆਂ ਕਾਰਨ ਮਨਰੇਗਾ ਅਧੀਨ ਕੇਂਦਰ ਸਰਕਾਰ ਵਲੋਂ ਫੰਡਾਂ 'ਚ ਕਟੌਤੀ ਕੀਤੀ ਗਈ ਹੈ। ਬਾਵਜੂਦ ਇਸ ਗੱਲ ਦੇ ਕਿ ਸੂਬਾ ਸਰਕਾਰ ਦਾ ਖਜ਼ਾਨਾ ਖਾਲੀ ਹੈ, ਉਹ ਇਸ ਤੱਥ ਨੂੰ ਪ੍ਰਵਾਨ ਨਹੀਂ ਕਰ ਰਹੀ; ਪਰ ਚੁੱਪ ਚੁਪੀਤੇ ਸਰਕਾਰੀ ਜਾਇਦਾਦ ਦੀ ਵਿਕਰੀ ਕਰਕੇ ਪ੍ਰਾਪਤ ਫੰਡਾਂ ਤੋਂ ਜਾਂ ਕੇਂਦਰੀ ਸਰਕਾਰ ਦੇ ਫੰਡਾਂ ਚੋਂ ਰਾਸ਼ੀ ਨੂੰ ਹੋਰ ਕੰਮ 'ਚ ਵਰਤ ਰਹੀ ਹੈ। ਇਸ ਦੀ ਇੱਕ ਉਦਾਹਰਨ ਕੇਂਦਰੀ ਵਿੱਤ ਕਮਿਸ਼ਨ ਵਲੋਂ ਪ੍ਰਾਪਤ ਉਸ ਰਾਸ਼ੀ ਨੂੰ, ਜੋ ਸੂਬੇ ਦੀਆਂ ਪੰਚਾਇਤਾਂ ਨੂੰ ਅਬਾਦੀ ਦੇ ਹਿਸਾਬ ਹਰ ਵਰ੍ਹੇ ਮਿਲਣੀ ਮਿਥੀ ਹੋਈ ਹੈ, ਉਸ ਨੂੰ ਆਪਣੇ ਵੱਟੇ-ਖਾਤੇ ਪਾ ਕੇ ਸਰਕਾਰ ਆਪਣੀਆਂ ਪ੍ਰਾਪਤੀਆਂ ਵਿੱਚ ਗਿਣ ਰਹੀ ਹੈ। ਅਤੇ ਦੂਜੀ ਉਦਾਹਰਨ ਘੱਟ ਗਿਣਤੀ ਵਿਦਿਆਰਥੀਆਂ ਦੀ ਸਹਾਇਤਾ ਲਈ ਕੇਂਦਰ ਤੋਂ ਸੂਬਾ ਸਰਕਾਰ ਨੂੰ ਪ੍ਰਾਪਤ ਰਾਸ਼ੀ ਦੀ ਹੈ, ਜਿਹੜੀ ਸਰਕਾਰ ਵਲੋਂ ਸਬੰਧਤ ਯੂਨੀਵਰਸਿਟੀਆਂ, ਪ੍ਰੋਫੈਸ਼ਨਲ ਕਾਲਜਾਂ ਨੂੰ ਹਾਲੀ ਨਹੀਂ ਦਿਤੀ ਗਈ, ਜਿਸਦੀ ਉਹ ਲੰਮੇ ਸਮੇਂ ਤੋਂ ਮੰਗ ਕਰ ਰਹੇ ਹਨ, ਪਰ ਮਜ਼ਬੂਰੀ ਬੱਸ ਕੁਝ ਵੀ ਹੋਰ ਕਾਰਵਾਈ ਕਰਨ ਤੋਂ ਆਤੁਰ ਹਨ।

ਸੂਬੇ 'ਚ ਆਰਥਿਕ ਬੇ ਨਿਯਮੀਆਂ ਦੀ ਇੰਤਹਾ ਕੈਗ ਨੂੰ ਉਸ ਵੇਲੇ ਵੇਖਣ ਨੂੰ ਮਿਲੀ,ਜਦੋਂ ਉਨ੍ਹਾਂ ਫਰਵਰੀ 2015 'ਚ ਪੰਜਾਬ ਸਰਕਾਰ ਵਲੋਂ ਪੇਸ਼ ਕੀਤੇ ਰਿਕਾਰਡ ਵਿੱਚ ਪਾਇਆ ਕਿ ਪੰਜਾਬ 'ਚ 8 ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹੀਆਂ ਗਈਆ, ਪਰ ਪ੍ਰਾਈਵੇਟ ਯੂਨੀਵਰਸਿਟੀਆਂ ਖੋਲ੍ਹਣ ਲਈ ਬਣਾਏ ਨਿਯਮਾਂ ਨੂੰ ਤਾਕ 'ਤੇ ਰੱਖ ਦਿਤਾ ਗਿਆ। ਇਨ੍ਹਾਂ ਅੱਠਾਂ ਵਿਚੋਂ ਕੋਈ ਵੀ ਯੂਨੀਵਰਸਿਟੀ ਖੋਲ੍ਹਣ ਤੋਂ ਪਹਿਲਾਂ ਯੂ. ਜੀ. ਸੀ. ਦੀ ਕੋਈ ਇੰਸਪੈਕਸ਼ਨ ਨਾ ਕਰਵਾਈ ਗਈ। ਇਨ੍ਹਾਂ ਯੂਨੀਵਰਸਿਟੀਆਂ ਉਤੇ ਕੋਈ ਵੀ ਰੈਗੂਲੇਟਰੀ ਸੰਸਥਾ ਨਾ ਬਣਾਏ ਜਾਣ ਕਾਰਨ, ਇਨ੍ਹਾਂ ਯੂਨੀਵਰਸਿਟੀਆਂ ਨੂੰ ਲੋਕਾਂ ਦੀ ਆਰਥਿਕ ਲੁੱਟ ਦਾ ਮੌਕਾ ਦਿਤਾ ਗਿਆ, ਜਿਹੜੀਆਂ ਮਨਮਰਜ਼ੀ ਦੀ ਫੀਸ ਬਟੋਰਣ ਦਾ ਹੱਕ ਰੱਖਦੀਆਂ ਹਨ, ਅਤੇ ਜਿਨ੍ਹਾਂ ਉਤੇ ਕਿਸੇ ਵੀ ਸਰਕਾਰੀ ਸੰਸਥਾ ਦਾ ਕੋਈ ਕੁੰਡਾ ਨਹੀਂ ਹੈ।ਕੈਗ ਨੇ ਸਪਸ਼ਟ ਸ਼ਬਦਾਂ 'ਚ ਕਿਹਾ ਹੈ ਕਿ ਇਹ ਯੂਨੀਵਰਸਿਟੀਆਂ ਦੀ ਸਥਾਪਨਾ ਕਰਕੇ ਪੰਜਾਬ ਪ੍ਰਾਈਵੇਟ ਯੂਨੀਵਰਸਿਟੀ ਪਾਲਿਸੀ 2010 ਦੀ ਘੋਰ ਉਲੰਘਣਾ ਕੀਤੀ ਗਈ ਹੈ। ਸੂਬੇ ਦੀਆਂ ਸੱਤ ਪ੍ਰਾਈਵੇਟ ਯੂਨੀਵਰਸਿਟੀਆਂ ਨੂੰ ਸਪਾਸਰਿੰਗ ਸੰਸਥਾਵਾਂ ਵਲੋਂ ਸਿਰਫ ਕੰਮਪਲਾਇੰਸ ਰਿਪੋਰਟ ਪੇਸ਼ ਕਰਨ ਤੇ ਹੀ ਪ੍ਰਵਾਨਗੀ ਦੇ ਦਿਤੀ ਗਈ ਪਰ ਕਿਸੇ ਵੀ ਮਹਿਕਮੇ ਨੇ ਫਿਜੀਕਲੀ ਇਹ ਕੰਮਪਲਾਇੰਸ ਰਿਪੋਰਟਾਂ ਚੈਕ ਨਹੀਂ ਕੀਤੀਆਂ। ਸਮਾਜ ਭਲਾਈ ਵਿਭਾਗ ਅਤੇ ਸਮਾਜਿਕ ਬੁਨਿਆਦੀ ਸਹੂਲਤਾਂ ਸਬੰਧੀ ਜਿਸ ਵਿੱਚ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ, ਬਾਇਓ-ਬੇਸਟ, ਵੂਮੈਨ ਅਤੇ ਚਿਲਡਰਨ ਵਿਕਾਸ ਵਿਭਾਗ ਆਦਿ ਸ਼ਾਮਲ ਹਨ, ਵਿੱਚ ਗੰਭੀਰ ਤੁਰੱਟੀਆਂ ਪਾਈਆਂ ਗਈਆਂ।

ਕੈਗ ਨੇ ਨੋਟ ਕੀਤਾ ਕਿ 15.16 ਕਰੋੜ ਦੇ ਕੰਮ ਚਹੇਤੀਆਂ ਗੈਰ ਸਰਕਾਰੀ ਸੰਸਥਾਵਾਂ ਨੂੰ ਨਿਯਮਾਂ ਨੂੰ ਛਿੱਕੇ ਟੰਗਕੇ ਦਿਤੇ ਗਏ। ਇਸੇ ਤਰ੍ਹਾਂ 2.02ਕਰੋੜ ਦੀ ਸਬਸਿਡੀ ਦੀ ਗਲਤ ਵਰਤੋਂ ਹੋਈ, 5.02 ਕਰੋੜ ਰੁਪਏ ਵਿਅਰਥ ਕੰਮਾਂ ਤੇ ਖਰਚ ਦਿਤੇ, ਜਿਨ੍ਹਾਂ ਦਾ ਕੋਈ ਲਾਭ ਹੀ ਨਹੀਂ ਹੋਇਆ ਅਤੇ ਮਿਲਕਫੈਡ[ਸਰਕਾਰੀ ਸੰਸਥਾ] ਨੇ 2.30 ਕਰੋੜ ਰੁਪਏ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ 61 ਲੱਖ ਰੁਪਏ ਜਿਹੜੇ ਸਰਕਾਰੀ ਖਾਤਿਆਂ 'ਚ ਜਮ੍ਹਾਂ ਕਰਵਾਉਣੇ ਸਨ, ਆਪਣੇ ਕੋਲ ਹੀ ਰੱਖ ਲਏ। ਸਰਕਾਰੀ ਗੈਰ ਜੁੰਮੇਵਾਰੀ ਦੀ ਇੰਤਹਾ ਵੇਖੋ 106393 ਸ਼ਗਨ ਸਕੀਮ ਲਾਭ ਪਾਤਰੀਆਂ ਨੂੰ ਇੱਕ ਸਾਲ ਤੋਂ 4 ਸਾਲ ਦੀ ਦੇਰੀ ਨਾਲ ਦਿਤੇ ਗਏ। ਕੇਂਦਰੀ ਸਕੀਮ ਰਜੀਵ ਗਾਂਧੀ ਸਕੀਮ ਫਾਰ ਇੰਮਪਾਵਰਮੈਂਟ ਆਫ ਐਡੋਲੇਸੈਂਟ ਗਰਲਜ-ਸਾਬਲਾ ਉਤੇ 12.11 ਕਰੋੜ 2010-14 ਦਰਮਿਆਨ ਖਰਚੇ ਹੀ ਨਹੀਂ ਗਏ। ਕੇਂਦਰ ਵਲੋਂ 7.30ਕਰੋੜ ਪਸ਼ੂ ਮੇਲਿਆ ਤੇ ਖਰਚਣ ਲਈ ਭੇਜੇ ਗਏ, ਜੋ ਅਣਵਰਤੇ ਹੀ ਰਹੇ। ਇਸੇ ਤਰ੍ਹਾਂ ਅਪੰਗ ਵਿਦਿਆਰਥੀ ਦੀ ਕੇਂਦਰੀ 17.38 ਕਰੋੜ ਦੀ ਗ੍ਰਾਂਟ ਅਣਵਰਤੀ ਪਈ ਰਹੀ। ਇਥੇ ਹੀ ਬੱਸ ਨਹੀਂ ਮਹਿਕਮੇ ਵਲੋਂ 36.62 ਕਰੋੜ ਦਾ ਸਰਕਾਰੀ ਹੈਲੀਕਾਪਟਰ ਨਿਯਮਾਂ ਨੂੰ ਭੰਗ ਕਰਕੇ ਖਰੀਦਿਆ, ਜੋ ਇਨ੍ਹਾਂ ਫੰਡਾਂ ਵਿਚੋਂ ਖਰੀਦਿਆ ਹੀ ਨਹੀਂ ਸੀ ਜਾ ਸਕਦਾ।

ਅਸਲ ਵਿੱਚ ਪੰਜਾਬ ਦੀ ਸਰਕਾਰ ਲੰਮੇ ਸਮੇਂ ਤੋਂ ਐਡਹਾਕ ਸੂਬਾ ਸਰਕਾਰ ਵਲੋਂ ਕੰਮ ਕਰ ਰਹੀ ਹੈ ਜਿਸਦੇ ਪੱਲੇ ਆਪਣਾ ਧੇਲਾ ਵੀ ਨਹੀਂ , ਉਹ ਸਿਰਫ ਐਡਹਾਕ, ਪ੍ਰਬੰਧ ਕਰਕੇ ਆਪਣਾ ਬੁੱਤਾ ਸਾਰ ਰਹੀ ਹੈ , ਹੁਣ ਜਦਕਿ ਉਸਦੇ ਸਾਹਮਣੇ ਸਰਕਾਰੀ ਕਰਮਚਾਰੀਆਂ ਨੂੰ ਅਗਲੇ ਤਨਖਾਹ ਕਮਿਸ਼ਨ ਦੀ ਰਿਪੋਰਟ ਲਾਗੂ ਕਰਨ ਲਈ ਪੈਸਿਆਂ ਦਾ ਪ੍ਰਬੰਧ ਕਰਨਾ ਪਵੇਗਾ ਤਾਂ ਕੀ ਉਹ ਆਪਣੇ ਸਰਕਾਰੀ ਦਫ਼ਤਰ ਤੱਕ ਵੇਚ ਦੇਵੇਗੀ ?

ਸਰਕਾਰ ਦੀ ਪਿਛਲੇ ਦਸ ਸਾਲਾਂ ਦੀ ਕਾਰਗੁਜ਼ਾਰੀ ਉਤੇ ਕੈਗ ਦੇ ਵੱਡੇ ਪ੍ਰਸ਼ਨ ਚਿੰਨ ਪੰਜਾਬ ਸਰਕਾਰ ਦੀ ਅਸਫਲਤਾ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦੇ ਹਨ। ਮੌਜੂਦਾ ਸਮੇਂ ਬੇ-ਅਰਥ ਖਰਚਾ ਰੋਕਕੇ ਪੰਜਾਬ ਦੀ ਟੁੱਟ ਰਹੀ ਆਰਥਿਕਤਾ ਨੂੰ ਠੱਲ੍ਹ ਪਾਉਣਾ ਸਮੇਂ ਦੀ ਲੋੜ ਹੈ, ਸਰਕਾਰ ਨੂੰ ਇਸ ਸਬੰਧੀ ਸੰਜੀਦਗੀ ਨਾਲ ਕਦਮ ਪੁੱਟਣੇ ਚਾਹੀਦੇ ਹਨ।

# ਸ਼ਿਵਇੰਦਰ ਸਿੰਘ ਦੀ ਬਰਤਰ.ਫੀ ਦੀ 'ਪਰੋ ਪੀਪਲਜ਼ ਆਰਟਸ ਪ੍ਰੋਜੈਕਟ ਮੀਡੀਆ ਗਰੁੱਪ' ਵਲੋਂ ਸ.ਖਤ ਨਿੰਦਾ

## ਰੇਡੀਓ ਮਾਲਕਾਂ ਨੂੰ ਬਿਨਾ ਸ਼ਰਤ ਨਿਧੜਕ ਪੱਤਰਕਾਰ ਨੂੰ ਬਹਾਲ ਕਰਨ ਦੀ ਮੰਗ

ਬਰੈਂਪਟਨ : ਪਿਛਲੇ ਦਿਨੀਂ ਰੈਡ ਐਫ ਐਮ ਰੇਡੀਓ ਵੱਲੋਂ ਹੋਸਟ ਜਰਨਲਿਸਟ ਸ਼ਿਵਇੰਦਰ ਸਿੰਘ ਦੀ ਬਰਤਰਫੀ ਦੀ ਪਰੋ-ਪੀਪਲਜ਼ ਆਰਟਸ ਮੀਡੀਆ ਗਰੁੱਪ ਕੈਨੇਡਾ ਨੇ ਸਖਤ ਨਿੰਦਾ ਕਰਦਿਆਂ ਇਸ ਨੂੰ ਗੈਰ-ਜਮਹੂਰੀ ਅਤੇ ਪ੍ਰੈਸ ਦੀ ਆਜ਼ਾਦੀ 'ਤੇ ਹਮਲਾ ਕਰਾਰ ਕੀਤਾ ਹੈ। ਇਸ ਨੇ ਰੈਡ ਐਫ ਐਮ ਰੇਡੀਓ ਦੇ ਮਾਲਕਾਂ ਤੋਂ ਸ਼ਿਵਇੰਦਰ ਸਿੰਘ ਨੂੰ ਬਗੈਰ ਕਿਸੇ ਸ਼ਰਤ ਤੋਂ ਬਹਾਲ ਕਰਕੇ ਇਸ ਦੀ ਨਿਧੱੜਕ ਪੱਤਰਕਾਰੀ ਨੂੰ ਸਰੋਤਿਆਂ ਤੱਕ ਪਹੁੰਚਦਾ ਕੀਤਾ ਜਾਵੇ।

ਪ੍ਰੈਸ ਦੇ ਨਾਮ ਬਿਆਨ ਜਾਰੀ ਕਰਦਿਆਂ 'ਪਰੋ-ਪੀਪਲਜ਼ ਆਰਟਸ ਮੀਡੀਆ ਗਰੁੱਪ ਕੈਨੇਡਾ' ਦੇ ਪ੍ਰਧਾਨ ਹਰਬੰਸ ਸਿੰਘ ਨੇ ਕਿਹਾ ਚਾਹੇ ਰੈਡ ਐਫ ਐਮ ਰੇਡੀਓ ਦੇ ਮਾਲਕ ਇਸ ਨੂੰ ਆਜ਼ਾਦ ਮੀਡੀਆ ਦਾ ਦਾਅਵਾ ਕਰਦੇ ਹਨ ਪਰ ਭਾਰਤ ਹਕੂਮਤ ਦੇ ਦਬਾਅ ਹੇਠ ਜਰਨਲਿਸਟ ਸ਼ਿਵਇੰਦਰ ਸਿੰਘ ਦੀ ਬਰਤਰਫੀ ਨੇ ਇਸ ਦਾ ਪੋਲ ਖੋਲ੍ਹ ਦਿੱਤਾ ਹੈ। ਇਹ ਸਿਰਫ ਇੱਕ ਲੋਕ-ਪੱਖੀ ਸੱਚਾਈ ਲਈ ਕੰਮ ਕਰ ਰਹੇ ਪੱਤਰਕਾਰ ਨਾਲ ਹੀ ਧੱਕਾ ਨਹੀਂ ਸਗੋਂ ਰੇਡੀਓ ਦੇ ਅਨੇਕਾਂ ਸਰੋਤਿਆਂ ਦੀ ਸੱਚਾਈ ਜਾਨਣ ਦੇ ਹੱਕ ਨਾਲ ਵੀ ਖਿਲਵਾੜ ਹੈ। ਰੈਡ ਐਫ ਐਮ ਰੇਡੀਓ ਦਾ ਨੰਗੇ ਚਿੱਟੇ ਰੂਪ ਵਿੱਚ, ਇਸ ਤਰ੍ਹਾਂ ਹਕੂਮਤਾਂ ਦੀ ਕਠਪੁਤਲੀ ਬਣ ਕੇ ਵਿਕਾਊ ਪੱਤਰਕਾਰੀ ਦੀ ਕਤਾਰ ਵਿੱਚ ਖੜ੍ਹੇ ਹੋ ਜਾਣਾ ਸ਼ੋਭਾ ਨਹੀਂ ਦਿੰਦਾ। ਸੱਚਾਈ ਤੋਂ ਇਲਾਵਾ ਕਿਸੇ ਹੋਰ ਪੱਖ ਵਾਲੀ ਧਿਰ ਦੇ ਇਤਰਾਜ਼ ਵਾਲਾ ਪੱਖ ਵੀ ਸਰੋਤਿਆਂ ਤੱਕ ਬਹਿਸ ਅਧੀਨ ਲਿਆਂਦਾ ਜਾ ਸਕਦਾ ਹੈ ਪਰ ਬਗੈਰ ਕਿਸੇ ਕਾਰਨ ਦੱਸੇ ਨੋਟਿਸ ਦੇ ਸਰੋਤਿਆਂ ਦੀ ਜਾਣਕਾਰੀ ਤੋਂ ਬਗੈਰ, ਇਸ ਇਕਤਰਫਾ ਕਾਰਵਾਈ ਨੇ ਰੈਡ ਐਫ ਐਮ ਰੇਡੀਓ ਦੀ ਪੱਤਰਕਾਰੀ ਜ਼ੁੰਮੇਵਾਰੀ ਤੇ ਸਵਾਲ ਖੜ੍ਹਾ ਕਰ ਦਿੱਤਾ ਹੈ। ਕਿਸੇ ਹਕੂਮਤ ਵੱਲੋਂ ਵੀ ਕਿਸੇ ਨਿਹੱਕੀ ਜੰਗ ਵਿੱਚ ਮਾਵਾਂ ਦੇ ਪੁੱਤਰਾਂ ਦਾ ਜਾਨਾਂ ਗਵਾ ਦੇਣਾ, ਆਮ ਲੋਕਾਂ ਦਾ ਮਸਲਾ ਹੀ ਤਾਂ ਹੈ ।

ਹਰਬੰਸ ਸਿੰਘ ਨੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਵਿਚਾਲੇ ਕਾਰਗਿਲ ਵਾਲੇ ਇਲਾਕੇ ਦਾ ਅੰਤਰ-ਰਾਸ਼ਟਰੀ ਬਾਰਡਰ ਅਜੇ ਤੱਕ ਵਿਵਾਦਗ੍ਰਸਤ ਹੈ ਤੇ ਨਿਰਧਾਰਿਤ ਨਹੀਂ ਹੋ ਸਕਿਆ। ਭਾਰਤ ਤੇ ਪਾਕਿਸਤਾਨ ਦੇਸ਼ਾਂ ਦੇ ਵਿਚਕਾਰ ਅੰਤਰ-ਰਾਸ਼ਟਰੀ ਬਾਰਡਰ ਦਾ ਤੈਅ ਹੋਣ ਇੱਕ ਮਸਲਾ ਤਾਂ ਹੈ, ਪਰ ਦੋਨਾਂ ਦੇਸ਼ਾਂ ਦੀਆਂ ਸਰਕਾਰਾਂ ਵਿਚਾਲੇ ਮਿਲ-ਬੈਠ ਕੇ ਹੱਲ ਹੋਵੇਗਾ ਨਾਂ ਕਿ ਕੰਟਰੋਲ-ਰੇਖਾ ਕਹਿ ਕੇ ਦਿਨ-ਰਾਤ ਬੰਦੂਕਾਂ ਦੇ ਛਾਅ ਹੇਠ। ਕਾਰਗਿਲ ਦੇ ਕੰਟਰੋਲ ਨੇ ਦੋਨਾਂ ਦੇਸ਼ਾਂ ਦੇ ਹਜ਼ਾਰਾਂ ਜਿਉਂਦੇ ਜਾਗਦੇ ਪੁੱਤਰਾਂ ਨੂੰ, ਨਿਰਜੀਵ ਬੁੱਤਾਂ ਵਿੱਚ ਤਬਦੀਲ ਕਰਕੇ ਚੌਰਾਹਿਆਂ ਵਿੱਚ ਗੱਡ ਦਿੱਤਾ ਹੈ ਜਿੱਥੇ ਮਾਵਾਂ ਅਤੇ ਵਿਧਵਾਵਾਂ ਹੀ ਸਿਸਕੜੀਆਂ ਲੈਣ ਜਾਂਦੀਆਂ ਹਨ। ਜੇ ਕਰ ਇਨ੍ਹਾਂ ਮਾਵਾਂ ਦਾ ਦਰਦ ਸਰੋਤਿਆਂ ਦਾ ਦਰਦ ਨਹੀਂ ਤਾਂ ਹੋਰ ਕੀ ਹੈ? ਤਾਂ ਇਸ ਲਈ ਬੋਲਣ ਵਾਲੇ ਨਿੱਡਰ ਹੋਸਟ ਤੇ ਇੱਕ ਤਰਫੀ ਕਾਰਵਾਈ ਕਰਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ।

ਹਰਬੰਸ ਸਿੰਘ ਜੋ ਕਿ ਕੈਨੇਡੀਅਨ ਅਖਬਾਰ 'ਸਰੋਕਾਰਾਂ ਦੀ ਅਵਾਜ਼' ਦੇ ਸਰਪ੍ਰਸਤ ਵੀ ਹਨ, ਨੇ ਮੰਗ ਕੀਤੀ ਕਿ ਰੈਡ ਐਫ ਐਮ ਰੇਡੀਓ ਦੇ ਹੋਸਟ ਸ਼ਿਵਇੰਦਰ ਸਿੰਘ ਨੂੰ ਬਹਾਲ ਕੀਤਾ ਜਾਵੇ।

# ਘਰ ਕੀਮਤਾਂ 'ਚ ਉਛਾਲ, ਕੈਨੇਡਾ ਨੈਸ਼ਨਲ ਹਾਊਸਿੰਗ ਨੀਤੀ ਦਾ ਐਲਾਨ

(ਸ.ਫਾ 1 ਦੀ ਬਾਕੀ)

ਲਈ ਮੈਟਰੋ ਵੈਨਕੁਵਰ ਵਿੱਚ ਨਵਾਂ ਪਰਾਪਰਟੀ ਟੈਕਸ ਲਗਾ ਦਿੱਤਾ ਹੈ ਜਿਸ ਨਾਲ ਰੈਜ਼ੀਡੈਂਸ਼ੀਅਲ ਪ੍ਰਾਪਰਟੀ ਦੇ ਖਰੀਦ ਤਬਾਦਲੇ ਵੇਲੇ ਵਿਦੇਸ਼ੀ ਪੂੰਜੀ ਨਿਵੇਸ਼ਕ ਨੂੰ 15% ਟੈਕਸ ਦਰ ਭਰਣੀ ਪਵੇਗੀ। ਟੋਰਾਂਟੋ ਰੀਅਲ ਇਸਟੇਟ ਬੋਰਡ ਮੁਤਾਬਿਕ ਟੋਰਾਂਟੋ ਖੇਤਰ ਦੇ ਘਰਾਂ ਦੀ ਰੀਸੇਲ ਵਿੱਚ ਔਸਤਨ ਕੀਮਤ ਵਿੱਚ ਪਿਛਲੇ ਸਾਲ ਵਿੱਚ ਹੀ 18% ਦੀ ਚੜ੍ਹੰਤ ਦੇਖੀ ਗਈ ਹੈ। ਸਾਬਕਾ ਫੈਡਰਲ ਵਿੱਤ ਮੰਤਰੀ ਜੋਅ ਓਲੀਵਰ ਅਤੇ ਟੋਰਾਂਟੋ ਕੌਂਸਲਰ ਜਿਮ ਕੈਰੀਜੀਐਨੀਸ ਨੇ ਬੀ ਸੀ ਪਰੋਵਿੰਸ ਦੀ ਤਰ੍ਹਾਂ ਟੋਰਾਂਟੋ ਖੇਤਰ ਵਿੱਚ ਵੀ ਵਿਦੇਸ਼ੀ ਖਰੀਦ-ਦਾਰਾਂ ਲਈ ਟੈਕਸ ਦੀ ਤਜ਼ਵੀਜ਼ ਰੱਖੀ ਹੈ। ਪਰ ਫੈਡਰਲ ਜਾਇੰਟ ਹਊਸਿੰਗ ਕਮੇਟੀ ਦੇ ਮੈਂਬਰ ਸ਼੍ਰੀ ਸਾਊਸਾ ਨੇ ਖਦਸ਼ਾ ਜਾਹਿਰ ਕੀਤਾ ਹੈ ਕਿ ਟੋਰਾਂਟੋ ਖੇਤਰ ਵਿੱਚ ਇਹ ਲੈਵੀ ਟੈਕਸ ਲਾਗੂ ਕਰਨ ਨਾਲ ਓਂਟਾਰੀਓ ਪਰੋਵਿੰਸ ਦੇ ਬਾਕੀ ਇਲਾਕਿਆਂ ਵਿੱਚ ਘਰ ਦੀਆਂ ਕੀਮਤਾਂ ਵਿੱਚ ਉਛਾਲ ਆ ਜਾਵੇਗਾ। ਓਂਟਾਰਿਓ ਪਰੋਵਿੰਸ ਦੀ ਪ੍ਰੀਮੀਅਮ ਕੈਥਲਿਨ ਨੇ ਵੀ ਘਰਾਂ ਦੀ ਅਸਮਾਨ ਵੱਲ ਵਧ ਰਹੀਆਂ ਕੀਮਤਾਂ ਤੇ ਗਹਿਰੀ ਚਿੰਤਾ ਜਾਹਿਰ ਕੀਤੀ ਹੈ। ਚਾਹੇ ਕੋਈ ਸਮਾਂਬੱਧ ਨਹੀਂ ਪਰ ਸਰਕਾਰੀ ਸੂਤਰਾਂ ਮੁਤਾਬਿਕ ਇਸ ਸਾਲ ਦੇ ਅੰਤ ਤੱਕ ਪਰੋਵੀਂਸੀਅਲ ਸਰਕਾਰ ਇਸ ਦੇ ਸੁਧਾਰ ਲਈ ਠੋਸ ਕਦਮ ਚੁੱਕਣ ਦੀ ਸੰਭਾਵਨਾ ਹੈ।

ਕੈਨੇਡਾ ਸਰਕਾਰ ਵਲੋਂ ਹਾਊਸਿੰਗ ਸਿਸਟਮ ਨੂੰ ਹਰ ਪੱਧਰ ਤੇ ਨੀਤੀਆਂ, ਨਿਯਮਾਂ, ਕਾਨੂੰਨਾਂ, ਬਿਲਡਿੰਗ ਕੋਡ ਅਤੇ ਸਟੈਂਡਰਡਾਂ ਰਾਹੀ ਨਿਰਧਾਰਤ ਕੀਤਾ ਜਾਂਦਾ ਹੈ। ਇਸ ਢਾਂਚੇ ਰਾਹੀਂ ਨਾਗਰਿਕਾਂ ਲਈ ਅਵਾਸ ਮੁਸ਼ਕਲਾਂ ਦੇ ਹੱਲ ਲਈ ਯਤਨ ਕੀਤੇ ਜਾਂਦੇ ਹਨ, ਚਾਹੇ ਇਹ ਮਕਾਨ ਮਾਲਕਾਂ ਲਈ ਹੋਣ, ਚਾਹੇ ਨਿੱਜੀ ਜਾਂ ਪਬਲਿਕ ਖੇਤਰ ਦੇ ਕਿਰਾਇਆ ਘਰਾਂ ਲਈ ਹੋਣ ਜਾਂ ਅਵਾਸ ਲਈ ਆਰਥਿਕ ਮਦਦ ਲਈ ਹੋਣ। ਕਾਨੂੰਨੀ ਅਤੇ ਵਿੱਤੀ ਢਾਂਚੇ ਰਾਹੀਂ ਘਰਾਂ ਦੀ ਨੀਤੀ ਵਿੱਚ ਲੋਕਾਂ ਦਾ ਵਿਸ਼ਵਾਸ ਮਜ਼ਬੂਤ ਕਰਣ ਦੇ ਉਪਰਾਲੇ ਜਾਰੀ ਰਹਿੰਦੇ ਹਨ। ਲੈਂਡ ਰਜਿਸਟਰੇਸ਼ਨ ਸਿਸਟਮ ਰਾਹੀਂ ਵੇਚਣ, ਖਰੀਦਣ ਅਤੇ ਲੀਜ਼ ਵਾਲਿਆਂ ਨੂੰ ਨਿਰਧਾਰਤ ਕਰਕੇ ਕਾਨੂੰਨੀ ਸੁੱਰਖਿਆ ਦਿੱਤੀ ਜਾਂਦੀ ਹੈ। ਕਈ ਪ੍ਰੋਵਿੰਸ਼ਿਅਲ ਅਤੇ ਫੈਡਰਲ ਕਨੂੰਨ ਹਨ ਜਿਹੜੇ ਕਿਰਾਏਦਾਰਾਂ ਨੂੰ ਕਈ ਹੱਕ ਦਿੰਦੇ ਹਨ ਜਿਸ ਨਾਲ ਉਨ੍ਹਾਂ ਨੂੰ ਜਬਰੀ ਕੱਢੇ ਜਾਣ ਤੋਂ ਬਚਾਉਂਦੇ ਹਨ ਅਤੇ ਮਕਾਨ ਮਾਲਕਾਂ ਨੂੰ ਵੀ ਉਨ੍ਹਾਂ ਦੇ ਹੱਕ ਪ੍ਰਦਾਨ ਕਰਦੇ ਹਨ। ਕਾਨੂੰਨੀ ਅਤੇ ਨਿਯਮਾਂ ਰਾਹੀ ਘਰਾਂ ਦੀ ਬਣਤਰ ਦੇ ਮਿਆਰ ਅਤੇ ਮਜ਼ਬੂਤੀ ਦੀ ਨਜ਼ਰਸਾਨੀ ਵੀ ਰੱਖੀ ਜਾਂਦੀ ਹੈ। ਮਿਉਂਸਪਲ ਜ਼ੋਨੀਂਗ ਪਲੈਨਿੰਗ ਅਤੇ ਜ਼ਮੀਨ ਨੂੰ ਵਰਤਣ ਦੇ ਨਿਯਮ ਬਣਾਕੇ ਘਰਾਂ ਦੀ ਕਮਿਤ, ਇਲਾਕੇ ਦੀ ਵਸੋਂ ਦੀ ਪਲੈਨਿੰਗ ਅਤੇ ਹੋਰ ਸੇਵਾਵਾਂ ਦੀ ਗਿਣਤੀ ਨਿਰਧਾਰਿਤ ਕੀਤੀ ਜਾਂਦੀ ਹੈ। ਖਰੀਦਣ ਲਈ ਆਰਿਥਕ ਮਦਦ ਅਤੇ ਮਾਰਟਗੇਜ਼ ਲੋਨ ਦਰਾਂ ਵੀ ਨਿਰਧਾਰਿਤ ਕੀਤੀਆਂ ਜਾਂਦੀਆਂ ਹੈ ਅਤੇ ਇਨ੍ਹਾਂ ਦੀ ਮਾਰਕੀਟ ਤੇ ਵੀ ਨਜ਼ਰਸਾਨੀ ਕਰਕੇ ਲੋੜੀਦੀਂ ਨੀਤੀ ਘੜ੍ਹੀ ਜਾਂਦੀ ਹੈ। ਮਾਰਟਗੇਜ਼ ਲੋਨ ਵਿਆਜ਼ ਦਰਾਂ ਨੂੰ ਵੀ ਨੇਮ ਬੰਧ ਰੱਖਿਆ ਜਾਂਦਾ ਹੈ ।

ਕੈਲਗਰੀ ਹੋਮਲੈਸ ਫਾਊਂਡੇਸ਼ਨ ਦੇ ਰੀਸਰਚ ਅਤੇ ਡਾਟਾ ਦੇ ਡਾਇਰੈਕਟਰ ਨਿੱਕ ਫਾਲਵੋ ਨੇ ਵੀ ਇਸ ਚਰਚਾ ਵਿੱਚ ਸ਼ਾਮਲ ਹੁੰਦੇ ਦੱਸਿਆ ਹੈ ਕਿ ਕੈਨੇਡਾ ਸਰਕਾਰ ਵੱਲੋਂ ਪਬਲਿਕ ਸੋਸ਼ਲ ਹਾਊਸਿੰਗ ਸਕੀਮਾਂ ਤੇ ਬਹੁਤ ਘੱਟ ਫੰਡ ਖਰਚ ਕਰਨ ਕਰਕੇ ਵੀ ਲੋਕ ਨਿੱਜੀ ਘਰਾਂ ਵੱਲ ਜਾ ਰਹੇ ਹਨ। ਸਰਕਾਰ ਵੱਲੋਂ ਪਬਲਿਕ ਸੋਸ਼ਲ ਹਾਊਸਿੰਗ ਸਕੀਮ ਤੇ ਫੰਡ ਕੁੱਲ ਘਰੇਲੂ ਉਤਪਾਦ ਦਾ ਸਿਰਫ 17 % ਹੀ ਰੱਖਿਆ ਗਿਆ ਹੈ ਜਦਕਿ ਇਸ ਦੇ ਜੀਵਨ ਪੱਧਰ ਦੇ ਹੋਰ ਮੁਲਕ ਜਨਤਾ ਲਈ ਘਰਾਂ ਦੀ ਸੋਸ਼ਲ ਸਕੀਮ ਤੇ 22% ਖਰਚ ਕਰਦੇ ਹਨ। ਇਸ ਦੀ ਗਿਣਤੀ ਅੰਦਾਜ਼ੇ ਲਈ 1% ਕੁੱਲ ਘਰੇਲੂ ਉਤਪਾਦ ਦੇ ਖਰਚੇ ਦਾ ਮਤਲਬ ਹਰੇਕ ਕੈਨੇਡੀਅਨ ਨੂੰ ਸਿਰਫ 560 ਡਾਲਰ ਬਣਦੇ ਹਨ। ਕੈਨੇਡਾ ਸਰਕਾਰ ਦੁਆਰਾ ਘੱਟ ਆਮਦਨ ਵਾਲੇ ਪਰਿਵਾਰਾਂ ਲਈ ਬਣੇ ਸੋਸ਼ਿਲ ਹਾਊਸਿੰਗ ਘਰ, ਸਿਰਫ 5% ਅਬਾਦੀ ਲਈ ਹੀ ਉਪਲਬਧ ਹਨ ਜਦਕਿ ਇੰਗਲੈਂਡ ਵਿੱਚ 18% ; ਫਰਾਂਸ ਵਿੱਚ 19% ਅਤੇ ਸਵਡਿਨ ਵਿੱਚ 32% ਸ਼ੋਸ਼ਲ ਘਰ ਗਰੀਬ ਪਰਿਵਾਰਾਂ ਲਈ ਹਨ। ਸੋਸ਼ਲ ਹਾਊਸਿੰਗ ਸਕੀਮ ਲਈ ਕੈਨੇਡਾ ਫੈਡਰਲ ਸਰਕਾਰ ਦੇ ਆਗੂ ਰੋਲ ਦੀ ਘਾਟ ਹੈ ਕਿਉਂਕਿ ਤਜ਼ਰਬਾ ਦੱਸਦਾ ਹੈ ਕਿ ਜਦ ਵੀ ਫੈਡਰਲ ਸਰਕਾਰ ਨੇ ਨਵੇਂ ਸੋਸ਼ਲ ਘਰਾਂ ਲਈ ਫੰਡ ਦਿੱਤੇ ਤਾਂ ਪਰੋਵਿੰਸ ਅਤੇ ਟੈਰੀਟੋਰਿਲ ਸਰਕਾਰਾਂ ਨੇ ਬਰਾਬਰ ਦੇ ਫੰਡ ਪਾਏ ਹਨ ਪਰ ਜਦੋਂ ਵੀ ਫੈਡਰਲ ਸਰਕਾਰ ਨੇ ਇਸ ਲਈ ਹੱਥ ਘੁਟਿਆ ਤਾਂ ਇਨ੍ਹਾਂ ਸਰਕਾਰਾਂ ਨੇ ਵੀ ਬੰਦ ਕੀਤੇ ਹਨ ਅਤੇ ਪਹਿਲਾਂ ਹੀ ਬਣੇ ਸੋਸ਼ਲ ਸੈਕਟਰ ਦੇ ਘਰਾਂ ਦੀ ਸਾਂਭ ਸੰਭਾਲ ਦੇ ਖਰਚੇ ਤੋਂ ਵੀ ਸਰਕਾਰਾਂ ਹੱਥ ਖਿੱਚ ਰਹੀਆਂ ਹਨ। ਇਨ੍ਹਾਂ ਸੋਸ਼ਲ ਸਕੀਮ ਦੇ ਘਰਾਂ ਦੀ ਦੇਖ-ਰੇਖ ਕਰ ਰਹੀਆਂ ਗੈਰ-ਮੁਨਾਫੇ ਵਾਲੀਆਂ ਜੱਥੇਬੰਦੀਆਂ ਨੂੰ ਦਿੱਤੇ ਜਾਣ ਵਾਲੇ ਫੰਡ ਹਰ ਸਾਲ ਘਟਾਏ ਜਾ ਰਹੇ। ਇੱਕ ਸਰਵੇ ਮੁਤਾਬਿਕ, 13 % ਕੈਨੇਡੀਅਨ ਪਰਿਵਾਰ ਘਰਾਂ ਲਈ ਲੋੜਵੰਦ ਹਨ। 19% ਮੂਲਨਿਵਾਸੀ ਪਰਿਵਾਰ ਅਤੇ 34% ਫਸਟ ਨੈਸ਼ਨਲ, ਇਨੂਟ ਅਤੇ ਮੇਟਿਜ਼ ਲੋਕ ਲੋੜਵੰਦ ਹਨ। ਕੈਲਗਿਰੀ ਹੋਮਲੈਸ ਫਾਊਂਡੇਸ਼ਨ ਨੇ ਮੰਗ ਕੀਤੀ ਕਿ ਸਰਕਾਰ ਪਬਿਲਕ ਸੋਸ਼ਲ ਫੰਡ ਵਿੱਚ ਵਾਧਾ ਕਰਕੇ ਸੋਸ਼ਲ ਘਰਾਂ ਅਤੇ ਇਸ ਸਹਾਇਤਾ ਲਈ ਬਣੇ ਦੂਸਰੇ ਘਰਾਂ ਵਿੱਚ ਵੀ ਵਾਧਾ ਕਰੇ। ਪਹਿਲਾਂ ਬਣੇ ਸੋਸ਼ਲ ਘਰਾਂ ਦੀ ਸਾਭ ਸੰਭਾਲ ਕਰ ਰਹੀਆ ਗੈਰ-ਮੁਨਾਫੇ ਵਾਲੀਆ ਜੱਥੇਬੰਦੀਆਂ ਦਾ ਫੰਡ ਵੀ ਵਧਾਇਆ ਜਾਵੇ। ਮੂਲਨਿਵਾਸੀ, ਫਸਟ ਨੈਸ਼ਨ, ਇਨੂਟ ਅਤੇ ਮੇਟਿਜ਼ ਲੋਕਾਂ ਦੇ ਲਈ ਪਹਿਲ ਦੇ ਅਧਾਰ ਤੇ ਘਰਾਂ ਦਾ ਪ੍ਰਬੰਧ ਕੀਤਾ ਜਾਵੇ ।

ਕੈਨੇਡਾ ਸਰਕਾਰ ਦਾ ਮਜ਼ਬੂਤ ਹਾਉਸਿੰਗ ਸਿਸਟਮ ਅਤੇ ਨੈਸ਼ਨਲ ਹਾਊਸਿੰਗ ਸਟਰੈਟਿਜੀਦੀ ਵਿਉਂਤਬੰਦੀ ਪ੍ਰਭਾਵਸ਼ਾਲੀ ਹੈ ਪਰ ਸੋਸ਼ਲ ਹਾਉਸਿੰਗ ਸਕੀਮ ਲਈ ਕੈਨੇਡਾ ਫੈਡਰਲ ਸਰਕਾਰ ਦਾ ਮਜ਼ਬੂਤ ਆਗੂ ਰੋਲ ਇਸ ਸਮੇਂ ਦੀ ਜ਼ਰੂਰਤ ਹੈ। ਸਾਰਿਆਂ ਨੂੰ ਘਰ ਦੇ ਸਸਤੇ ਘਰ ਦੇ ਸੁਪਨੇ ਲਈ ਇਸ ਸਕੀਮ ਤੇ ਫੰਡ ਖਰਚਾ ਵਧਾਏ ਜਾਣ ਦੀ ਸਖਤ ਜਰੂਰਤ ਹੈ। ਸਾਰੇ ਲੋੜਵੰਦ ਲੋਕਾਂ ਲਈ ਸਸਤੇ ਅਤੇ ਸੋਸ਼ਲ ਸਕੀਮ ਵਾਲੇ ਘਰਾਂ ਦੀ ਸਹੂਲਤ ਨਾਲ ਹੀ ਖਰੀਦ-ਦਾਰਾਂ ਦਾ ਘਰਾਂ ਦੀ ਖਰੀਦ ਮਾਰਕੀਟ ਵੱਲ ਜਾਣ ਦਾ ਰੁਝਾਨ ਘਟੇਗਾ ਅਤੇ ਕੀਮਤਾਂ ਦਾ ਉਛਾਲ ਰੁਕੇਗਾ। ਕਿਰਾਏ ਦੀ ਆਮਦਨ ਦੀ ਪ੍ਰਾਪਤੀ ਮੰਤਵ ਲਈ ਘਰਾਂ 'ਤੇ ਵਾਧੂ ਪੂੰਜੀ ਨਿਵੇਸ਼ ਕਰਨ ਦੇ ਰੁਝਾਨ ਨੂੰ ਵੀ ਠੱਲ ਪਵੇਗੀ ਅਤੇ ਘਰ ਕੀਮਤਾਂ ਦੀ ਚੜ੍ਹਤ ਰੁਕੇਗੀ। ਇਸ ਨਾਲ ਹੀ ਹਰ ਇੱਕ ਕੈਨੇਡੀਅਨ ਪਰਿਵਾਰ ਲਈ ਸਸਤੇ ਰੈਣ-ਵਸੇਰੇ ਦੇ ਸੁਪਨੇ ਦੇ ਨਾਲ ਨਾਲ ਤੰਦਰੁਸਤ ਖੁਸ਼ਹਾਲ ਪਰਿਵਾਰ, ਸਮਾਜ ਅਤੇ ਆਰਥਿਕਤਾ ਦੀ ਉਸਾਰੀ ਸੰਭਵ ਹੈ।

# ਸ਼ਿਵ ਇੰਦਰ ਸਿੰਘ ਨੇ ਨਿਗਰਾਨ ਏਜੰਸੀ ਸੀ.ਆਰ.ਸੀ.ਟੀ. ਨੂੰ ਚਿੱਠੀ ਲਿਖ ਕੇ ਪੱਤਰਕਾਰੀ ਦੇ ਖੇਤਰ ਵਿੱਚ ਸਿਆਸੀ ਦ.ਖ਼ਲ ਦਾ ਮੁੱਦਾ ਉਠਾਇਆ

"ਰੈੱਡ ਐੱਫ਼ਐੱਮ ਦੇ ਹਮਦਰਦਾਂ ਨੇ ਪਹਿਲਾਂ ਤਾਂ ਅਸਿਧੇ ਰੂਪ 'ਚ ਚੇਤਾਵਨੀ ਦਿੰਦਿਆਂ ਕਿਹਾ ਕਿ ਮੈਂ ਇੰਞ ਨਾ ਕਰਾਂ ਕਿਉਂਕਿ ਅਦਾਰਾ ਬਹੁਤ ਵੱਡਾ ਹੈ ਐੱਨ.ਆਰ.ਆਈ. ਮੀਡੀਏ 'ਚ ਤੇਰੀ ਪੱਤਰਕਾਰੀ ਦੇ ਭਵਿੱਖ 'ਤੇ ਸਵਾਲੀਆਚਿੰਨ੍ਹ ਲੱਗ ਸਕਦਾ ਹੈ? ਜਦੋਂ ਮੈਂ ਇਹ ਸਾਫ ਆਖ 'ਤਾ ਕਿ ਮੈਂ ਜਦੋਂ ਮੈਦਾਨ 'ਚ ਨਿਤਰਿਆਂ ਹਾਂ ਤਾਂ ਇਹ ਸਭ ਮੇਰੇ ਜ਼ਿਹਨ 'ਚ ਸੀ ਮੈਨੂੰ ਕੋਈ ਪ੍ਰਵਾਹ ਨਹੀਂ? ਇਹ ਤਾਂ ਮੈਨੂੰ ਇਲਮ ਹੈ ਕਿ ਕੁਝ ਵੀ ਹੋ ਸਕਦਾ ਹੈ, ਮੈਂ ਭਵਿੱਖ ਸੁਰੱਖਿਅਤ ਰੱਖਣ ਨਾਲੋਂ ਵੱਧ ਤਰਜੀਹ ਜ਼ਮੀਰ ਦੀ ਆਵਾਜ਼ ਨੂੰ ਦੇ ਰਿਹਾ ਹਾਂ? ਜੋ ਪਹਿਲਾਂ ਹੀ ਸਭ ਧਾਰ ਕੇ ਆਉਂਦਾ ਹੈ ਉਹਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੁੰਦੀ? ਚਿੰਤਾ ਉਸਨੂੰ ਕਰਨੀ ਚਾਹੀਦੀ ਹੈ ਜੋ ਸਭ ਕੁਝ ਬਚਾਉਣ 'ਚ ਲੱਗਿਆ ਹੋਵੇ? ਉਸ ਤੋਂ ਬਾਅਦ ਜਿਵੇਂ ਭਾਰਤ ਦੇ ਲੋਕ-ਪੱਖੀ ਕੌਮੀ ਮੀਡੀਆ, ਸਥਾਪਤ ਮੀਡੀਆ ਦੇ ਇੱਕ ਹਿੱਸੇ ਤੇ ਕੈਨੇਡਾ ਦੇ ਮੀਡੀਆ ਨੇ ਇਸ ਖ਼ਬਰ ਨੂੰ ਥਾਂ ਦਿੱਤੀ ਤਾਂ ਰੇਡੀਓ ਦੇ ਭਗਤ ਡਰ ਕੇ ਸਮਝੌਤਾ ਕਰਨ ਲਈ ਕਹਿਣ ਲੱਗੇ ਕੁਝ ਨੇ ਤਾਂ ਕਿਹਾ ਅਸੀਂ ਦੁਬਾਰਾ ਤੈਨੂੰ ਜੁਆਇਨ ਕਰਾਉਂਦੇ ਹਾਂ? ਪਰ ਮੈਂ ਅਜਿਹਾ ਕਰਨ ਤੋਂ ਸਾਫ ਇਨਕਾਰ ਕਰ ਦਿੱਤਾ? ਮੈਨੂੰ ਆਪਣੇ ਦੋਸਤਾਂ ਨੂੰ ਵੀ ਇਹ ਸਪਸ਼ਟ ਕਰ ਦੇਵਾਂ ਕਿ ਮੇਰੀ ਲੜਾਈ ਨੌਕਰੀ ਪ੍ਰਾਪਤੀ ਲਈ ਨਹੀਂ ਹੈ ਕਿਰਪਾ ਕਰਕੇ ਮੇਰੀ ਲੜਾਈ ਨੂੰ ਇੰਨਾ ਛੋਟਾ ਨਾ ਸਮਝਿਆ ਜਾਵੇ? ਇਹ ਲੜਾਈ ਵਿਚਾਰਾਂ ਦੀ ਆਜ਼ਾਦੀ ਦੀ ਲੜਾਈ ਹੈ? ਮੈਂ ਸੀਆਰਟੀਸੀ ਨੂੰ ਵੀ ਆਪਣੀ ਚਿੱਠੀ 'ਚ ਇਹੀ ਲਿਖਿਆ ਹੈ? ਮੁੱਦਾ ਹੈ ਜੋ ਕੁਝ ਸਥਾਪਤੀ ਦੇ ਪ੍ਰਭਾਵ ਹੇਠ ਭਾਰਤੀ ਮੀਡੀਏ 'ਚ ਆਏ ਦਿਨ ਹੋ ਰਿਹਾ ਹੈ ਇਹ ਵਰਤਾਰਾ ਪ੍ਰਵਾਸੀ ਮੀਡੀਆ 'ਚ ਵੀ ਹੋਣ ਲੱਗਾ ਹੈ? ਇਸ ਖਤਰਨਾਕ ਰੁਝਾਨ ਵਿਰੁੱਧ ਆਵਾਜ਼ ਉਠਾਓ? ਇੱਕ ਗੱਲ ਹੋਰ ਮੇਰੇ ਲਈ ਨੌਕਰੀ ਸਿਰਫ ਇੱਕ ਪੱਲ ਮੁੱਦਾ ਰਿਹਾ ਜਦੋਂ ਮੈਨੂੰ ਬਿਨਾਂ ਦੱਸੇ ਬਰਖਾਸਤ ਕੀਤਾ ਗਿਆ ਮੈਨੂੰ ਇਸ ਦੇ ਕਾਰਨਾਂ ਬਾਰੇ ਕੁਝ ਵੀ ਨਹੀਂ ਪਤਾ ਸੀ? ਪਰ ਜਦੋਂ ਮੇਰੇ ਦੋ ਹਮਦਰਦਾਂ ਨੂੰ ਰੇਡੀਓ ਮਾਲਕ ਨੇ ਕਾਰਗਿਲ ਦੇ ਮਸਲੇ ਦਾ ਹਵਾਲਾ ਦਿੱਤਾ ਜਾ ਉਹ ਕੱਚ ਘਰੱੜ ਦਲੀਲਾਂ ਦਿੱਤੀਆਂ ਜੋ ਮੈਂ ਪੰਜਾਬੀ ਵਾਲੀ ਚਿੱਠੀ 'ਚ ਦਿਤੀਆਂ ਨੇ ਤਾਂ ਮੈਨੂੰ ਲੱਗਾ ਕਿ ਅਜਿਹੇ ਅਦਾਰੇ 'ਚ ਆਤਮਾ ਦਾ ਸੂਰਜ ਡੋਬ ਕੇ ਨੌਕਰੀ ਕਰਨੀ ਬਿਲਕੁਲ ਵੀ ਸਹੀ ਨਹੀਂ ਮੇਰੇ ਲਈ? ਸੋ ਦੋਸਤੋ ਮੈਂ ਇੱਕ ਵਾਰ ਫਿਰ ਆਖਦਾ ਕੇ ਮੇਰੀ ਲੜਾਈ ਨੂੰ ਨੌਕਰੀ ਪ੍ਰਾਪਤੀ ਦੀ ਲੜਾਈ ਨਾ ਸਮਝਿਆ ਜਾਵੇ 'ਵੈਨਕੂਵਰ, ਵੈੱਬਸਾਈਟ 'ਸੂਹੀ ਸਵੇਰ' ਦੇ ਮੁੱਖ ਸੰਪਾਦਕ ਅਤੇ ਕੈਨੇਡਾ ਵਿੱਚ ਵੱਖ ਵੱਖ ਰੇਡੀਓਜ਼ ਤੋਂ ਭਾਰਤ ਤੇ ਪੰਜਾਬ ਦੇ ਮੌਜੂਦਾ ਹਾਲਾਤ ਬਾਰੇ ਕੁਮੈਂਟਰੀ ਕਰਨ ਵਾਲੇ ਪੱਤਰਕਾਰ ਸ਼ਿਵ ਇੰਦਰ ਸਿੰਘ ਨੇ ਨਿਗਰਾਨ ਏਜੰਸੀ ਸੀ.ਆਰ.ਸੀ.ਟੀ. ਨੂੰ ਚਿੱਠੀ ਲਿਖ ਕੇ ਪੱਤਰਕਾਰੀ ਦੇ ਖੇਤਰ ਵਿੱਚ ਸਿਆਸੀ ਦਖ਼ਲ ਦਾ ਮੁੱਦਾ ਉਠਾਇਆ। ਯਾਦ ਰਹੇ ਕਿ ਸ਼ਿਵ ਇੰਦਰ ਸਿੰਘ ਕੈਨੇਡਾ ਦੇ ਰੇਡੀਓ ਰੈਡ ਐੱਫਐੱਮ ਲਈ ਅਕਤੂਬਰ 2014 ਤੋਂ ਵੱਖ ਵੱਖ ਚਲੰਤ ਮੁੱਦਿਆਂ ਉਤੇ ਕੁਮੈਂਟਰੀ ਕਰਦੇ ਆ ਰਹੇ ਹਨ ਪਰ ਉਸ ਵੱਲੋਂ ਰੇਡੀਓ ਦੇ ਇਕ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਭਾਜਪਾ ਅਤੇ ਭਾਰਤੀ ਫ਼ੌਜ ਨਾਲ ਸਬੰਧਤ ਅਸਹਿਮਤੀ ਵਾਲੀਆਂ ਟਿੱਪਣੀਆਂ ਦੇਣ ਕਾਰਨ ਉਸ ਨੂੰ ਕੰਮ ਤੋਂ ਜਵਾਬ ਦੇ ਦਿੱਤਾ ਗਿਆ। ਸੀ.ਆਰ.ਸੀ.ਟੀ. ਨੂੰ ਲਿਖੀ ਲੰਮੀ ਚਿੱਠੀ ਵਿੱਚ ਸ਼ਿਵ ਇੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ਉਸ ਨੇ ਇਹ ਚਿੱਠੀ ਆਪਣਾ ਕੰਮ ਮੁੜ ਹਾਸਲ ਕਰਨ ਲਈ ਨਹੀਂ ਲਿਖੀ, ਸਗੋਂ ਮਸਲਾ ਪੱਤਰਕਾਰੀ ਦੇ ਖੇਤਰ ਵਿੱਚ ਸਿੱਧੇ ਸਿਆਸੀ ਦਖ਼ਲ ਦਾ ਹੈ। ਉਨ੍ਹਾਂ ਆਖਿਆ ਕਿ ਭਾਰਤ ਵਿੱਚ ਹੀ ਨਹੀਂ, ਸਗੋਂ ਪੂਰੇ ਦੱਖਣੀ ਏਸ਼ੀਆ ਵਿੱਚ ਪੱਤਰਕਾਰੀ ਵਿੱਚ ਦਖ਼ਲ ਦੇ ਮਾਮਲੇ ਨਿੱਤ ਵਧ ਰਹੇ ਹਨ। ਸ੍ਰੀ ਸ਼ਿਵ ਇੰਦਰ ਸਿੰਘ ਨੇ ਆਪਣੀ ਕੁਮੈਂਟਰੀ ਵਿੱਚ ਮੋਦੀ ਅਤੇ ਭਾਜਪਾ ਵੱਲੋਂ ਵਿੱਢੀ ਅਸਹਿਣਸ਼ੀਲਤਾ ਵਾਲੀ ਮੁਹਿੰਮ ਬਾਰੇ ਸੱਚੋ-ਸੱਚ ਟਿੱਪਣੀਆਂ ਕੀਤੀਆਂ, ਜਿਸ ਉਤੇ ਸਬੰਧਿਤ ਹੋਸਟ ਵੱਲੋਂ ਵਾਰ ਵਾਰ ਟੋਕਾ-ਟਾਕੀ ਕੀਤੀ ਗਈ ਅਤੇ ਆਖਰਕਾਰ ਉਸ ਦੀ ਕੁਮੈਂਟਰੀ ਬੰਦ ਕਰ ਦਿੱਤੀ ਗਈ।

# Democracy, Equality, and Secularism in South Asia (DESSA )

We, strongly condemn the suspension of Shiv Inder Singh, an Independent Journalist by the Radio Red-FMbased in Vancouver, BC.

On July 27, Shiv Inder Singh on a radio talk show was presenting his critical views about the Government of India's celebrating a border conflict between India and Pakistan. Mr. Shiv Inder Singh has always been very critical of the Human right abuses by the Modi Government and the Indian army. Mr. Singh was taken off the air by the management of Radio Red-FM due to complaints of certain pro Government of India lobbyists based in BC.

In any Democracy, Free Press and critical Journalism are absolutely necessary to safeguard the very same foundations of Democracy. This kind of high handedness will only spread the misinformation about what is happening in India and silencing any dialogue and healthy criticism.

We demand that Radio Red-FM must reinstate Mr. Singh to give its listeners of South Asian diaspora a very balanced perspective of issues in India. Furthermore, we also request all other Indian-Canadian organizations to speak against this kind of attacks on the Journalist freedom in the spirit of Canadian Democracy.

## ਪਿਛਲੇ ਕਈ ਦਿਨਾਂ ਤੋਂ ਦੋਸਤ ਪੁੱਛ ਰਹੇ ਨੇ ਕੇ ਮੈਂ ਰੈੱਡ. ਐੱਫ. ਐੱਮ ਹੁਣ ਨਿਊਜ਼ ਕਿਓਂ ਨਹੀਂ ਦੇ ਰਿਹਾ ਇਸਦਾ ਜਵਾਬ ਮੇਰੇ ਵੱਲੋਂ ਪੰਜਾਬੀ ਚ ਰੇਡੀਓ ਦੇ ਮਾਲਕ ਨੂੰ ਲਿਖੇ ਪੱਤਰ 'ਚ ਮਿਲ ਜਾਵੇਗਾ ਨਾਲ ਦੀ ਸੀ.ਆਰ.ਟੀ.ਸੀ. ਨੂੰ ਲਿਖੀ ਚਿੱਠੀ 'ਚੋਂ ਜਿਸ 'ਚੋਂ ਪਤਾ ਲਗਦਾ ਹੈ ਕਿ ਭਾਰਤੀ ਹਕੂਮਤ ਦਾ ਪ੍ਰਭਾਵ ਪ੍ਰਵਾਸੀ ਮੀਡੀਆ ਦੇ ਇੱਕ ਖਾਸ ਹਿੱਸੇ 'ਤੇ ਵੀ ਪੈਣਾ ਸ਼ੁਰੂ ਹੋ ਗਿਆ ਹੈ

ਸਤਿਕਾਰਤ ਕੁਲਵਿੰਦਰ ਸੰਘੇੜਾ ਜੀ

ਆਦਾਬ !

ਰੈੱਡ ਐੱਫ ਐੱਮ ਦੇ ਈਵਨਿੰਗ ਸ਼ੋਅ 'ਚੋਂ ਮੇਰੇ ਭਾਰਤ ਦੀਆਂ ਖ਼ਬਰਾਂ ਅਤੇ ਤਬਸਰੇ ਵਾਲੇ ਹਿੱਸੇ ਨੂੰ ਬੰਦ ਕਰਨ ਬਾਰੇ ਤੁਸੀਂ ਮੇਰੇ ਦੋ ਦੋਸਤਾਂ ਪ੍ਰਸ਼ੋਤਮ ਦੁਸਾਂਝ ਤੇ ਅਵਤਾਰ ਗਿੱਲ ਨੂੰ ਦੱਸਿਆ ਕਿ ਸ਼ਿਵ ਇੰਦਰ ਨੇ ਆਪਣੇ ਤਬਸਰੇ 'ਚ 'ਕਾਰਗਿਲ ਦੇ ਵਿਜੈ ਦਿਵਸ 'ਤੇ ਕੁਝ ਅਜਿਹਾ ਇਤਰਾਜ਼ਯੋਗ ਆਖ 'ਤਾ ਜਿਸ 'ਤੇ ਸਾਬਕਾ ਫ਼ੌਜੀਆਂ ਦੇ ਇਤਰਾਜ਼ ਭਰੇ ਫੋਨ ਆਏ ਜਿਸ ਕਰਕੇ ਸਾਨੂੰ ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਤਿੰਨ ਕੁ ਮਹੀਨੇ ਲਈ ਇਹ ਕਦਮ ਉਠਾਉਣਾ ਪਿਆ। ਪਰ ਸਾਨੂੰ ਖੁਦ ਕੋਈ ਇਤਰਾਜ਼ ਨਹੀਂ ਹੈ। ਸ਼ਿਵ ਇੰਦਰ ਮਿਹਨਤੀ ਪੱਤਰਕਾਰ ਹੈ, ਤਜਰਬੇਕਾਰ ਹੈ ਭਾਰਤੀ ਮਸਲਿਆਂ 'ਤੇ ਉਸਦੀ ਚੰਗੀ ਪਕੜ ਹੈ। ਉਹ ਮੇਰੇ ਨਾਲ ਅਗਲੇ ਹਫ਼ਤੇ ਗੱਲ ਕਰ ਸਕਦਾ ਹੈ"

• ਸੋ ਸ੍ਰੀਮਾਨ ਜੀ, ਮੈਂ ਅਗਲੇ ਹਫ਼ਤੇ ਆਪਣੀ ਗੱਲ ਰੱਖਣ ਲਈ ਤੁਹਾਨੂੰ ਘੱਟੋ-ਘੱਟ 6-7 ਕਾਲਾਂ ਕੀਤੀਆਂ ਵੱਟਸਐਪ 'ਤੇ ਸੁਨੇਹਾ ਛੱਡਿਆ, ਤੁਹਾਡੇ ਭਤੀਜੇ ਗੁਰਵਿੰਦਰ ਨੂੰ ਕਾਲ ਕੀਤੀ, ਪਰ ਕੋਈ ਜਵਾਬ ਨਹੀਂ । ਥੱਕ-ਹਾਰ ਕੇ ਮੇਲ ਕਰਨ ਲੱਗਿਆਂ।

• ਮੇਰੇ ਦੋਸਤਾਂ ਕੋਲ ਤੁਹਾਡੇ ਵੱਲੋਂ ਰੱਖਿਆ ਪੱਖ ਬੜੇ ਸਵਾਲ ਪੈਦਾ ਕਰਦਾ ਹੈ। ਰੈੱਡ ਐੱਫ ਐੱਮ ਇੱਕ ਪ੍ਰੋਫੈਸ਼ਨਲ ਮੀਡੀਆ ਅਦਾਰਾ ਮੰਨਿਆ ਜਾਂਦਾ ਹੈ। ਵੈਨਕੂਵਰ ਤੇ ਕੈਲਗਰੀ 'ਚ ਇਸਦੇ ਦੋ ਰੇਡੀਓ ਚੱਲਦੇ ਨੇ ਕੁਝ ਹੋਰ ਥਾਵਾਂ 'ਤੇ ਆਪਣੀਆਂ ਸ਼ਾਖਾਵਾਂ ਖੜ੍ਹੀਆਂ ਕਰਨ ਦੀ ਕੋਸ਼ਿਸ਼ ਹੋ ਰਹੀ ਹੈ।

• ਪਰ ਇਸੇ ਹੀ ਅਦਾਰੇ ਨੇ ਮੇਰਾ ਪ੍ਰੋਗਰਾਮ ਬੰਦ ਕਰਨ ਵੇਲੇ ਮੈਨੂੰ ਕੋਈ ਨੋਟਿਸ ਨਹੀਂ ਦਿੱਤਾ ਨਾ ਕੋਈ ਕਾੱਲ ਕੀਤੀ ਨਾ ਮੇਰੀ ਗ਼ਲਤੀ ਦੱਸੀ। ਇੱਥੋਂ ਤੱਕ ਕਿ 28 ਜੁਲਾਈ 2016 ਦੇ ਈਵਨਿੰਗ ਸ਼ੋਅ ਦੇ ਸ਼ੁਰੂ ਹੋਣ ਤੋਂ 10 ਮਿੰਟ ਪਹਿਲਾਂ ਤੱਕ ਵੀ ਮੈਨੂੰ ਕੁਝ ਨਹੀਂ ਪਤਾ ਸੀ। ਜਦੋਂ ਮੈਂ ਦੇਖਿਆ ਕਿ ਸ਼ੋਅ ਸ਼ੁਰੂ ਹੋਣ ਵਾਲਾ ਹੈ ਹੋਸਟ ਨੇ ਖ਼ਬਰਾਂ ਬਾਰੇ ਸਲਾਹ ਮਸ਼ਵਰਾ ਕਰਨ ਲਈ ਕਾੱਲ ਹੀ ਨਹੀਂ ਕੀਤੀ, ਮੈਂ ਖੁਦ ਕਾਲ ਕੀਤੀ ਤਾਂ ਪਤਾ ਲੱਗਾ ਕਿ ਅੱਜ ਤੁਹਾਡਾ ਸੈਗਮੈਂਟ ਨਹੀਂ ਹੋਣਾ ਪਰ ਕੱਲ੍ਹ ਹੋਣ ਬਾਰੇ ਨਾ ਸੈਕਟਰੀ ਨੂੰ ਪਤਾ ਨਾ ਹੋਸਟ ਨੂੰ। ਜਦੋਂ ਗੁਰਵਿੰਦਰ ਨੂੰ ਕਾੱਲ ਕੀਤੀ ਹੈ, ਵੀ ਕੁਝ ਸਪੱਸ਼ਟ ਨਹੀਂ ਦੱਸ ਸਕੇ ਪਹਿਲੀ ਵਾਰ ਵਿਚ; ਦੂਜੀ ਵਾਰ 1 ਅਗਸਤ ਰਾਤ 11:30 (ਭਾਰਤੀ ਸਮੇਂ ਮੁਤਾਬਕ) ਵਜੇ ਦੱਸਿਆ ਕਿ ਭਾਅ ਜੀ ਅਸੀਂ ਕੁਝ ਤਬਦੀਲੀਆਂ ਕਰ ਰਹੇ ਹਾਂ ਇਸ ਲਈ ਤਿੰਨ ਮਹੀਨੇ ਲਈ ਸ਼ੋਅ ਬੰਦ ਕੀਤਾ (ਪਰ ਕਾਰਗਿਲ ਦਿਵਸ ਵਾਲੀ ਗੱਲ ਉਸਨੇ ਵੀ ਨਹੀਂ ਦੱਸੀ) ਜਦੋਂ ਮੈਂ ਪੁੱਛਿਆ ਕਿ ਕੀ ਪੂਰਾ ਈਵਨਿੰਗ ਸ਼ੋਅ ਹੀ ਬੰਦ ਕਰਨ ਲੱਗੇ ਹੋ ਤਾਂ ਕਹਿੰਦਾ, "ਹਾਂ ਭਾਅ ਜੀ" ਪਰ ਈਵਨਿੰਗ ਸ਼ੋਅ ਅਗਲੇ ਦਿਨ ਚੱਲ ਰਿਹਾ ਸੀ, ਉਸ ਵਿੱਚੋਂ ਗਾਇਬ ਸੀ ਤਾਂ ਮੇਰੇ ਵਾਲਾ ਸੈਗਮੈਂਟ।

• ਭਾਅ ਜੀ! ਇਹ ਕਿਥੋਂ ਦਾ ਪ੍ਰੋਫੈਸ਼ਨਲਿਜ਼ਮ ਹੈ? ਆਪਣੇ ਮੁਲਾਜ਼ਮ ਨੂੰ ਕੋਈ ਅਗਾਊਂ ਜਾਣਕਾਰੀ ਹੀ ਨਾ ਦੇਵੋ? ਜੇ ਦੇਵੋ ਉਹ ਗ਼ਲਤ?

• ਹੁਣ ਆਉਂਦੇ ਹਾਂ ਤੁਹਾਡੇ ਵੱਲੋਂ ਦੱਸੇ ਕਾਰਨ ਵੱਲ 27 ਜੁਲਾਈ ਵਾਲੇ ਪ੍ਰੋਗਰਾਮ 'ਚ ਮੈਂ ਕੋਈ ਵੀ ਇਤਰਾਜ਼ਯੋਗ ਜਾਂ ਗ਼ੈਰ -ਲੋਕਤੰਤਰੀ ਗੱਲ ਨਹੀਂ ਕੀਤੀ। ਤੁਸੀਂ ਦੁਬਾਰਾ ਉਸ ਦਿਨ ਦਾ ਸ਼ੋਅ ਸੁਣ ਸਕਦੇ ਹੋ। ਮੈਂ ਕਿਹਾ ਸੀ, "ਅਜਿਹੇ ਦਿਨਾਂ 'ਤੇ ਸਾਨੂੰ ਸੋਚਣਾ ਬਣਦਾ ਹੈ ਕਿ ਇਹ ਘਟਨਾਵਾਂ ਫੇਰ ਕਦੇ ਨਾ ਵਾਪਰਨ, ਇਹਨਾਂ ਦੇ ਕਾਰਨਾਂ ਦੀ ਘੋਖ ਕਰਨੀ ਬਣਦੀ ਹੈ। ਕਿਸੇ ਮਾਂ ਦਾ ਪੁੱਤ ਨਾ ਮਰੇ "ਮੈਂ ਕਾਰਗਿਲ ਦੀ ਘਟਨਾ ਨੂੰ ਜੰਗ ਨਹੀਂ ਮੰਨਦਾ ਅਪਰੇਸ਼ਨ ਮੰਨਦਾ ਹਾਂ, ਜੋ ਕਿ ਭਾਰਤ ਦਾ ਸਥਾਪਤ ਮੀਡੀਆ ਵੀ ਇਹ ਸ਼ਬਦ ਵਰਤ ਲੈਂਦਾ; ਇਸ 'ਚ ਕਿਹੜੀ ਗੱਲ ਇਤਰਾਜ਼ਯੋਗ ਹੋਈ ਜੀ? ਜੇ ਕਾਰਗਿਲ ਬਾਰੇ ਵੱਖ-ਵੱਖ ਬਹਿਸਾਂ ਨੂੰ ਮੈਂ ਅਸਿੱਧੇ ਰੂਪ 'ਚ ਕੇਂਦਰ ਵਿੱਚ ਲੈ ਕੇ ਆਉਂਦਾ ਹਾਂ ਇਹ ਕੋਈ ਗੁਨਾਹ ਨਹੀਂ ਪੱਤਰਕਾਰੀ ਧਰਮ ਹੈ। ਜੇ ਕਸ਼ਮੀਰ ਤੇ ਉਤਰ-ਪੂਰਬ ਦੇ ਅਵਾਮ 'ਤੇ ਸਥਾਪਤੀ ਦੇ ਜ਼ੁਲਮਾਂ ਨੂੰ ਦੱਸਦਾ ਹਾਂ ਤਾਂ ਇਸ ਵਿੱਚ ਕੀ ਬੁਰਾਈ ਹੈ?

• ਕੀ ਪੱਤਰਕਾਰੀ ਸਟੈਬਲਿਸ਼ਮੈਂਟ ਦਾ ਧੁੱਤੂ ਬਣ ਕੇ ਕੀਤੀ ਜਾਵੇ? ਸੱਚ ਤਾਂ ਇਹ ਹੈ ਉਸ ਦਿਨ ਵਿਜੈ ਨੇ ਮੈਨੂੰ ਮੇਰੀ ਗੱਲ ਚੱਜ ਨਾਲ ਕਰਨ ਹੀ ਨਹੀਂ ਦਿੱਤੀ, ਉਹ ਆਪਣਾ ਹੀ ਘੋੜਾ ਭਜਾਉਣ ਲੱਗ ਪਿਆ।

• ਅੱਗੇ ਤੁਸੀਂ ਆਖਿਆ, "ਸਾਨੂੰ ਤਾਂ ਕੋਈ ਇਤਰਾਜ਼ ਨਹੀਂ ਪਰ ਫ਼ੌਜੀ ਵੀਰਾਂ ਦੇ ਗੁੱਸੇ ਨੂੰ ਸ਼ਾਂਤ ਕਰਨ ਲਈ ਅਜਿਹਾ ਕੀਤਾ।" ਇਹ ਗੱਲ ਤੁਹਾਡੇ ਹੀ ਵਿਰੋਧ ਚ ਜਾਂਦੀ ਹੈ। ਕੀ ਕਿਸੇ ਦਿਆਨਤਦਾਰ, ਇਮਾਨਦਾਰ ਤਜਰਬੇਕਾਰ ਤੇ ਦੇਸ਼-ਦੁਨੀਆ ਦੇ ਮੁੱਦਿਆਂ 'ਤੇ ਪਕੜ ਰੱਖਣ ਵਾਲੇ (ਤੁਹਾਡੇ ਹੀ ਸ਼ਬਦ ਜੋ ਤੁਸੀਂ ਮੇਰੇ ਬਾਰੇ ਮੇਰੇ ਦੋਸਤਾਂ ਕੋਲ ਕਹੇ ਸਨ) ਪੱਤਰਕਾਰ ਦੀ ਨੌਕਰੀ ਸਿਰਫ਼ 5-7 ਕਾੱਲਾਂ ਹੀ ਨਿਰਧਾਰਤ ਕਰਨਗੀਆਂ? ਕੀ ਮੈਨੇਜਮੈਂਟ ਕੋਲ ਆਪਣੀ ਕੋਈ ਜਰਨਲਿਸਟਕ ਅਪਰੋਚ ਹੈ? ਹੋਰਨਾਂ ਵੱਡੇ ਅਦਾਰਿਆਂ 'ਚ (ਮੇਨ ਸਟਰੀਮ ਮੀਡੀਏ 'ਚ) ਵੀ ਇਸ ਤਰ੍ਹਾਂ ਦੇ ਮੁੱਦੇ ਆ ਖਲੋਂਦੇ ਹਨ ਪਰ ਉਥੇ ਕਦੇ 5-7 ਕਾੱਲਾਂ ਜਾਂ 5-7 ਚਿੱਠੀਆਂ ਦੇ ਅਧਾਰ 'ਤੇ ਕਾਬਲ ਪੱਤਰਕਾਰਾਂ ਦੀ ਨੌਕਰੀ ਨਹੀਂ ਖੋਹੀ ਜਾਂਦੀ ਨਾ ਹੀ ਉਨ੍ਹਾਂ ਦੇ ਸ਼ੋਅ 3 ਮਹੀਨੇ ਲਈ ਬੰਦ ਕੀਤੇ ਜਾਂਦੇ ਹਨ। ਜਦੋਂ ਮੇਰੀ ਗੱਲ ਵਿੱਚ ਵਿਜੈ ਸੈਣੀ ਨੇ ਆਪਣਾ ਘੋੜਾ ਭਜਾ ਹੀ ਦਿੱਤਾ ਸੀ ਤਾਂ ਤੁਹਾਨੂੰ ਕਹਿਣਾ ਆਸਾਨ ਸੀ ਕਿ ਅਦਾਰੇ 'ਚ ਹਰ ਤਰ੍ਹਾਂ ਦੇ ਵਿਚਾਰ ਰੱਖਣ ਵਾਲੇ ਪੱਤਰਕਾਰ ਹਨ ਜੇ ਸ਼ਿਵ ਇੰਦਰ ਹੈ ਤਾਂ ਦੂਜੇ ਬੰਨੇ ਵਿਜੈ ਸੈਣੀ ਹੈ। ਵੱਡਾ ਸਵਾਲ ਪਹਿਲਾਂ ਵੀ ਮੈਂ ਫ਼ੌਜ ਨਾਲ ਸਬੰਧਤ ਕਈ ਮੁੱਦੇ ਉਠਾਉਂਦਾ ਰਿਹਾ ਹਾਂ ਉਦੋਂ ਕਿਸੇ ਫ਼ੌਜੀ ਭਰਾ ਦਾ ਇਤਰਾਜ਼ ਨਹੀਂ ਆਇਆ?

• ਸੰਘੇੜਾ ਸਾਹਿਬ! ਗੱਲ ਹੁਣ ਦੀ ਨਹੀਂ 7-8 ਮਹੀਨੇ ਤੋਂ ਕਦੇ ਤੁਹਾਡਾ ਹੋਸਟ ਮੈਨੂੰ ਆਖਦਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਬਾਰੇ ਸੋਫਟ ਰਹੋ ਉਨ੍ਹਾਂ ਨੂੰ ਸਤਿਕਾਰ ਦੇਵੋ। ਮੈਂ ਭਾਰਤ ਦੇ ਪ੍ਰਧਾਨ ਮੰਤਰੀ ਨੂੰ ਕਦੇ ਅਪਸ਼ਬਦ ਨਹੀਂ ਬੋਲੇ। ਪਰ ਜਦੋਂ ਕੋਈ ਮੀਡੀਆ ਸੋਫਟ ਰਹਿਣ ਤੇ 'ਸਤਿਕਾਰ' ਦੇਣ ਦੀ ਗੱਲ ਕਹੇ ਉਹ ਜਮਹੂਰੀ ਪੱਖ ਦਾ ਮੀਡੀਆ ਨਹੀਂ ਰਾਜਾਸ਼ਾਹੀ ਪੱਖ ਦੀ ਤਰਜਮਾਨੀ ਕਰਨ ਵਾਲਾ ਮੀਡੀਆ ਹੋਵੇਗਾ। ਮੈਂ ਕਦੇ 'ਨੈਸ਼ਨਲ ਪੋਸਟ 'ਵਰਗੀ ਭਾਸ਼ਾ ਨਹੀਂ ਵਰਤੀ ਭਾਰਤੀ ਪ੍ਰਧਾਨ ਮੰਤਰੀ ਲਈ ।

• ਕਦੇ ਮੇਰੇ ਅੱਗੇ ਸੀਆਰਟੀਸੀ ਦਾ ਵਾਸਤਾ ਪਾਇਆ ਜਾਂਦਾ ਹੈ। ਸਰ, ਸੀਆਰਟੀਸੀ ਦੇ ਰੂਲਾਂ ਤੋਂ ਮੈਂ ਵੀ ਵਾਕਫ਼ ਹਾਂ ਉਹ ਕਿਸੇ ਮੀਡੀਆ ਅਦਾਰੇ ਦੇ ਐਡੀਟੋਰੀਅਲ 'ਚ ਦਖ਼ਲ ਨਹੀਂ ਦਿੰਦੀ ਨਾ 5-7 ਕਾੱਲਾਂ ਨਾਲ ਕਿਸੇ ਅਦਾਰੇ ਦਾ ਲਾਇਸੈਂਸ ਰੱਦ ਕਰਦੀ ਹੈ। ਇਹਦੀ ਮਿਸਾਲ ਦੇਖਣੀ ਹੈ ਤਾਂ ਕੈਨੇਡਾ ਦੇ ਅੰਗਰੇਜ਼ੀ ਰੇਡੀਉਜ਼ ਦੇ ਸ਼ੋਅ ਸੁਣੇ ਜਾ ਸਕਦੇ ਹਨ (ਮੇਨ ਸਟਰੀਮ ਮੀਡੀਏ) ਜੇ ਇੰਝ ਹੁੰਦਾ ਤਾਂ ਤੁਹਾਡੇ ਰੇਡੀਓ 'ਤੇ ਸਮੱਸਿਆ ਕਦੋਂ ਦੀ ਆਈ ਹੁੰਦੀ। ਤੁਹਾਡੇ ਸਟਾਰ ਹੋਸਟ ਨੇ ਦਲਿਤ ਭਾਈਚਾਰੇ ਬਾਰੇ ਕੀਤੀ ਟਿੱਪਣੀ ਯਾਦ ਕਰੋ। ਤੁਹਾਡੇ ਸਾਬਕਾ ਪੱਤਰਕਾਰ ਨੇ ਪਿਛੇ ਜੋ ਆਪ ਵਿਰੁੱਧ ਭੰਡੀ ਪ੍ਰਚਾਰ ਕੀਤਾ ਉਸ ਨਾਲ ਕੁਝ ਫਰਕ ਨਹੀਂ ਪਿਆ। ਇਸ ਲਈ ਸੀਆਰਟੀਸੀ ਵਰਗੀ ਸੰਸਥਾ ਨੂੰ ਬਦਨਾਮ ਕਰਨਾ ਸਹੀ ਨਹੀਂ। ਸੱਚ ਤਾਂ ਇਹ ਹੈ ਕਿ ਅਜਿਹਾ ਕਰਨ ਵਾਲੇ ਅਦਾਰੇ ਦੀ ਆਪਣੀ ਸੂਝ ਸਵਾਲਾਂ ਦੇ ਘੇਰੇ 'ਚ ਹੈ।

• ਸ੍ਰੀਮਾਨ, ਮੈਨੂੰ ਇਸ ਗੱਲ ਦਾ ਭਲੀਭਾਂਤ ਪਤਾ ਹੈ ਕਿ ਪਿਛਲੇ ਦੋ ਕੁ ਸਾਲਾਂ ਤੋਂ ਪੰਜਾਬ ਸਰਕਾਰ ਤੇ ਭਾਰਤ ਸਰਕਾਰ ਦਾ ਦਬਾਅ ਪ੍ਰਵਾਸੀ ਮੀਡੀਏ 'ਤੇ ਵਧਿਆ ਹੈ। ਮੈਨੂੰ ਵੀ ਅਜਿਹੇ ਕੁਝ ਕਾੱਲ ਆਉਂਦੇ ਰਹੇ। ਪਰ ਮੈਂ ਪਰਵਾਹ ਨਹੀਂ ਕੀਤੀ। ਕਿਤੇ ਇਹ ਤਾਂ ਨਹੀਂ ਜਿਨ੍ਹਾਂ ਦਾ ਸਤਿਕਾਰ ਕਰਨ ਲਈ ਤੁਹਾਡਾ ਹੋਸਟ ਮੈਨੂੰ ਕਹਿੰਦਾ ਰਿਹਾ, ਉਨ੍ਹਾਂ ਦੇ ਕਹਿਣ ਉਤੇ ਹੀ ਮੇਰਾ 'ਸਤਿਕਾਰ' ਹੋ ਰਿਹਾ ਹੋਵੇ?

• ਤੁਸੀਂ ਤਿੰਨ ਮਹੀਨੇ ਬਾਅਦ ਮੇਰਾ ਸ਼ੋਅ ਸ਼ੁਰੂ ਵੀ ਕਰ ਦਿੱਤਾ ਜੇ ਉਦੋਂ ਵੀ 5-7 ਕਾਲਾਂ ਆ ਗਈਆਂ? ਕੀ ਉਦੋਂ ਵੀ ਮੇਰੀ ਨੌਕਰੀ ਨੂੰ ਉਹ ਕਾੱਲਾਂ ਹੀ ਤੈਅ ਕਰਨਗੀਆਂ?

• ਸ੍ਰੀਮਾਨ, ਮੈਂ ਆਪਣਾ ਪੱਖ ਆਪ ਅੱਗੇ ਰੱਖ ਦਿੱਤਾ ਇਹ ਤੁਸੀਂ ਦੇਖਣਾ ਹੈ ਕਿ ਤੁਸੀਂ ਆਪਣੇ ਅਦਾਰੇ 'ਚ ਨਿਰਪੱਖ, ਨਿਡਰ ਤੇ ਨਿੱਗਰ ਪੱਤਰਕਾਰੀ ਥਾਂ ਦੇਣੀ ਹੈ ਜਾਂ ਨਹੀਂ ...

• ਮੈਂ ਤਾਂ ਲੋਕ-ਪੱਖ ਵਾਲੀ ਪੱਤਰਕਾਰੀ ਦਾ ਪੱਲਾ ਨਹੀਂ ਛੱਡਾਂਗਾ। ਮੈਨੂੰ ਪਤਾ ਹੈ "ਜਿਸ ਦਿਨ ਤੁਸੀਂ ਸੱਚ ਨੂੰ ਦੇਖ ਕੇ ਅੱਖਾਂ ਮੀਟ ਲਈਆਂ ਉਸੇ ਦਿਨ ਤੋਂ ਤੁਹਾਡੀ ਮੌਤ ਸ਼ੁਰੂ ਹੋ ਜਾਂਦੀ ਹੈ..."

**ਤੁਹਾਡਾ ਹਿੱਤੂ**
**ਸ਼ਿਵ ਇੰਦਰ ਸਿੰਘ**

# ਡਿਸਇਬੈਲਿਟੀ ਇਂਸ਼ੋਰੈਂਸ ਵਿਚ ਕੰਮ ਦੀ ਪ੍ਰੀਭਾਸ਼ਾ



**ਬਚਿੱਤਰ ਸਿੰਘ**

ਬਿਮਾਰੀ ਜਾਂ ਸੱਟ ਲੱਗਣ ਦੀ ਹਾਲਤ 'ਚ ਕੰਮ ਤੋਂ ਬੇਕਾਰ ਹੋਣ ਦੀ ਸੂਰਤ ਵਿਚ, ਬਿੱਲਾਂ ਤੇ ਨਿਤਾ ਪ੍ਰਤੀ ਦੇ ਖਰਚਿਆਂ ਨੂੰ ਅਦਾ ਕਰਨ ਲਈ ਇਕ ਵਧੀਆ ਡਿਸਬਿਲੈਟੀ ਪਾਲਿਸੀ ਦਾ ਹੋਣਾ ਅਤੀ ਜ਼ਰੂਰੀ ਹੈ। ਡਿਸਇਬੈਲਟੀ ਇੰਸ਼ੋਰੈਂਸ ਵਿਚ ਸਾਨੂੰ ਮਹੀਨੇ ਦਰ ਮਹੀਨੇ ਨਿਸ਼ਚਿਤ ਰਾਸ਼ੀ ਮਿਲਦੀ ਹੈ। ਇਹ ਜ਼ਿਆਦਾ ਕਰਕੇ 1000 ਡਾਲਰ ਮਹੀਨੇ ਤੋਂ 5 ਜਾਂ 6 ਹਜ਼ਾਰ ਡਾਲਰ ਮਹੀਨੇ ਦੇ ਹਿਸਾਬ ਨਾਲ ਹੁੰਦੀ ਹੈ। ਇਸ ਪਾਲਿਸੀ ਵਿਚ ਟੈਕਸ ਦੇਣ ਵਾਲੀ ਰਾਸ਼ੀ ਨੂੰ ਆਧਾਰ ਬਣਾ ਕੇ ਮਹੀਨੇ ਦੀ ਇਕ ਮਿਲਣ ਵਾਲੀ ਦਰ ਨੂੰ ਖਰੀਦਿਆ ਜਾਂਦਾ ਹੈ, ਅਰਥਾਤ ਅਗਰ ਪਾਲਿਸੀ ਹੋਲਡਰ ਜ਼ਖ਼ਮੀ ਜਾਂ ਬਿਮਾਰੀ ਦੇ ਹੋਣ ਕਰਕੇ ਕੰਮ ਕਰਨ ਨਹੀਂ ਜਾ ਸਕਦਾ ਤਾਂ ਇੰਸ਼ੋਰੈਂਸ ਕੰਪਨੀ ਹਰ ਮਹੀਨੇ 1000 ਡਾਲਰ ਤੋਂ 3,4 ਜਾਂ ਪੰਜ ਹਜ਼ਾਰ ਮਹੀਨੇ ਦੇ ਉਸ ਪਾਲਿਸੀ ਹੋਲਡਰ ਨੂੰ ਦਿੰਦੀ ਹੈ ਪਰ ਇਹ ਮਹੀਨੇ ਦੀ ਦਰ ਹਰ ਪਾਲਿਸੀ ਦੀਆਂ ਸ਼ਰਤਾਂ ਦੇ ਆਧਾਰਤ ਹੁੰਦੀ ਹੈ ਜੋ ਪਾਲਿਸੀ ਲਿਖਣ ਵਾਲੀ ਬਰੋਕਰ ਐਡਵਾਈਜ਼ਰ ਆਪਣੇ ਕਲਾਈਇਟ ਨੂੰ ਦੱਸਦਾ ਹੈ। ਅੱਗੇ ਗਾਹਕ ਤੇ ਨਿਰਭਰ ਕਰਦਾ ਹੈ ਕਿ ਉਸ ਸ਼ਰਤ ਮੁਤਾਬਕ ਕਿੰਨੇ ਕੁ ਡਾਲਰ ਮਹੀਨੇ ਦੀ ਕਿਸ਼ਤ ਭਰਨੀ ਚਾਹੁੰਦਾ ਹੈ। ਯਾਦ ਰਹੇ ਕਿ ਆਮਦਨ ਦੇ ਵਧਣ ਘਟਣ ਦਾ ਅਸਰ ਇਸ ਪਾਲਿਸੀ ਤੇ ਬਹੁਤ ਜ਼ਿਆਦਾ ਪੈਂਦਾ ਹੈ। ਇਹੀ ਕਾਰਨ ਹੈ ਕਿ ਇਸ ਡਿਸਇਬੈਲਟੀ ਨੂੰ ਹਰ ਸਾਲ ਚੈਕ ਕੀਤਾ ਜਾਂਦਾ ਹੈ। ਕਿਉਂਕਿ ਇਹ ਵੱਧ ਤੋਂ ਵੱਧ ਟੈਕਸ ਅਦਾ ਕਰਨ ਵਾਲੀ ਆਪਣੀ ਆਮਦਨ ਦੇ 75% ਦੇ ਬਰਾਬਰ, ਮਹੀਨੇ ਤੇ ਤਕਸੀਮ ਕਰਕੇ ਲਿਖੀ ਜਾਂਦੀ ਹੈ। ਜਾਣੀ ਜੇ ਆਪਣੀ ਆਮਦਨੀ ਵਧੀ ਹੈ ਜਾਂ ਘਟੀ ਹੈ ਉਸ ਮੁਤਾਬਕ ਇਸ ਪਾਲਿਸੀ ਦੀ ਮਹੀਨੇ ਦੀ ਕਿਸ਼ਤ ਵੀ ਘਟ ਜਾਂ ਵਧ ਕਰਨੀ ਚਾਹੀਦੀ ਹੈ। ਇਸ ਦਾ ਪਤਾ ਸਾਨੂੰ ਆਪਣੇ ਇੰਸ਼ੋਰੈਂਸ ਦੇ ਬਰੋਕਰ ਤੋਂ ਪਤਾ ਲੱਗਦਾ ਹੈ ਜੋ ਇਕ ਫਾਰਮੂਲੇ ਦੇ ਆਧਾਰਤ ਹੁੰਦਾ ਹੈ। ਕਈ ਜਾਣੇ ਜਿਨ੍ਹਾਂ ਨੇ ਆਪਣੀ ਡਿਸਇਬੈਲਟੀ ਪਾਲਿਸੀ ਖਰੀਦ ਕੇ ਰੱਖੀ ਹੁੰਦੀ ਹੈ ਉਹ ਸਾਲਾਂਬੱਧੀ ਉਸ ਨੂੰ ਦੇਖਦੇ ਹੀ ਨਹੀਂ ਕਿ ਉਸ ਵਿਚ ਕੀ ਹੈ ਤੇ ਕੀ ਨਹੀਂ ਹੈ। ਵਰਤਮਾਨ ਜ਼ਰੂਰਤਾਂ ਦੇ ਮੁਤਾਬਿਕ।

**ਕੰਮ ਦੀ ਪ੍ਰੀਭਾਸ਼ਾ :**

1. ਆਪਣਾ ਕੰਮ ਭਾਵ ਕਿ ਉਹ ਕੰਮ ਜਿਸ ਵਿਚ ਕੋਈ ਵਿਅਕਤੀ ਨੇ ਟਰੇਨਿੰਗ ਤੇ ਪੜ੍ਹਾਈ ਦੀ ਡਿਗਰੀ ਕੀਤੀ ਹੋਵੇ। ਇਹ ਕਲਾਸ ਵਿਚ ਆਉਣ ਵਾਲੇ ਸਮੇਂ, ਇੰਸ਼ੋਰੈਂਸ ਕੰਪਨੀ ਲਈ ਮਹਿੰਗੇ ਸਾਬਤ ਹੁੰਦੇ ਹਨ। ਇਸੇ ਕਰਕੇ ਜੋ ਕਾਮੇ ਇਸ ਪ੍ਰੀਭਾਸ਼ਾ ਵਿਚ ਆਉਂਦੇ ਹਨ ਉਨ੍ਹਾਂ ਦੀ ਮਹੀਨੇ ਦੀ ਕਿਸ਼ਤ ਵੀ ਜ਼ਿਆਦਾ ਹੁੰਦੀ ਹੈ ਪਰ ਜਦ ਕਦੇ ਕਲੇਮ ਆ ਜਾਵੇ ਤਾਂ ਇਸ ਵਰਗ ਦੇ ਪਾਲਿਸੀ ਕਰਤਾਵਾਂ ਨੂੰ ਦੋ ਲਾਭ ਮਿਲਦੇ ਹਨ। ਉਦਾਹਰਣ ਦੇ ਰੂਪ ਵਿਚ ਜੇ ਡਿਸਇਬੈਲਟੀ ਕਰਕੇ ਕੋਈ ਓਪਰੇਸ਼ਨ ਨਹੀਂ ਕਰ ਸਕਦਾ ਪਰ ਉਹ ਮੈਡੀਕਲ ਪ੍ਰੋਫੈਸਰ ਜ਼ਰੂਰ ਹੋ ਸਕਦਾ ਹੈ। ਇਸ ਦਸ਼ਾ ਵਿਚ ਡਾਕਟਰ ਨੂੰ ਡਿਸਇਬੈਲਟੀ ਤੇ ਪ੍ਰੋਫੈਸਰ ਦੀ ਤਨਖਾਹ ਦੋਨੋਂ ਮਿਲਣਗੀਆਂ ਤੇ ਦੋਹਾਂ ਕੰਮਾਂ ਦਾ ਆਪਸ ਵਿਚ ਵਿਰੋਧ ਨਹੀਂ ਗਿਣਿਆ ਜਾਂਦਾ। ਇਸ ਕਲਾਸ ਵਿਚ ਸਕਿਲ ਵਾਲੇ ਕਾਮੇ ਆਉਂਦੇ ਹਨ।

ਸਾਧਾਰ ਕੰਮ ਕੈਨੇਡਾ ਵਿਚ ਇਹ ਸਭ ਤੋਂ ਵੱਧ ਪ੍ਰਚਲਿਤ ਕੰਮ ਦੀ ਡਿਸਇਬੈਲਟੀ ਦੀ ਪ੍ਰੀਭਾਸ਼ਾ ਗਿਣੀ ਜਾਂਦੀ ਹੈ। ਖ਼ਾਸ ਕਰਕੇ ਉਨ੍ਹਾਂ ਕੰਪਨੀਆਂ ਵਿਚ ਜਿਥੋਂ ਦੇ ਕਾਮਿਆਂ ਨੂੰ ਕੰਪਨੀ ਲਾਭ ਮਿਲੇ ਹੁੰਦੇ ਹਨ, ਉਥੇ ਇਹ ਬਹੁਤ ਆਮ ਹੁੰਦੀ ਹੈ। ਕਿਸੇ ਕਾਮੇ ਦੇ ਲਈ ਉਸ ਦਾ ਸਾਧਾਰਨ ਕੰਮ ਉਹ ਹੁੰਦਾ ਹੈ ਜਿਸ ਵਿਚ ਉਸ ਨੇ ਕੋਈ ਹੁਨਰ ਦੀ ਸਿਖਲਾਈ ਜਾਂ ਪੜ੍ਹਾਈ ਕੀਤੀ ਹੋਵੇ ਪਰ ਉਹ ਬੰਦਾ ਉਸ ਪੜ੍ਹਾਈ ਜਾਂ ਹੁਨਰ ਤੋਂ ਇਲਾਵਾ ਕੋਈ ਹੋਰ ਕੰਮ ਕਰ ਹੀ ਨਹੀਂ ਸਕਦਾ। ਇਹ ਚੰਗੀ ਪ੍ਰੀਭਾਸ਼ਾ ਨਹੀਂ ਹੈ ਕਿਉਂਕਿ ਇਸ ਵਿਚ ਇੰਸ਼ੋਰੈਂਸ ਕੰਪਨੀ ਸੋਚਦੀ ਹੈ ਕਿ ਉਹ ਕਾਮਾ ਆਪਣੇ ਹੁਨਰ, ਜਾਣੀ ਕਰਕੇ ਉਸ ਵਰਗ ਦੀ ਹੋਰ ਕੋਈ ਸੌਖਾ ਕੰਮ ਕੀਤਾ ਜਾ ਸਕਦਾ ਹੈ ਤੇ ਥੋੜ੍ਹਾ ਚਿਰ ਕਲੇਮ ਦੇਣ ਤੋਂ ਬਾਅਦ ਕੰਪਨੀ ਕਲੇਮ ਤੋਂ ਮਨ੍ਹਾਂ ਕਰ ਦਿੰਦੀ ਹੈ। ਜਿਵੇਂ ਕਿ ਮਸ਼ੀਨ ਤੇ ਕੰਮ ਕਰਨ ਵਾਲੇ ਕਾਮਾਂ ਉਸੇ ਕੰਪਨੀ ਦੇ ਕੋਈ ਹੋਰ ਵਿਭਾਗ ਵਿਚ ਕੰਮ ਕਰ ਸਕਦਾ ਹੈ। ਯਾਨੀਕਿ ਮਸ਼ੀਨ ਤੋਂ ਹਟਾ ਕੇ ਕੋਈ ਗਿਣਤੀ ਮਿਲਣੀ ਦੇ ਕੰਮ 'ਤੇ ਲਗਾ ਦੇਣਾ। ਇਸ ਪ੍ਰੀਭਾਸ਼ਾ ਵਿਚ ਕੰਪਨੀ ਤੇ ਕਿਤਾ ਉਹੀ ਰਹਿੰਦਾ ਹੈ।

ਕੋਈ ਵੀ ਕੰਮ ਜਦੋਂ ਕੋਈ ਕਾਮਾ ਕੋਈ ਵੀ ਕੰਮ ਕਰ ਸਕਣ ਦੇ ਯੋਗ ਨਾ ਰਵੇ ਇਹ ਦੀ ਪ੍ਰੀਭਾਸ਼ਾ ਬਹੁਤ ਸਖ਼ਤ ਹੁੰਦੀ ਹੈ ਇਸ ਵਿਚ ਜ਼ਿਆਦਾ ਕਰਕੇ ਕਲਾਸ 1 ਤੇ 2 ਦੇ ਕਾਮੇ ਆਉਂਦੇ ਹਨ। ਕਿਉਂਕਿ ਇਹ ਦੀ ਪ੍ਰੀਭਾਸ਼ਾ ਬੜੀ ਸਖ਼ਤ ਹੁੰਦੀ ਹੈ ਇਸ ਕਰਕੇ ਇਸ ਤਰ੍ਹਾਂ ਦੀ ਪਾਲਿਸੀ ਦਾ ਫਾਇਦਾ ਲੈਣ ਦਾ ਸਮਾਂ ਅਕਸਰ ਬਹੁਤ ਘੱਟ ਹੁੰਦਾ ਹੈ ਜਿਵੇਂ 2 ਸਾਲ ਜਾਂ 5 ਸਾਲ ਦਾ ਲਾਭ ਲੈਣ ਦਾ ਸਮਾਂ ਕੰਪਨੀਆਂ ਤੋਂ ਮਿਲਣ ਵਾਲੀਆਂ ਪਾਲਿਸੀਆਂ ਵਿਚ ਇਸ ਪ੍ਰੀਭਾਸ਼ਾ ਨੂੰ ਇਸ ਲਈ ਵਰਤਿਆ ਜਾਂਦਾ ਹੈ ਤਾਂ ਕਿ ਕੋਈ ਵੀ ਕਾਮਾ ਜ਼ਿਆਦਾ ਲੰਬਾ ਸਮਾਂ ਲਾਭ ਤੇ ਬੈਠਾ ਰਵੇ।

ਸੋ ਡਿਸਇਬੈਲਟੀ ਦੀ ਕੰਮ ਦੀ ਪ੍ਰੀਭਾਸ਼ਾ ਦਾ ਪਤਾ ਹੋਣਾ ਅਤੀ ਜ਼ਰੂਰੀ ਹੈ। ਯਾਦ ਰੱਖੋ ਕਿ ਤੁਹਾਡੇ ਏਜੰਟ ਨੂੰ ਇਨ੍ਹਾਂ ਪ੍ਰੀਭਾਸ਼ਾਵਾਂ ਦਾ ਪਤਾ ਹੋਵੇ। ਜੇ ਉਹ ਇਸ ਤਰ੍ਹਾਂ ਦੀ ਪ੍ਰੀਭਾਸ਼ਾ ਤੋਂ ਅਣਜਾਣ ਹੋਵੇ ਤਾਂ ਵਕਤ ਪੈਣ 'ਤੇ ਤੁਹਾਨੂੰ ਨਿਰਾਸ਼ਾ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਕੰਪਨੀ ਤੁਹਾਨੂੰ ਲਾਭ ਦੇਣ ਤੋਂ ਇਨਕਾਰ ਕਰ ਦੇਵੇਗੀ। ਇਸ ਬਾਰੇ ਹੋਰ ਵਧ ਜਾਣਕਾਰੀ ਜਾਂ ਵਧੀਆ ਡਿਸਇਬੈਲਟੀ ਪਾਲਿਸੀ ਖ਼੍ਰੀਦਣ ਲਈ ਤੁਸੀਂ ਮੈਨੂੰ ਮਿਲ ਸਕਦੇ ਹੋ।

416-527-3737
bachitter@punjabinsurance.ca

# ਅਮਰੀਕੀ ਰਾਸ਼ਟਰਪਤੀ ਦੀਆਂ ਚੋਣਾਂ ਅਤੇ ਸਾਮਰਾਜੀ ਪੂੰਜੀ ਦੇ ਪਸਾਰੇ ਅਤੇ ਵਫ਼ਾਦਾਰੀ ਲਈ
# ਹਿਲੇਰੀ ਅਤੇ ਟਰੰਪ ਦਰਮਿਆਨ ਮੁਕਾਬਲਾ

**ਪੇਸ਼ : ਨਰਭਿੰਦਰ**




ਨਵੰਬਰ ਵਿਚ ਅਮਰੀਕਾ ਆਪਣਾ ਨਵਾਂ ਰਾਸ਼ਟਰਪਤੀ ਚੁਣਨ ਜਾ ਰਿਹਾ ਹੈ ਜਿਹਨੇ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਦੀ ਥਾਂ ਲੈਣੀ ਹੈ। ਅਮਰੀਕਾ ਵਿਚ ਪ੍ਰਮੁੱਖ ਦੋਹੀਂ ਪਾਰਟੀਆਂ ਦੇ ਉਮੀਦਵਾਰਾਂ ਵਿਚ ਮੁਕਾਬਲਾ ਚਲ ਡੈਮੋਕਰੇਟਿਕ ਪਾਰਟੀ ਦੀ ਉਮੀਦਵਾਰ ਹਿਲੇਰੀ ਕਲਿੰਟਨ ਅਤੇ ਰੀਪਬਲਿਕਨ ਪਾਰਟੀ ਦੇ ਉਮੀਦਵਾਰ ਰੋਨਾਲਡ ਜੇ ਟਰੰਪ। ਦੁਨੀਆ ਦੀ ਮਹਾਂਸ਼ਕਤੀ ਜਿਹੜੀ ਮਹਾਂ ਜਮਹੂਰੀਅਤ ਅਤੇ 'ਅਮਨ' ਦੀ ਅਲੰਬਰਦਾਰ ਹੋਣ ਦਾ ਦਾਅਵਾ ਭਰਦੀ ਹੈ, ਦੀਆਂ ਦੋਹਾਂ ਪ੍ਰਮੁੱਖ ਪਾਰਟੀਆਂ ਵਿਚ ਪਹਿਲਾਂ ਉਮੀਦਵਾਰ ਦੀ ਚੋਣ ਲਈ ਦੌੜ ਲੱਗੀ, ਡੈਮੋਕਰੇਟਿਕ ਪਾਰਟੀ ਵਿਚ ਬਰਨੀ ਸੈਨਡਰਸ ਅਤੇ ਹਿਲੇਰੀ ਕਲਿੰਟਨ ਦਰਮਿਆਨ ਮੁਕਾਬਲਾ ਸੀ। ਬਰਨੀ ਸੈਂਡਰਸ ਨੇ ਖੁਦ ਨੂੰ ਗਰੀਬਾਂ ਅਤੇ ਹਾਸ਼ੀਏ ਤੋਂ ਪਾਰ ਲੋਕਾਂ ਦਾ ਹਮਾਇਤੀ ਦਰਸਾਇਆ ਪਰ ਅਮਰੀਕਾ ਪ੍ਰਚਾਰਤੰਤਰ ਨੇ ਉਹਦੇ ਉਤੇ ਸਮਾਜਵਾਦੀ ਤੇ ਕਮਿਊਨਿਸਟ ਹੋਣ ਦਾ ਠੱਪਾ ਲਾਇਆ। ਖੁਦ ਡੈਮੋਕਰੇਟਿਕ ਪਾਰਟੀ ਦੇ ਅੰਦਰਲੇ ਧੜੇ ਨੇ ਇਹ ਭੜਕਾਇਆ ਕਿ ਇਕ ਸਮਾਜਵਾਦੀ ਵਿਚਾਰਾਂ ਵਾਲੇ ਸੈਂਡਰਸ ਕਦੇ ਵੀ ਜਿੱਤ ਨਹੀਂ ਸਕਣਗੇ ਅਤੇ ਹਿਲੇਰੀ ਕਲਿੰਟਨ ਜਿੱਤ ਗਈ। ਮਾਹਿਰਾਂ ਦੀ ਰਾਏ ਹੈ ਕਿ ਜੇ ਡੈਮੋਕਰੇਟਿਕ ਪਾਰਟੀ ਵਿਚ ਥੋੜ੍ਹੀ ਵੀ ਜਮਹੂਰੀਅਤ ਹੁੰਦੀ ਤਾਂ ਸੈਂਡਰਸ ਦੀ ਜਿੱਤ ਯਕੀਨੀ ਸੀ, ਉਹਦੇ ਪ੍ਰਤੀ ਕੀਤਾ ਗਿਆ ਵਿਉਹਾਰ ਇਸ ਪਾਰਟੀ ਦੇ ਅੰਦਰ ਵੀ ਨਿਰਪੱਖ ਨਹੀਂ ਸੀ। ਇਧਰ ਰੀਪਬਲਿਕ ਪਾਰਟੀ ਦੀ ਚੋਣ ਪ੍ਰਕਿਰਿਆ ਸਮੇਂ ਇਹ ਸ਼ਖਸ ਕਿਤੇ ਦਿਖਾਈ ਨਹੀਂ ਸੀ ਦਿੱਤਾ। ਅਚਾਨਕ ਡੋਨਾਲਰਡ ਟਰੰਪ ਨੇ ਆਪਣੇ ਆਪ ਨੂੰ ਰਾਸ਼ਟਰਪਤੀ ਦਾ ਉਮੀਦਵਾਰ ਐਲਾਨ ਦਿੱਤਾ ਅਤੇ ਵੇਂਹਦਿਆਂ ਹੀ ਵੇਂਹਦਿਆਂ ਬਾਕੀ ਸਾਰੇ ਉਮੀਦਵਾਰ ਪਿਛੇ ਹਟਦੇ ਗਏ। ਇਸ ਕਰਕੇ ਨਹੀਂ ਕਿ ਇਹ ਯੋਗ ਸੀ। ਇਹ ਕਿ ਇਹ ਇਕ ਵੱਡਾ ਸਰਮਾਏਦਾਰ ਹੈ ਜਿਹਦੀ ਜਾਇਦਾਦ ਲਗਭਗ 10 ਅਰਬ ਡਾਲਰ ਤੋਂ ਵਧਰੇ ਹੈ। ਰੀਅਲ ਅਸਟੇਟ ਭਾਵ ਜ਼ਮੀਨਾਂ ਤੇ ਕਲੋਨੀਆਂ ਦੀ ਖਰੀਦੋ-ਫਿਰੋਖਤ ਕਰਨ ਵਾਲੇ ਇਸ ਵਿਉਪਾਰੀ ਨੇ ਆਪਣੇ ਆਪ ਨੂੰ ਨਾ ਸਿਰਫ਼ ਸੱਤਾ ਦੇ ਗਲਿਆਰਿਆਂ ਤੋਂ ਬਾਹਰਲਾ ਆਦਮੀ ਐਲਾਨਿਆ ਸਗੋਂ ਖੁੱਲ੍ਹੇਆਮ ਮੁਸਲਮਾਨਾਂ ਅਤੇ ਕਾਲੇ ਲੋਕਾਂ ਵਿਰੁੱਧ ਪ੍ਰਚਾਰ ਕੀਤਾ ਅਤੇ ਇਉਂ ਸੰਕਟ ਅਤੇ ਮੰਦੀ 'ਚ ਡੁੱਬੀ ਅਰਥ ਵਿਵਸਥਾ ਤੋਂ ਪੀੜਤ ਅਮਰੀਕੀ ਮੱਧ ਵਰਗ, ਜਿਹਦੀ ਜ਼ਿੰਦਗੀ ਦਾ ਪੱਧਰ ਡਿੱਗ ਰਿਹਾ ਹੈ ਅਤੇ ਰੁਜ਼ਗਾਰ ਹੀਣਤਾ ਵਧ ਰਹੀ ਹੈ, ਨੂੰ ਆਪਣੇ ਪਿਛੇ ਲਾ ਲਿਆ ਉਨ੍ਹਾਂ ਨੌਕਰੀਆਂ ਲਈ ਵਿਦੇਸ਼ੀਆਂ ਵਿਸ਼ੇਸ਼ ਕਰਕੇ ਮੈਕਸੀਕੋ ਦੇ ਲੋਕਾਂ ਨੂੰ ਦੋਸ਼ੀ ਠਹਿਰਾਇਆ ਅਤੇ ਕਾਲ ਆਊਟ ਸੋਰਸਿੰਗ ਰਾਹੀਂ ਆਉਣ ਵਾਲੇ ਅਤੇ ਨੌਕਰੀਆਂ ਖੋਹਣ ਵਾਲੇ ਚੀਨੀ ਤੇ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ। ਇਸ ਉਹ ਰਿਪਬਲਿਕਨ ਦੇ ਉਨ੍ਹਾਂ ਸਾਰੇ ਉਮੀਦਵਾਰਾਂ ਨੂੰ ਮੁਕਾਬਲੇ 'ਚ ਆਉਣ ਤੋਂ ਪਹਿਲਾਂ ਹੀ ਪਛਾੜ ਗਿਆ। ਜਦੋਂ ਸਾਰੇ ਉਮੀਦਵਾਰ ਮੈਦਾਨ ਛੱਡ ਗਏ ਤਾਂ ਰੀਪਬਲਿਕਨ ਪਾਰਟੀ ਨੇ ਨਾ ਹਜ਼ਮ ਕਰਦਿਆਂ ਵੀ ਟਰੰਪ ਨੂੰ ਉਮੀਦਵਾਰ ਐਲਾਨ ਦਿੱਤਾ। ਹਾਲਾਂਕਿ ਉਹ ਇਹ ਸਮਝਦੇ ਸਨ ਕਿ ਟਰੰਪ ਅਮਰੀਕੀ ਵਿਵਸਥਾ ਲਈ ਖਤਰਾ ਪੈਦਾ ਕਰ ਸਕਦਾ ਹੈ।

ਸਮਾਜਿਕ ਮਾਹਿਰਾਂ ਦਾ ਵਿਚਾਰ ਹੈ ਕਿ ਅਮਰੀਕੀ ਪੂੰਜੀਪਤੀਆਂ ਦੀ ਜਮਾਤ ਦੀ ਇਕ ਹੀ ਪਾਰਟੀ ਹੈ, ਜਿਹਦੇ ਦੋ ਧੜੇ ਹਨ, ਇਕ ਸੱਜੇ ਪੱਖੀ ਜਿਹੜੀ ਡੈਮੋਕਰੇਟਿਕ ਅਖਵਾਉਂਦੀ ਹੈ। ਦੂਸਰਾ ਅੱਤ ਸੱਜੇ ਪੱਖੀ ਜਿਹੜਾ ਰੀਪਬਲਿਕ। ਜਿਆਸ ਲਾਉ ਜੇ ਹਿਲੇਰੀ ਕਲਿੰਟਨ ਦੀ ਥਾਂ ਬਰਨੀ ਸੈਂਡਰਸ ਤੇ ਟਰੰਪ ਦਰਮਿਆਨ ਮੁਕਾਬਲਾ ਹੁੰਦਾ ਤਾਂ ਕਿੰਨਾ ਦਿਲਚਸਪ ਹੁੰਦਾ। ਇਹ ਇਸ ਕਰਕੇ ਕਿ ਵਿਸ਼ਵ ਆਰਥਿਕ ਸੰਕਟ ਨੇ ਅਮਰੀਕਾ ਵਿਚ ਇਕ ਪਾਸੇ ਆਕੂਪਾਈ (ਕਬਜ਼ਾ ਕਰੋ) ਅੰਦੋਲਨ ਨੂੰ ਜਨਮ ਦਿੱਤਾ ਤਾਂ ਦੂਸਰੇ ਪਾਸੇ ਟੀ. ਪਾਰਟੀ ਅੰਦੋਲਨ ਨੂੰ। ਬਰਨੀ ਜਿਥੇ ਪਹਿਲੇ ਦ ਸਿੱਟਾ ਸੀ ਉਥੇ ਟਰੰਪ ਦੂਸਰਾ (ਟੀ. ਪਾਰਟੀ ਅੰਦੋਲਨ) ਦੀ ਉਪਜ ਹੈ। ਪਹਿਲੇ ਨੇ (ਬਰਨੀ ਸੈਂਡਰਸ) ਨੇ ਹਿਲੇਰੀ ਕਲਿੰਟਨ ਮੂਹਰੇ ਆਤਮ ਸਮਰਪਣ ਕਰ ਦਿੱਤਾ। ਹਾਲਾਂਕਿ ਬਰਨੀ ਵੀ ਪੂੰਜੀਪਤੀ ਜਮਾਤ ਦਾ ਹੀ ਪ੍ਰਤੀਨਿਧ ਸੀ ਪਰ ਅਜੋਕੇ ਸੰਕਟ ਦੇ ਦੌਰ 'ਚ ਅਜਿਹੀ ਢਿੱਲੀ ਮੱਠੀ ਸ਼ਖਸੀਅਤ ਦੀ ਕੋਈ ਥਾਂ ਨਹੀਂ ਰਹੀ। ਪੂੰਜੀਪਤੀ ਜਮਾਤ ਨੂੰ ਚਾਹੀਦਾ ਹੈ, ਨਿਰੋਲ ਤਾਨਾਸ਼ਾਹ ਪ੍ਰਵਿਰਤੀ ਵਾਲਾ ਆਗੂ। ਹਿਲੇਰੀ ਤੇ ਟਰੰਪ 'ਚ ਕੋਈ ਵੀ ਚੋਣ ਜਿੱਤੇ ਉਹ ਅਮਰੀਕੀ ਸਾਮਰਾਜੀ ਪੂੰਜੀ ਦੀਆਂ ਇੱਛਾਵਾਂ ਅਨੁਸਾਰ ਕੰਮ ਹੀ ਕਰੇਗਾ ਕਿਉਂਕਿ ਇਸ ਸਾਮਰਾਜੀ ਪ੍ਰਬੰਧ ਕੋਲ ਹਰ ਰਾਸ਼ਟਰਪਤੀ ਨੂੰ ਆਪਣੇ ਕੰਟਰੋਲ 'ਚ ਰੱਖਣ ਲਈ ਹਰ ਤਰ੍ਹਾਂ ਦੇ ਢੰਗ ਤਰੀਕੇ ਮੌਜੂਦ ਹਨ। ਅੱਜ ਤੋਂ ਪੰਜਾਹ ਸਾਲ ਪਹਿਲਾਂ ਅਮਰੀਕੀ ਰਾਸ਼ਟਰਪਤੀ ਆਈਜਰਹਾਵਰ ਨੇ ਇਹ ਕਿਹਾ ਸੀ, "ਅਮਰੀਕੀ ਰਾਸ਼ਟਰਪਤੀ ਕਠਪੁਤਲੀ ਹੁੰਦਾ ਹੈ।' ਉਸ ਪਿਛੋਂ ਬਣੇ ਕਨੇਡੀ ਨੂੰ, ਆਪਣੇ ਕਤਲ ਪਿਛੋਂ ਇਹ ਗੱਲ ਸਮਝ ਆਈ। ਉਹਦਾ ਛੋਟਾ ਭਰਾ ਰਾਬਰਟ ਕਨੇਡੀ ਤਾਂ ਇਥੋਂ ਤੱਕ ਵੀ ਨਹੀਂ ਸੀ ਪਹੁੰਚਿਆ ਕਿ ਉਮੀਦਵਾਰ ਬਣਨ ਦੌਰਾਨ ਹੀ ਮਾਰਿਆ ਗਿਆ। ਇਹ ਕੁਝ ਕਿਸੇ ਹੋਰ ਦੇਸ਼ 'ਚ ਹੁੰਦਾ ਤਾਂ ਅਮਰੀਕੀ ਸਾਮਰਾਜਵਾਦੀਆਂ ਨੇ ਇਹਦੇ ਉਤੇ ਸ਼ੋਰ ਸ਼ਰਾਬਾ ਪਾਉਣਾ ਸੀ ਅਤੇ ਇਹਨੂੰ ਤਖਤਾ ਪਲਟਨ ਦੀ ਗੱਲ ਤੱਕ ਪਰਦਾ ਨਹੀਂ ਉਠਿਆ। ਟਰੰਪ ਤੇ ਹਲੇਰੀ ਦੋਵੇਂ ਇਸ ਇਤਿਹਾਸ ਤੋਂ ਭਲੀਭਾਂਤ ਵਾਕਿਫ਼ ਹਨ।

ਹਿਲੇਰੀ ਜਾਂ ਟਰੰਪ ਦੋਹਾਂ ਦੇ ਭਾਸ਼ਣਾਂ ਵਿਚ ਬੇਸ਼ੱਕ ਅੰਤਰ ਦਿਖਾਈ ਦਿੰਦਾ ਹੈ, ਪਰ ਇਨ੍ਹਾਂ 'ਚੋਂ ਕੋਈ ਵੀ ਆਵੇ ਅਮਰੀਕੀ ਸਾਮਰਾਜ ਦੀ ਦੁਨੀਆ ਉਤੇ ਸਰਦਾਰੀ ਬਰਕਰਾਰ ਹੀ ਰਹੇਗੀ। ਇਨ੍ਹਾਂ ਦੋਹਾਂ ਵਿਚ ਨਾ ਤਾਂ ਐਨੀ ਸਮੱਰਥਾ ਹੈ ਅਤੇ ਨਾ ਹੀ ਇੱਛਾ ਸ਼ਕਤੀ ਕਿ ਉਹ ਮੌਜੂਦਾ ਅਮਰੀਕੀ-ਰਾਜਨੀਤੀ, ਆਰਥਿਕ ਜਾਂ ਸਮਾਜਿਕ ਸਥਿਤੀਆਂ ਵਿਚ ਭੋਰਾ ਭਰ ਵੀ ਗੁਣਾਤਮਕ ਤਬਦੀਲੀ ਲਿਆ ਸਕਣ। ਯਾਦ ਰਹਿਣਾ ਚਾਹੀਦਾ ਹੈ ਕਿ ਦੂਸਰੀ ਸੰਸਾਰ ਜੰਗ ਦਰਮਿਆਨ ਹੀ ਅਮਰੀਕੀ ਸਾਮਰਾਜ ਨੇ ਆਪਣੀ ਸੰਸਾਰ ਚੌਧਰ ਦੀ ਤਿਆਰੀ ਕਰ ਲਈ ਸੀ ਅਤੇ ਸੀਤ ਯੁੱਧ (1945 ਤੋਂ 1991) ਦਰਮਿਆਨ ਉਹਨੇ ਅਜਿਹੀ ਹੀ ਰਣਨੀਤੀ ਨੂੰ ਅੰਜਾਮ ਦਿੱਤਾ ਅਤੇ ਅਜਿਹੇ ਢੰਗ ਨਾਲ ਵਿਸ਼ਵ ਅਰਥ ਵਿਵਸਥਾ ਅਤੇ ਆਪਣੀ ਫੌਜੀ ਸ਼ਕਤੀ ਦਾ ਵਿਸਥਾਰ ਕੀਤਾ ਕਿ ਸੋਵੀਅਤ ਤਾਕਤ ਵਿਚ ਤਬਦੀਲੀ ਢੇਰੀ ਹੋਣ ਨਾਲ ਹੀ ਆਪਣੀ ਵਿਸ਼ਵ ਦੀ ਇਕਹਿਰੀ ਮਹਾਂ ਤਾਕਤ ਵਿਚ ਤਬਦੀਲ ਹੋ ਗਿਆ ਜਾਂ ਕਹੋ ਦੁਨੀਆ ਵਿਚ ਆਪਣੀ ਪੂੰਜੀ ਦੀ ਚੌਧਰ ਦਾ ਡੰਡਾ ਗੱਡ ਦਿੱਤਾ। ਪਿਛਲੇਰੇ 25-26 ਸਾਲਾਂ ਵਿਚ ਦੋਹਾਂ ਪਾਰਟੀਆਂ-ਰਿਪਬਲਿਕਨ ਅਤੇ ਡੈਮੋਕਰੇਟਿਕ ਪਾਰਟੀ ਦੇ ਦੋ ਦੋ ਰਾਸ਼ਟਰਪਤੀ ਬੁਸ਼ ਸੀਨੀਅਰ ਅਤੇ ਬੁਸ਼ ਜੂਨੀਅਰ ਅਤੇ ਬਿਲ ਕਲਿੰਟਨ ਅਤੇ ਬਰਾਕ ਓਬਾਮਾ ਰਹਿ ਚੁੱਕੇ ਹਨ ਪਰ ਇਨ੍ਹਾਂ ਦੇ ਸਮਿਆਂ ਦੌਰਾਨ ਵੀ ਅਮਰੀਕੀ ਹਾਲਤ ਵਿਚ ਭੋਰਾ ਭਰ ਵੀ ਫਰਕ ਨਹੀਂ ਆਇਆ ਸਗੋਂ ਇਨ੍ਹਾਂ ਨੇ ਅਮਰੀਕੀ ਸਾਮਰਾਜ ਦੀ ਸਰਦਾਰੀ ਬਣਾਈ ਰੱਖਣ ਲਈ ਆਪਣੀ ਸੇਵਾ ਨਿਭਾਈ। ਮਿਸਾਲ ਲਈ ਨਾਟੋ ਮਜ਼ਬੂਤ ਹੈ, ਦੂਸਰੀ ਖਾੜੀ ਜੰਗ ਖਤਮ ਹੈ ਪਰ ਇਰਾਕ ਅਸ਼ਾਂਤ ਹੈ, 2002 ਤੋਂ ਅਫ਼ਗਾਨਿਸਤਾਨ 'ਚ ਜੰਗ ਜਾਰੀ ਹੈ, ਪੱਛਮੀ ਏਸ਼ੀਆ ਅਸ਼ਾਂਤ ਹੈ, ਤਾਲਿਬਾਨ ਅਤੇ ਅਲਕਾਇਦਾ ਪਿਛੋਂ ਇਸਲਾਮਿਕ ਸਟੇਟ ਅੱਤਵਾਦੀ ਸੰਗਠਨ ਨੂੰ ਹਮਾਇਤ ਦਿੱਤੀ ਜਾ ਰਹੀ ਹੈ। ਦੋ ਜਾਂ ਬਹੁਧਰੁਵੀ ਵਿਸ਼ਵ ਦਾ ਵਿਰੋਧ ਹੈ। ਇਸੇ ਜੰਗੀ ਨੀਤੀ ਨੂੰ ਦੋਵੇਂ ਉਵੇਂ ਹੀ ਜਾਰੀ ਰੱਖਣਗੇ। ਯਾਦ ਰਹਿਣਾ ਚਾਹੀਦਾ ਹੈ ਕਿ ਇਹੋ ਨੀਤੀ ਹੈ ਜਿਸ ਦੇ ਬਲਬੂਤੇ ਅਮਰੀਕਾ ਦਾ ਮਜ਼ਬੂਤ ਅਤੇ ਬਦਨਾਮ 'ਮਿਲਟਰੀ ਇੰਡਸਟਰੀਅਲ ਕੰਪਲੈਕਸ' ਜਿਉਂਦਾ ਰਹਿ ਸਕਦਾ ਹੈ। ਇਹ ਜੰਗ ਮੁਖੀ ਸਨਅਤ ਹੈ। ਅਮਰੀਕਾ ਦਾ ਆਰਥਿਕ ਢਾਂਚਾ ਉਚ ਪੱਧਰ ਦੀ ਯੁੱਧ ਸਮੱਗਰੀ ਨਾਭਕੀ ਅਤੇ ਮਿਜ਼ਾਇਲ ਟੈਕਨਾਲੋਜੀ ਦੇ ਨਿਰਮਾਣ ਅਤੇ ਵਿਸ਼ਵ ਭਰ ਵਿਚ ਉਹਦੇ ਨਿਰਯਾਤ ਉਤੇ ਹੀ ਨਿਰਭਰ ਹੈ। ਜਿਸ ਉਤੇ ਨਿੱਜੀ ਪੂੰਜੀ ਦੀ ਸਰਦਾਰੀ ਹੈ ਅਤੇ ਇਸ ਉਦਯੋਗ ਨਾਲ ਲੱਖਾਂ ਅਮਰੀਕੀਆਂ ਦਾ ਜਿਊਣ ਮਰਨ ਜੁੜਿਆ ਹੋਇਆ ਹੈ। ਇਸ ਸਨਅਤ ਵਿਚ ਮਾਮੂਲੀ ਜੇਹੀ ਖੜੋਤ ਵੀ, ਅਮਰੀਕਾ ਲਈ ਨਾ ਸਿਰਫ਼ ਰੁਜ਼ਗਾਰ ਸੰਕਟ ਸਗੋਂ ਰਾਜਨੀਤਕ ਤੇ ਸਮਾਜਿਕ ਸੰਕਟ ਨੂੰ ਜਨਮ ਦੇ ਸਕਦੀ ਹੈ। ਕੋਈ ਵੀ ਰਾਸ਼ਟਰਪਤੀ ਬਣੇ ਹੋਣ ਜਾਂ ਬਣਨ, ਉਹ ਇਸ ਯੁੱਧ ਸਨਅਤ ਦੀ ਪੂੰਜੀ ਦੀ ਸਰਦਾਰੀ ਤੋਂ ਬਾਹਰ ਨਹੀਂ ਜਾ ਸਕਦਾ ਭਾਵ ਹਰ ਰਾਸ਼ਟਰਪਤੀ ਇਹ ਯੁੱਧ ਸਨਅਤ ਦੀ ਪੂੰਜੀ ਦੀ ਗ੍ਰਿਫ਼ਤ 'ਚ ਹੈ ਅਤੇ ਉਸਦੀਆਂ ਲਗਾਮਾਂ ਇਹਦੇ ਕੋਲ ਹੀ ਹਨ। ਇਸ ਲਈ ਅੱਤਵਾਦ ਦੇ ਨਾਂ ਹੇਠ ਖੇਤਰੀ ਜੰਗਾਂ ਅਤੇ ਸਥਾਨਕ ਲੜਾਈਆਂ ਜਾਰੀ ਰਹਿਣਗੀਆਂ। ਲੋੜ ਪੈਣ ਉਤੇ ਅਮਰੀਕਾ ਨਵੇਂ ਮੋਰਚੇ ਵੀ ਖੋਹਲ ਸਕਦਾ ਹੈ। ਕਿਉਂਕਿ ਉਹ ਨੇ ਹਰ ਹਾਲਤ ਆਪਦੀ ਸੰਸਾਰਕ ਚੌਧਰ ਬਰਕਰਾਰ ਰੱਖਣੀ ਹੈ। ਮਿਸਾਲ ਲਈ ਉਹਨੂੰ ਲੱਗਾ ਤਾਂ ਉਹ ਭਾਰਤ ਪਾਕਿ ਜੰਗ ਵੀ ਕਰਵਾ ਸਕਦਾ ਹੈ। ਦੁਨੀਆ ਦੇ ਲੋਕ ਮਰਨ ਤਬਾਹੀ ਹੋਵੇ ਭਿਆਨਕਤਾਂ ਪਸਰੇ ਪਰ ਅਮਰੀਕੀ ਯੁੱਧ ਸਨਅਤ ਦੇ ਮੁਨਾਫ਼ਿਆਂ 'ਚ ਭੋਰਾ ਭਰ ਵੀ ਆਂਚ ਨਹੀਂ ਆਉਣੀ ਚਾਹੀਦੀ ਅਤੇ ਇਸ ਲਈ ਹਰ ਅਮਰੀਕੀ ਰਾਸ਼ਟਰਪਤੀ ਇਸ ਪ੍ਰਤੀ ਵਫ਼ਾਦਾਰ ਰਿਹਾ ਹੈ ਅਤੇ ਰਹਿੰਦਾ ਹੈ।

ਜਿਹਨੇ ਵੀ ਦੋਹਾਂ ਸੰਭਾਵੀ ਰਾਸ਼ਟਰਪਤੀਆਂ (ਭਾਵ ਉਮੀਦਵਾਰਾਂ) ਦੇ ਭਾਸ਼ਣ ਸੁਣੇ ਹੋਣਗੇ ਜਾਂ ਅਖ਼ਬਾਰੀ ਰਿਪੋਰਟਾਂ ਪੜ੍ਹੀਆਂ ਹੋਣਗੀਆਂ। ਇਨ੍ਹਾਂ ਦੋਹਾਂ ਨੇ ਆਪਣੇ ਭਾਸ਼ਣਾਂ 'ਚ 'ਅਮਰੀਕਾ ਮਹਾਨ', 'ਅਮਰੀਕੀ ਸ਼ਤਾਬਦੀ' ਦੇ ਨਾਅਰੇ ਉਛਾਲੇ ਹਨ ਅਤੇ ਦੋਹਾਂ ਨੇ ਹੀ ਆਪਣੇ ਭਾਸ਼ਣਾਂ ਦੇ ਅਖ਼ੀਰ 'ਚ ਇਹੋ ਕਿਹਾ ਹੈ ਕਿ ਆਉਣ ਵਾਲੀ ਸਦੀ ਵੀ ਅਮਰੀਕਾ ਦੀ ਸਦੀ ਹੈ ਅਤੇ ਰਹੇਗੀ। ਅਮਰੀਕਾ, ਦੁਨੀਆ ਦੀ ਜਿਹੜੀ ਅਗਵਾਈ ਕਰ ਰਿਹਾ ਹੈ ਉਸ ਨੂੰ ਆਂਚ ਨਹੀਂ ਆਉਣ ਦਿੱਤੀ ਜਾਵੇਗੀ। ਇਹ ਨੂੰ ਅਟੱਲ ਰੱਖਿਆ ਜਾਵੇਗਾ ਅਤੇ ਅੱਤਵਾਦ ਦੇ ਵਿਰੁੱਧ ਜੰਗ ਜਾਰੀ ਰਹੇਗੀ। ਸਿਤਮ ਦੀ ਗੱਲ ਇਹ ਹੈ ਕਿ ਦੋਹਾਂ ਉਮੀਦਵਾਰਾਂ ਵਿਚੋਂ ਕਿਸੇ ਇਕ ਨੇ ਵੀ ਦੋ ਦੋ ਖਾੜੀ ਯੁੱਧਾਂ ਵਿਚ ਕੀਤੇ ਗਏ ਯੁੱਧ ਅਪਰਾਧਾਂ, ਮਹਾਂ ਗਲਤੀਆਂ ਦੀ ਨਾ ਮੁਆਫ਼ੀ ਮੰਗੀ ਅਤੇ ਨਾ ਹੀ ਇਨ੍ਹਾਂ 'ਭੁੱਲਾਂ' ਨੂੰ ਸੁਧਾਰਨ ਦਾ ਵਾਅਦਾ ਕੀਤਾ। ਜਦੋਂ ਕਿ ਇਹ ਹੁਣ ਦੁਨੀਆ 'ਚ ਜੱਗ ਜਾਹਿਰ ਹੋ ਚੁੱਕਾ ਹੈ ਕਿ ਸਦਮਾ ਦੇ ਇਰਾਕ ਵਿਚ ਕੋਈ ਰਸਾਇਣਕ ਹਥਿਆਰ ਜਾਂ ਲੋਕਾਈ ਦੇ ਵਿਕਾਸ ਵਾਲੇ ਸ਼ਾਸਤਰ ਨਹੀਂ ਸਨ ਮਿਲੇ। ਇਥੋਂ ਤੱਕ ਬਰਤਾਨੀਆ ਦੀ ਜਾਂਚ ਸੰਮਤੀ ਨੇ ਵੀ ਇਹ ਸੱਚਾਈ ਸਾਫ਼ ਕਰ ਦਿੱਤੀ ਹੈ ਅਤੇ ਉਸ ਸਮੇਂ ਦੇ ਪ੍ਰਧਾਨ ਮੰਤਰੀ ਟੋਨੀ ਬਲੇਅਰ ਉਤੇ ਰਾਸ਼ਟਰ ਸਾਹਮਣੇ ਝੂਠ ਬੋਲਣ ਦੇ ਦੋਸ਼ ਵੀ ਲੱਗ ਰਹੇ ਹਨ। ਉਹਦੇ ਵਿਰੁੱਧ ਮੁਕੱਦਮਾ ਦਰਜ ਕਰਨ ਦੀ ਆਵਾਜ਼ ਉਠ ਰਹੀ ਹੈ। ਸੋ ਰੀਪਬਲਿਕਨ ਪਾਰਟੀ ਦੇ ਜਾਰਜ ਬੁਸ਼ ਜੂਨੀਅਰ ਨੂੰ ਕਿਵੇਂ ਬਰੀ ਕੀਤਾ ਜਾ ਸਕਦਾ ਹੈ? ਕਿਉਂਕਿ ਉਹਦੇ ਕਾਰਜ ਸਮੇਂ ਵਿਚ ਹੀ ਇਰਾਕ ਉਤੇ ਦੂਸਰੀ ਫੈਸਲਾਕੁੰਨ ਜੰਗ 2003 ਵਿਚ ਥੋਪੀ ਗਈ ਸੀ। ਬਹਾਨਾ ਲੋਕਾਈ ਦੇ ਵਿਨਾਸ਼ ਵਾਲੇ ਸ਼ਾਸਤਰਾਂ ਦਾ ਨਹੀਂ ਸੀ। ਤੇਲ ਦਾ ਸੀ ਪਰ ਮੌਜੂਦਾ ਦੋਹਾਂ ਉਮੀਦਵਾਰਾਂ ਨੇ ਇਹ ਹਕੀਕਤ ਜੱਗ ਜਾਹਿਰ ਹੋਣ ਉਤੇ ਵੀ ਜੂਨੀਅਰ ਜਾਰਜ ਬੁਸ਼ ਨੂੰ ਕਟਿਹਰੇ ਵਿਚ ਖੜ੍ਹੇ ਕਰਨ ਦੀ ਹਿੰਮਤ ਨਹੀਂ ਕੀਤੀ। ਉਹਦੇ ਉਤੇ ਜੰਗੀ ਅਪਰਾਧੀ ਦਾ ਮੁਕੱਦਮਾ ਤਾਂ ਦਰਜ ਕੀ ਕਰਨਾ ਹੈ। ਸਾਫ਼ ਹੈ ਕਿ ਅਮਰੀਕਾ ਅਤੇ ਉਹਦੇ ਭਾਈਵਾਲ ਨਾਟੋ ਦੇਸ਼ਾਂ ਨੂੰ ਖਾੜੀ ਜੰਗ ਜਾਂ ਅਫ਼ਗਾਨਿਸਤਾਨ ਜੰਗ ਲਈ ਭੋਰਾ ਭਰ ਵੀ ਅਫ਼ਸੋਸ ਨਹੀਂ ਹੈ। ਸੋ ਰਾਸ਼ਟਰਪਤੀ ਕੌਣ ਬਣੇ ਸੱਤਾ ਦੀ ਵਾਗਡੋਰ ਸਾਂਭਣ ਵਾਲੇ ਦਾ ਚਰਿੱਤਰ ਉਹੋ ਹੀ ਰਹੇਗਾ ਜਿਹੜਾਉਸ ਤੋਂ ਪਹਿਲਿਆਂ ਦਾ ਹੈ।

ਪਿਛਲੇਰੀਆਂ ਦੋ ਚੋਣਾਂ ਜਿਹਦੇ 'ਚ ਰਾਸ਼ਟਰਪਤੀ ਉਮੀਦਵਪਾਰ 2007 ਵਿਚ ਬਰਾਕ ਓਬਾਮਾ ਅਤੇ ਜਾਨ ਮਕੇਨ, 2012 ਵਿਚ ਓਬਾਮਾ ਸਨ ਅਤੇ ਰੋਮਨੀ ਸਨ ਅਤੇ ਹੁਣ 2016 ਵਿਚ ਹਿਲੇਰੀ ਅਤੇ ਟਰੰਪ ਵਿਚੋਂ ਕਿਸੇ ਵੀ ਉਮੀਦਵਾਰ ਨੇ ਅਮਰੀਕੀ ਵਿਦੇਸ਼ ਨੀਤੀ ਵਿਚ ਕਿਸੇ ਵੀ ਤਬਦੀਲੀ ਦੀ ਕਦੇ ਕੋਈ ਐਲਾਨ ਨਹੀਂ ਕੀਤਾ। ਕਿਸੇ ਨੇ ਕਦੇ ਇਹ ਨਹੀਂ ਕਿਹਾ ਕਿ, ਸੰਯੁਕਤ ਰਾਸ਼ਟਰ ਸੰਘ ਨੂੰ ਹੋਰ ਵੱਧ ਜਮਹੂਰੀ ਬਣਾਇਆ ਜਾਵੇਗਾ। ਉਹਦੀ ਸਭ ਤੋਂ ਮਹੱਤਵਪੂਰਨ ਸੰਸਥਾ ਸੁਰੱਖਿਆ ਪ੍ਰੀਸ਼ਦ ਦਾ ਵਿਸਥਾਰ ਕੀਤਾ ਜਾਵੇਗਾ। ਕੌਮਾਂਤਰੀ ਵਿੱਤੀ ਸੰਸਥਾਵਾਂ ਭਾਵ ਹਥਿਆਰਾਂ (ਵਿਸ਼ਵ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਵਿਸ਼ਵ ਵਪਾਰ ਸੰਘ) ਦੇ ਰਾਹੀਂ, ਗਰੀਬ ਅਤੇ ਵਿਕਾਸਸ਼ੀਲ ਦੇਸ਼ਾਂ ਦੀਆਂ ਬਾਹਾਂ ਮਰੋੜਨਾਂ ਬੰਦ ਕੀਤਾ ਜਾਵੇਗਾ। ਸਗੋਂ ਹਰ ਸਮੇਂ ਹਰ ਉਮੀਦਵਾਰ ਨੇ ਇਹੋ ਰਾਗ ਅਲਾਪਿਆ 'ਅਮਰੀਕਾ ਮਹਾਨ' ਹੈ। ਅਮਰੀਕੀ ਸਰਕਾਰੀ ਬਰਕਰਾਰ ਰੱਖੀ ਜਾਵੇਗੀ। ਇਹ ਮਹਾਨਤਾ ਸਦਾ ਸਲਾਮਤ ਰਹੇਗੀ। ਬਰਤਾਨਵੀ ਸਾਮਰਾਜ ਸਮੇਂ ਸੂਰਜ ਡੁੱਬਦਾ ਨਹੀਂ ਸੀ ਅਮਰੀਕੀ ਸਾਮਰਾਜਵਾਦ ਦੀ ਸਰਦਾਰੀ ਸਮੇਂ ਸੂਰਜ ਵੀ ਅਮਰੀਕਾ ਨੂੰ ਪੁੱਛ ਕੇ ਚੜ੍ਹਦਾ ਡੁੱਬਦਾ ਹੈ। ਕੀ ਪਤਾ ਆਲਮੀ ਸ਼ਹਿਨਸ਼ਾਹ ਕਦੋਂ ਆਪਣੇ ਜੰਗੀ ਹਥਿਆਰਾਂ ਨਾਲ ਸੂਰਜ ਨੂੰ ਹੀ ਭਸਮ ਕਰ ਦੇਵੇ। ਇਸ ਲਈ ਇਹ ਸਾਫ਼ ਹੋਣਾ ਚਾਹੀਦਾ ਹੈ ਅਤੇ ਕੋਈ ਭਰਮ ਭੁਲੇਖਾ ਨਹੀਂ ਹੋਣਾ ਚਾਹੀਦਾ ਕਿ ਹਿਲੇਰੀ ਜਾਂ ਟਰੰਪ 'ਚੋਂ ਕੋਈ ਵੀ ਰਾਸ਼ਟਰਪਤੀ ਬਣੇ ਅਮਰੀਕੀ ਸਾਮਰਾਜ ਦੀ ਭਿਆਨਕ ਸਾਮਰਾਜ ਜੁਬਾੜੇ ਉਵੇਂ ਹੀ ਮਾਨਸ-ਬੋ-ਮਾਨਸ-ਬੋ ਭਾਵ ਮੁਨਾਫ਼ਾ ਬੋ-ਮੁਨਾਫ਼ਾ ਬੋ ਜਾਂ ਦੁਨੀਆ ਦੇ ਪੈਦਾਵਾਰ ਸਰੋਤਾਂ ਉਤੇ ਕਬਜ਼ੇ ਕਰਨ ਤੇ ਹੜੱਪਣ ਲਈ ਹਮੇਸ਼ਾ ਖੁੱਲ੍ਹੇ ਰਹਿਣਗੇ ਅਤੇ ਉਹ ਦੁਨੀਆ ਦੇ ਕਿਸੇ ਵੀ ਦੇਸ਼ ਕਿਸੇ ਵੀ ਖਿੱਤੇ ਨਾਲ ਕਦੇ ਵੀ ਭਲੀ ਨਹੀਂ ਗੁਜ਼ਾਰਨਗੇ ਨਾਲ ਉਹ ਕਿਸੇ ਪ੍ਰਤੀ ਦਿਆਲੂ ਹੋਵੇਗਾ ਨਾ ਹੀ ਨਰਮ। ਨਵ ਸਾਮਰਾਜਵਾਦ ਜਿਹੜਾ ਆਦ੍ਰਿਸ਼ ਲਗਦਾ ਹੈ, ਸਿੱਧੇ ਬਸਤੀਵਾਦੀ ਕੋਲ ਨਾਲੋਂ ਵੀ ਭਿਆਨਕ ਅਤੇ ਖਤਰਨਾਕ ਹੈ ਅਤੇ ਹਰ ਅਮਰੀਕੀ ਰਾਸ਼ਟਰਪਤੀ ਇਸ ਖੂੰ-ਖਾਰ ਸਾਮਰਾਜ ਦੇ ਪਸਾਰੇ ਲਈ ਹੀ ਪਹਿਰੇਦਾਰੀ ਕਰੇਗਾ।

ਰਾਸ਼ਟਰਪਤੀ ਹਿਲੇਰੀ ਬਣੇ ਜਾਂ ਟਰੰਪ, ਅਮਰੀਕੀ ਸਾਮਰਾਜਵਾਦ ਦੁਨੀਆ ਭਰ ਦੇ ਦੇਸ਼ਾਂ ਦੇ ਅੰਦਰੂਨੀ ਅਤੇ ਬਾਹਰੀ ਮਾਮਲਿਆਂ ਵਿਚ ਦਖਲ ਅੰਦਾਜ਼ੀ ਜਾਰੀ ਰੱਖੇਗਾ। ਜਦੋਂ

ਤੇ ਕਿਵੇਂ ਹੀ ਕੋਈ ਰਾਸ਼ਟਰ ਜਾਂ ਦੇਸ਼ ਉਹਦੇ ਹਿੱਤਾਂ (ਅਮਰੀਕੀ ਹਿੱਤਾਂ) ਦੇ ਵਿਰੁੱਧ ਜਾਵੇਗਾ, ਉਹਨੂੰ ਸਜ਼ਾ ਦੇਣ ਵਿਚ ਉਹ ਕਦੇ ਗੁਰੇਜ਼ ਨਹੀਂ ਕਰੇਗਾ। ਜਿਥੇ ਹਿਲੇਰੀ ਕਲਿੰਟਨ ਅਮਰੀਕਾ ਮਹਾਨ ਅਤੇ ਨਰਮ ਰਾਸ਼ਟਰਵਾਦ ਦੇ ਨਾਅਰੇ ਦੁਹਰਾਉਂਦੀ ਹੈ, ਉਥੇ ਦੂਸਰੇ ਪਾਸੇ ਟਰੰਪ ਗਰਮ ਰਾਸ਼ਟਰਵਾਦ ਭਾਵ ਅੱਤਵਾਦੀ ਰਾਸ਼ਟਰਵਾਦ, ਅਧਿਰਾਸ਼ਟਰਵਾਦ, ਯੁੱਧ ਉਤੇਜਨਾ ਅਤੇ ਮਹਾਨ ਅਮਰੀਕੀਵਾਦ ਦੇ ਨਾਅਰੇ ਉਛਾਲਦਾ ਹੈ। ਉਨ੍ਹਾਂ ਦੇ ਭਾਸ਼ਣਾਂ ਨਾਅਰਿਆਂ 'ਚੋਂ 'ਸਭਿਆਤਾਵਾਂ ਦੇ ਟਕਰਾਵਾਂ' ਦੀ ਧਾਰਨਾ ਦੀ ਬੋ ਆਉਂਦੀ ਹੈ। ਇਹ ਉਹੀ ਧਰਨਾ ਹੈ ਜਿਹਨੂੰ 1989-90 ਵਿਚ ਇਕ ਅਮਰੀਕੀ ਸੌੜੀ ਦ੍ਰਿਸ਼ਟੀ ਵਾਲੇ ਵਿਦਵਾਨ ਸੈਮੂਅਲ ਪੀ. ਹੰਟਿਗਟਨ ਨੇ ਆਪਣੇ ਇਕ ਲੇਖ ਜੋ ਪਿਛੋਂ ਕਿਤਾਬ ਵਿਚ ਪ੍ਰਕਾਸ਼ਿਤ ਹੋਇਆ-ਸਭਿਆਤਾਵਾਂ ਦਾ ਟਕਰਾਅ-ਉਠ ਰਹੀ ਇਕ ਨਵੀਂ ਵਿਸ਼ਵ ਵਿਵਸਥਾ'- ਵਿਚ ਪੇਸ਼ ਕੀਤੀ ਸੀ। ਜਿਹਦੇ ਮੁਤਾਬਕ ਵੱਖ ਵੱਖ ਅਤੇ ਵਿਰੋਧੀ ਸਭਿਆਤਾਵਾਂ ਦੇ ਦੇਸ਼ਾਂ ਦੇ ਦਰਮਿਆਨ ਟਕਰਾਅ ਦੇ ਵਿਚਾਰ ਦੀ ਭਵਿੱਖਬਾਣੀ ਕੀਤੀ ਗਈ ਸੀ। ਇਸ ਧਾਰਨਾ ਦੇ ਕੇਂਦਰ ਵਿਚ ਇਸਾਈ ਅਤੇ ਇਸਲਾਮੀ ਦੇਸ਼ਾਂ ਨੂੰ ਰੱਖਿਆ ਗਿਆ ਸੀ। ਇਹ ਹੈਰਾਨੀਜਨਕ ਜਾਂ ਇਤਫ਼ਾਕ ਸੀ ਕਿ ਜਦੋਂ ਹੀ ਇਕ ਪਾਸੇ ਸਭਿਅਤਾਵਾਂ ਦੇ ਟਕਰਾਵਾਂ ਦੀ ਬਹਿਸ ਜਨਮ ਲੈਂਦੀ ਹੈ, ਐਨ ਉਸੇ ਸਮੇਂ ਖਾੜੀ ਜੰਗ ਦੀ ਭੌਂ ਤਿਆਰ ਹੋਣ ਲੱਗਦੀ ਹੈ। ਇਹ ਕਿਤਾਬ 1995-96 'ਚ ਛਪੀ ਸੀ ਅਤੇ ਅਫ਼ਗਾਨਿਸਤਾਨ ਦਾ ਸੰਕਟ ਵੀ ਇਨ੍ਹਾਂ ਦਿਨਾਂ 'ਚ ਮੰਡਲਾਉਣ ਲੱਗਦਾ ਹੈ। ਤਾਲਿਬਾਨ ਅਤੇ ਅਲਕਾਇਦਾ ਭਸਮਾਸਰ ਰਾਖਸ਼ਿਸ਼ ਬਣ ਕੇ ਸਾਹਮਣੇ ਆਉਂਦੇ ਹਨ। 2001 ਵਿਚ ਨਿਊਯਾਰਕ ਦੀਆਂ ਦੋ ਇਮਾਰਤਾਂ ਉਤੇ ਹਮਲਾ ਹੁੰਦਾ ਹੈ, 2002 ਵਿਚ ਅਫ਼ਗਾਨਿਸਤਾਨ ਅਤੇ ਫਿਰ 2003 ਵਿਚ ਸਦਾਮ ਦੇ ਦੇਸ਼ ਇਰਾਕ ਉਤੇ ਚੜ੍ਹਾਈ ਹੁੰਦੀ ਹੈ। ਕੀ ਇਨ੍ਹਾਂ ਘਟਨਾਵਾਂ ਨੂੰ ਤੋੜ ਕੇ ਜਾਂ ਅਲੱਗ ਅਲੱਗ ਕਰਕੇ ਵੇਖਿਆ ਜਾ ਸਕਦਾ ਹੈ? ਜਿਹਨੇ ਸਾਮਰਾਜ ਦੇ ਚਰਿਤਰ ਨੂੰ ਵੇਖਣਾ ਹੈ ਉਹਨੂੰ ਇਹਦੀ ਤਰਤੀਬ ਤੇ ਯੋਜਨਾ ਨੂੰ ਸਮਝਣਾ ਪਵੇਗਾ। ਸਾਮਰਾਜੀ ਚਰਿਤਰ ਨੂੰ ਬੁਝਣਾ ਹੁਣ ਪਹਿਲਾਂ ਨਾਲੋਂ ਐਨਾ ਆਸਾਨ ਨਹੀਂ ਰਿਹਾ? ਤੁਸੀਂ ਟਰੰਪ ਦੇ ਭਾਸ਼ਣਾਂ ਦੀਆਂ ਖ਼ਬਰਾਂ ਪੜ੍ਹੀਆਂ ਹੋਣ ਤਾਂ ਉਸ ਤੋਂ ਅੰਦਾਜ਼ਾ ਲਾ ਸਕਦੇ ਹੋ। ਪਿਛਲੇਰੇ ਮਹੀਨਿਆਂ ਵਿਚ ਜਿੰਨੀਆਂ ਵੀ ਅੱਤਵਾਦੀ ਘਟਨਾਵਾਂ ਹੋਈਆਂ ਟਰੰਪ ਦੇ ਭਾਸ਼ਣਾਂ ਦਾ ਚਰਚਾ ਦਾ ਵਿਸ਼ਾ ਰਹੀਆਂ ਜਿਸ 'ਚ ਮੁਸਲਮਾਨ ਸਮੁਦਾਏ ਵਿਰੁੱਧ ਅੰਨੀ ਨਫ਼ਰਤ ਉਗਲੱਛੀ ਹੈ ਜਿਸ ਨਾਲ ਦੂਸਰੇ ਸਮੁਦਾਇਆਂ ਤੇ ਮੁਸਲਿਮ ਸਮੁਦਾਏ ਵਿਚ ਇਕ ਨਫ਼ਰਤ ਦੀਆਂ ਲਕੀਰਾਂ ਉਭਰੀਆਂ ਹਨ। ਇਨ੍ਹਾਂ ਭਾਸ਼ਣਾਂ ਤੇ ਟਰੰਪ ਦੀ ਇਸ ਸੋਚ ਨੂੰ ਹਿੰਦੂ ਕੱਟੜ ਪੰਥੀਆਂ ਨੇ ਖੂਬ ਸਲਾਹਿਆ ਅਤੇ ਉਛਾਲਿਆ ਹੈ। ਅਮਰੀਕਾ ਵਿਚ ਵੀ ਅਤੇ ਭਾਰਤ ਵਿਚ ਵੀ ਅਜਿਹੀ ਸੋਚ ਵਾਲੇ ਹਿੰਦੂ ਕੱਟੜਪੰਥੀ ਗਦਗਦ ਹੋਏ ਹਨ। ਜਿਉਂ ਜਿਉਂ ਟਰੰਪ ਮੁਸਲਮਾਨਾਂ ਵਿਰੁੱਧ ਬੋਲਦੇ ਹਨ ਇਨ੍ਹਾਂ ਦੀਆਂ ਬਾਹਾਂ ਉਤਾਂਹ ਚੜ੍ਹਦੀਆਂ ਹਨ, ਸੱਤਾ ਉਤੇ ਬੈਠੇ ਹਿੰਦੂਤਵਵਾਦੀ ਹਾਕਮਾਂ ਨੇ ਤਾਂ ਇਸ ਨੂੰ ਉਤਸ਼ਾਹ ਵਜੋਂ ਲੈਂਦਿਆਂ ਕਸ਼ਮੀਰ ਅਤੇ ਪਾਕਿਸਤਾਨ ਪ੍ਰਤੀ ਰਵੱਈਆ ਹੋਰ ਸਖ਼ਤ ਅਪਣਾ ਲਿਆ ਹੈ। ਖੁਦ ਅਮਰੀਕਾ ਦੇ ਕਈ ਇਲਾਕੇ ਜਿਨ੍ਹਾਂ 'ਚ ਬੋਸਟਨ, ਨਿਊਯਾਰਕ ਜਾਮਿਕਾ, ਨਿਊਜਰਸੀ, ਜੈਕਸਨ ਹਾਈਟ ਆਦਿ ਜਿਥੇ ਮੁਸਲਿਮ ਆਬਾਦੀ ਹੈ ਵਿਚ ਇਸ ਨਫ਼ਰਤੀ ਲਕੀਰਾਂ ਨੂੰ ਵੇਖਿਆ ਜਾ ਸਕਦਾ ਹੈ। ਹਿੰਦੂ ਕੱਟੜਪੰਥੀ ਤਾਂ ਇਹ ਵੀ ਸਮਝਣ ਲੱਗੇ ਹਨ ਕਿ ਟਰੰਪ ਦੇ ਆਉਣ ਨਾਲ 'ਮੁਸਲਮਾਨਾਂ ਦੇ ਅਮਰੀਕਾ ਵੀ ਦਾਖਲੇ ਉਤੇ ਰੋਕ ਲੱਗੇਗੀ। ਇਹ ਵਿਚਾਰ ਵੀ ਕੰਮ ਕਰ ਰਿਹਾ ਹੈ ਕਿ ਕਿਉਂਕਿ, ਬਰਾਕ ਓਬਾਮਾ ਔਥੇ ਮੁਸਲਮਾਨ ਹਨ ਇਸ ਲਈ ਇਹਦਾ ਰਵੱਈਆ ਮੁਸਲਮਾਨਾਂ ਪ੍ਰਤੀ ਨਰਮ ਰਿਹਾ ਅਤੇ ਹਿਲੇਰੀ ਵੀ ਨਰਮ ਹੀ ਰਹੇਗੀ। ਜਦੋਂ ਕਿ ਟਰੰਪ ਸਖ਼ਤ ਹੋਣਗੇ। ਕਿਉਂਕਿ ਉਹ ਮੁਸਲਮਾਨਾਂ ਉਤੇ ਚਿੜ੍ਹਦੇ ਹਨ। ਪਰ ਇਹ ਭੁੱਲ ਜਾਂਦੇ ਹਨ ਕਿ ਅਮਰੀਕੀ ਰਾਸ਼ਟਰਪਤੀ ਦੀ ਕੁਰਸੀ ਉਤੇ ਜਿਹੜਾ ਵੀ ਬੈਠਿਆਂ ਉਹਦੇ ਚੋਣ ਸਮੇਂ ਵਿਚਾਰ ਕਿਹੋ ਜਿਹੇ ਵੀ ਹੋਣ ਉਹ ਵਾਈਟ ਹਾਊਸ ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਕੂਲ ਹੀ ਚਲੇਗਾ ਅਤੇ ਵਾਈਟ ਹਾਊਸ ਅਮਰੀਕੀ ਸਾਮਰਾਜੀ ਪੂੰਜੀਪਤੀਆਂ ਦੀ ਰਖਵੈਲ ਸੰਸਥਾ ਹੈ ਸੋ ਉਹਦੇ ਲਈ ਪੂੰਜੀ ਤੇ ਮੁਨਾਫ਼ੇ ਦੀ ਬਰਕਰਾਰੀ ਅਤੇ ਸੁਰੱਖਿਆ ਪ੍ਰਥਮ ਹੈ। ਉਹ ਸਿਰੇ ਵੀ ਨਾਅਰੇ ਬੋਲੇ ਕਿਉਂ ਨਾ ਹੋਵੇ।

ਨਿਊਯਾਰਕ ਤੋਂ ਛਪਦੇ ਇਕ ਟੈਬਲਾਇਡ ਦਾ ਇੰਡੀਅਨ ਪੈਰੋਨਮਾ ਦੇ 18 ਅਗਸਤ ਦੇ ਅੰਕ ਵਿਚ ਇਕ ਲੇਖ ਪ੍ਰਕਾਸ਼ਿਤ ਹੋਇਆ ਜਿਸ ਦੇ ਮੁਤਾਬਕ ਹਿਲੇਰੀ ਕਲਿੰਟਨ ਅੱਗੇ ਫੜ ਮਾਰੀ ਕਿ ਟਰੰਪ ਦੇ ਰਾਜ ਕਾਲ ਸਮੇਂ ਅਮਰੀਕੀ ਭਾਰਤੀਆਂ ਦਾ ਅੱਗੇ ਫੜ ਮਾਰੀ ਕਿ ਟਰੰਪ ਦੇ ਰਾਜਕਾਲ ਸਮੇਂ ਅਮਰੀਕੀ ਭਾਰਤੀਆਂ ਦਾ ਜਿਊਣ ਪੱਧਰ ਉਚਾ ਹੋਵੇਗਾ ਅਤੇ ਇਹਦਾ ਭਾਰਤ ਨੂੰ ਵੀ ਫਾਇਦਾ ਹੋਵੇਗਾ। ਸੋ ਅਮੀਰ ਤੇ ਸੰਪਨ ਅਮਰੀਕਾ ਵਿਚ ਵਸਦੇ ਭਾਰਤੀਆਂ ਦਾ ਝੁਕਾ ਟਰੰਪ ਵੱਲ ਹੋਣਾ ਸੁਭਾਵਿਕ ਹੈ ਜਿਸ ਵਿਚ ਜ਼ਿਆਦਾਤਰ ਇਹ ਹੋਵੇਗਾ ਹਿੰਦੂਤਵਵਾਦੀ ਤਾਕਤਾਂ ਦਾ ਹਮਾਇਤੀ ਵੀ ਹੈ। ਪਿਛਲੇਰੀਆਂ ਚੋਣਾਂ ਵਿਚ ਅਮਰੀਕਾ ਵਿਚ ਇਸਲਾਮ ਅਤੇ ਮੁਸਲਿਮ ਸਮੁਦਾਏ ਵਾਲਾ ਸਵਾਲ ਨਹੀਂ ਉਠਿਆ ਸੀ। ਜਿਨ੍ਹਾਂ ਇਸ ਸਮੇਂ ਉਠ ਰਿਹਾ ਹੈ। ਇਸ ਮਾਮਲੇ 'ਚ ਭਾਰਤੀ ਸਮੁਦਾਏ ਅਮਰੀਕਾ ਵਿਚ ਵੰਡਿਆ ਹੋਇਆ ਹੈ। ਹਾਲਾਂਕਿ ਸਰਵੇਖਣਾਂ 'ਚ ਹਿਲੇਰੀ ਅਜੇ ਟਰੰਪ ਤੋਂ ਅੱਗੇ ਜਾ ਰਹੀ ਹੈ ਅਤੇ ਹਿਲੇਰੀ ਅਮਰੀਕਾ ਵਿਚਲੇ ਭਾਰਤੀਆਂ ਵਿਚ ਹਰਮਨ ਪਿਆਰੀ ਰਹੀ ਹੈ। ਇਹ ਸਮਝਣਾ ਗਲਤ ਨਹੀਂ ਹੋਵੇਗਾ ਕਿ ਅਮਰੀਕੀ ਸਾਮਰਾਜੀ ਪੂੰਜੀ ਲਈ ਸਭਿਆਤਾਵਾਂ ਦੇ ਟਕਰਾਅ ਦੀ ਜ਼ਮੀਨ ਤਿਆਰ ਕਰਕੇ ਸੱਤਾ ਨੂੰ ਹੋਰ ਕੇਂਦਰੀਨ ਅਤੇ ਫਾਸ਼ਿਸ਼ਟ ਜਾਂ ਕਹੋ ਤਾਨਾਸ਼ਾਹ ਬਣਾਉਣਾ ਉਹਦੀ ਅਜੋਕੇ ਸੰਕਟ ਦੀ ਲੋੜ 'ਚੋਂ ਉਪਜਿਆ ਪ੍ਰਬੰਧਾਂ ਦੇ ਬਦਲ ਵਿਚ ਅਜੋਕੀ ਵਿਸ਼ਵੀ ਪੂੰਜੀ ਸੱਤਾ ਨੂੰ ਤਾਨਾਸ਼ਾਹ ਅਤੇ ਫਾਸ਼ਿਸ਼ਟ ਬਣਾਉਣ ਵੱਲ ਵੱਧ ਰਹੀ ਹੈ।

ਵੈਸੇ ਦੋਹਾਂ ਦਰਮਿਆਨ ਟੱਕਰ ਕਾਫ਼ੀ ਤਕੜੀ ਹੈ। ਪਹਿਲਾਂ ਕਿਸੇ ਨੂੰ ਕਿਆਸ ਵੀ ਨਹੀਂ ਸੀ ਕਿ ਟਰੰਪ ਐਡੀ ਤੱਕੜੀ ਟੱਕਰ ਦੇ ਦੇਵੇਗਾ ਕਿਉਂਕਿ ਉਹ ਇਕ ਵਿਵਾਦਗ੍ਰਸਤ ਵਪਾਰੀ ਰਿਹਾ ਹੈ। ਰਾਜਨੀਤੀ 'ਚ ਆਇਆ ਇਹ ਨਵਾਂ ਖਿਡਾਰੀ ਤੇ ਵਪਾਰੀ, ਦੁਨੀਆ ਦੀ ਚਰਚਿਤ ਰਾਜਨੀਤਕ ਸ਼ਖ਼ਸੀਅਤ ਦੀ ਰਾਜਨੀਤਕ ਹੋਂਦ ਲਈ ਇਕ ਵੱਡਾ ਖਤਰਾ ਬਣਿਆ ਖਲੋਤਾ ਹੈ। ਦੋਹਾਂ ਉਮੀਦਵਾਰਾਂ ਦੇ ਰੋਚਿਕ ਕਿੱਸੇ ਵੀ ਅਮਰੀਕਨਾਂ ਵਿਚ ਪ੍ਰਚਲਤ ਹਨ। ਪੁਰਾਣੀ ਪੀੜ੍ਹੀ ਦੇ ਅਮਰੀਕਨ ਦੋਹਾਂ ਨੂੰ ਉਸਤਾਦ ਚੋਰ ਕਹਿੰਦੇ ਹਨ। ਜਿਥੇ ਹਿਲੇਰੀ ਕਲਿੰਟਨ ਰਾਜਨੀਤੀ ਦੀ ਜਾਣੀ ਪਛਾਣੀ ਚੋਰ ਹੈ। ਉਹ ਕਿਥੇ ਕਿਥੇ ਹੱਥ ਸਾਫ਼ ਕਰ ਸਕਦੀ ਹੈ, ਉਸ ਦੇ ਅਜਿਹੇ ਹੱਥਕੰਡਿਆਂ ਤੋਂ ਸਭ ਵਾਕਿਫ਼ ਹਨ। ਦੂਸਰੇ ਪਾਸੇ ਰੋਨਲਡ ਟਰੰਪ ਵਿਉਪਾਰਕ ਦੁਨੀਆ ਦੇ ਨਾਮੀ ਚੋਰ ਹਨ। ਪਰ ਰਾਜਨੀਤੀ 'ਚ ਉਹ ਕੀ ਕਰਿਸ਼ਮਾ ਵਿਖਾਉਣਗੇ ਇਸ ਤੋਂ ਅਮਰੀਕੀ ਅਜੇ ਜਾਣਕਾਰ ਨਹੀਂ। ਉਹ ਆਪਣੇ ਉਦਯੋਗ ਅਤੇ ਵਪਾਰਕ ਧੰਦਿਆਂ ਲਈ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਉਹ ਹੱਦ ਦਰਜੇ ਦੀ ਖੁੱਲ੍ਹੀ ਅਰਥਵਿਵਸਥਾ ਦੇ ਹਮਾਇਤੀ ਹੈ। ਆਪਣੇ ਇਸ ਭੜਕਾਊ ਲਫ਼ਾਜੀ ਨਾਲ ਦੇਸ਼ ਨੂੰ ਕਿਸੇ ਸੰਕਟ 'ਚ ਵੀ ਪਾ ਸਕਦਾ ਹੈ। ਇਹ ਅਮਰੀਕੀ ਨਾਗਰਿਕਾਂ ਦੀਆਂ ਕਿਆਸਰਾਈਆਂ ਹਨ। ਉਹ ਦੇਸ਼ ਵਿਚ ਸਮਾਜਿਕ ਤਣਾਅ ਪੈਦਾ ਕਰ ਸਕਦਾ ਹੈ ਜਿਸ ਨਾਲ ਅੱਤਵਾਦ ਦੇ ਨਵੇਂ ਨਵੇਂ ਰੂਪ ਸਾਹਮਣੇ ਆ ਸਕਦੇ ਹਨ। ਅਮਰੀਕੀ ਲੋਕ ਹੁਣ ਹਥਿਆਰ ਕੰਟਰੋਲ ਭਾਵ ਗੰਨ ਕੰਟਰੋਲ ਚਾਹੁੰਦੀ ਹੈ। ਯਾਦ ਰਹੇ ਅਮਰੀਕਾ ਅੰਦਰ ਹਥਿਆਰਾਂ ਦੀ ਖੁੱਲ੍ਹੀ ਵਿਕਰੀ ਪ੍ਰਚਲਤ ਹੈ ਕੋਈ ਵੀ ਨਾਗਰਿਕ ਜਦੋਂ ਚਾਹੇ ਖਤਰਨਾਕ ਤੋਂ ਖਤਰਨਾਕ ਹਥਿਆਰ ਕਿਸੇ ਸਮੇਂ ਵੀ ਖਰੀਦ ਸਕਦਾ ਹੈ ਕੋਈ ਲਾਇਸੰਸ ਪ੍ਰਣਾਲੀ ਨਹੀਂ। ਖੁੱਲ੍ਹੇ ਹਥਿਆਰਾਂ ਦੇ ਕਰਕੇ ਅਮਰੀਕਾ ਵਿਚ ਕਈ ਸਮੂਹਿਕ ਕਤਲੇਆਮ ਦੇ ਕਾਂਡ ਵਾਪਰ ਚੁੱਕੇ ਹਨ। ਵਿਸ਼ੇਸ਼ ਕਰਕੇ ਬੱਚਿਆਂ ਵਿਚ ਵੀ ਇਹ ਭਿਆਨਕ ਖੇਡ ਪ੍ਰਚਲਤ ਹੈ। ਅਮਰੀਕੀ ਹੁਣ ਦੁਖੀ ਹਨ ਪਰ ਕੋਈ ਸਰਕਾਰ ਇਹਨੂੰ ਨਿਯਮਬੱਧ ਨਹੀਂ ਕਰ ਸਕੀ। ਖੁਦ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਸਵੀਕਾਰ ਕਰਦਾ ਹੈ ਕਿ 'ਉਹ ਗੰਨ ਵਪਾਰ ਉਤੇ ਕੰਟਰੋਲ ਨਹੀਂ ਕਰ ਸਕੇ ਕਿਉਂਕਿ ਇਸ ਧੰਦੇ ਨਾਲ ਜੁੜੀ ਪੂੰਜੀਪਤੀ ਜਮਾਤ ਕਾਫ਼ੀ ਮਜ਼ਬੂਤ ਹੈ।' ਟਰੰਪ ਬਦੂਕਾਂ ਦੀ ਖੁੱਲ੍ਹੀ ਵਿਕਰੀ ਉਤੇ ਰੋਕ ਲਾਉਣ ਦੇ ਪੱਖ ਵਿਚ ਨਹੀਂ ਹੈ। ਉਹ ਆਪਣੇ ਭਾਸ਼ਣਾਂ 'ਚ ਕਹਿੰਦੀ ਵੀਹੈ ਕਿ ਹਿਲੇਰੀ ਜੇ ਰਾਸ਼ਟਰਪਤੀ ਬਣੀ ਤਾਂ ਬੰਦੂਕ ਸਨਅਤ ਦਾ ਧੰਦਾ ਤਬਾਹ ਹੋ ਜਾਵੇਗਾ। ਉਂਝ ਟਰੰਪ ਦੀਆਂ ਕਈ ਸ਼ਹਿਰਾਂ ਵਿਚ ਨਗਨ ਤਸਵੀਰਾਂ ਵੀ ਲੱਗੀਆਂ ਹਨ ਅਤੇ ਲੋਕ ਉਹਦੀ ਨਗਨ ਤਸਵੀਰ ਨਾਲ ਸੈਲਫ਼ੀ ਲੈਣ ਲਈ ਲਾਈਨਾਂ ਲਾਈ ਖਲੋਤੇ ਰਹਿੰਦੇ ਹਨ। ਸੋ ਅਮਰੀਕੀਆਂ ਵਿਚ ਇਹ ਚੋਣ 'ਚਲਾਕ ਬਿੱਲੀ ਅਤੇ ਪਾਲਤੂ ਕੁੱਤੇ' ਦੀ ਖੇਡ ਕਰਕੇ ਜਾਣੀ ਜਾਂਦੀ ਹੈ ਕਿ ਕੌਣ ਕਿਹਨੂੰ ਮਾਤ ਦੇਵੇਗਾ। ਇਥੇ ਨਹੀਂ ਹਿਲੇਰੀ ਕਲਿੰਟਨ ਜਦੋਂ 2008 ਤੋਂ 12 ਦਰਮਿਆਨ ਵਿਦੇਸ਼ ਮੰਤਰੀ ਸੀ ਤਾਂ ਉਹਨੇ ਸਰਕਾਰੀ ਈ ਮੇਲ ਅਕਾਊਂ ਦੀ ਨਿੱਜੀ ਮੰਤਵ ਲਈ ਵੀ ਵਰਤੋਂ ਕੀਤੀ ਸੀ। ਜਿਹਨੂੰ ਚੀਨੀਆਂ ਨੇ ਹਾਈਜੈਕ ਵੀ ਕਰ ਲਿਆ ਸੀ ਅਤੇ ਇਵੇਂ ਹੀ ਕਲਿੰਟਨ ਫਾਊਂਡੇਸ਼ਨ ਲਈ ਚੰਦਾ ਹਾਸਲ ਕਰਨ ਦੇ ਸਵਾਲ ਵੀ ਉਠੇ ਹਨ। ਇਹ ਸਭ ਪੜਦਾਦਾਰ ਤੇ ਦੂਸ਼ਣਬਾਜ਼ੀ ਭਾਰਤੀ ਚੋਣਾਂ ਵਰਗੀ ਹੀ ਹੈ।

ਮੁੱਕਦੀ ਗੱਲ ਕਿ ਅਮਰੀਕਾ ਲਗਾਤਾਰ ਆਰਥਿਕ ਅਤੇ ਸਮਾਜਿਕ ਸੰਕਟ ਵੱਲ ਵੱਧ ਰਿਹਾ ਹੈ। ਕਰਮਵਾਰ ਆਉਣ ਵਾਲੀਆਂ ਮੰਦੀਆਂ ਨੇ ਆਰਥਿਕ ਤੰਤਰ ਨੂੰ ਸੰਕਟਗ੍ਰਸਤ ਕਰ ਛੱਡਿਆ ਹੈ। ਹਕੀਕਤ ਵਿਚ ਫਾਸ਼ੀਵਾਦੀ ਅਤੇ ਸੱਜ ਪਿਛਾਖੜੀ ਉਭਾਰ ਆਰਥਿਕ ਸੰਕਟਾਂ 'ਚੋਂ ਹੀ ਪੈਦਾ ਹੁੰਦੇ ਹਨ। ਜੇ ਕੋਈ ਅਜਿਹਾ ਵਿਚਾਰ ਰੱਖੇ ਕਿ 1930 ਵਾਲਾ ਆਰਥਿਕ ਸੰਕਟ ਅੱਜ ਨਹੀਂ ਹੈ, ਇਸ ਲਈ ਫਾਸ਼ੀਵਾਦ ਨਹੀਂ ਆ ਸਕਦਾ ਤਾਂ ਮਸ਼ੀਨੀ ਪਹੁੰਚ ਦਾ ਸ਼ਿਕਾਰ ਹੈ। ਅਮਰੀਕੀ ਆਰਥਿਕ ਸੰਕਟ ਇਸ ਤੱਥ ਤੋਂ ਹੀ ਵੇਖਿਆ ਜਾ ਸਕਦਾ ਹੈ ਕਿ ਸਾਲ 2015 ਦੀ ਆਖਰੀ ਤਿਮਾਹੀ ਵਿਚ ਵਿਕਾਸ ਦਰ ਸਿਰਫ਼ 0.7 ਹੀ ਰਹਿ ਗਈ ਸੀ ਹਾਲਾਂਕਿ ਅਮਰੀਕਨਾਂ ਕੋਲ 48900 ਅਰਬ ਡਾਲਰ ਦੀ ਸੰਪਤੀ ਜਦੋਂ ਕੁੱਲ ਭਾਰਤੀਆਂ ਕੋਲ 5600 ਅਰਬ ਡਾਲਰ ਦੀ ਸੰਪਤੀ ਹੀ ਹੈ। ਇਸ ਲਈ ਅਮਰੀਕੀ ਪੂੰਜੀਪਤੀ ਇਸ ਸੰਕਟ 'ਚੋਂ ਨਿਕਲਣ ਲਈ ਕਿਸੇ ਵੀ ਅਜਿਹੇ ਹਾਕਮ ਨੂੰ ਚੁਣ ਸਕਦੇ ਹਨ ਜਿਹੜਾ ਉਹਨਾਂ ਵਿਚੋਂ ਹੀ ਹੋਵੇ ਅਤੇ ਨੰਗੇ ਚਿੱਟੇ ਰੂਪ ਵਿਚ ਪੂੰਜੀਪਤੀ ਨੀਤੀਆਂ ਲਾਗੂ ਕਰੇ। ਟਰੰਪ ਦੀ ਨਗਨ ਤਸਵੀਰ ਦਾ ਸੰਦੇਸ਼ ਇਹੋ ਹੀ ਹੈ।

ਅਮਰੀਕਾ ਵਿਚ ਜਦੋਂ 2008 ਵਾਲਾ ਸੰਕਟ ਆਇਆ ਸੀ ਤਾਂ ਲੱਖਾਂ ਅਮਰੀਕੀ ਬੇਰੁਜ਼ਗਾਰ ਹੋ ਗਏ ਸਨ ਅਤੇ ਇਕ ਵੱਡਾ ਤਬਕਾ ਗਰੀਬੀ ਅਤੇ ਬੇਰੁਜ਼ਗਾਰੀ ਦੀ ਗ੍ਰਿਫ਼ਤ ਵਿਚ ਆ ਗਿਆ। ਇਹ ਦੀ ਹਮਾਇਤ ਟਰੰਪ ਨੂੰ ਮਿਲ ਰਹੀ ਹੈ। ਟਰੰਪ ਦੀਆਂ ਕਈ ਉਕਤੀਆਂ ਵੀ ਫਾਸ਼ੀਵਾਦੀ ਭੜਕਾਹਟ ਪੈਦਾ ਕਰ ਰਹੀਆਂ ਹਨ ਜਿਨ੍ਹਾਂ 'ਚ ਚੀਨ ਤੋਂ ਅਮਰੀਕੀ ਕੰਪਨੀਆਂ ਵਾਪਸ ਲਿਆਉਣ ਨਾਲ ਰੁਜ਼ਗਾਰ ਪੈਦਾ ਹੋਣ ਜਾਂ ਆਯਾਤ ਮਾਲ ਉਤੇ ਹੋਰ ਟੈਕਸ ਲਾ ਕੇ ਵਪਾਰਕ ਘਾਟਾ ਪੂਰਾ ਕਰਨ, ਮੈਕਸੀਕੋ ਅਤੇ ਅਮਰੀਕਾ ਵਿਚ ਕੰਧ ਉਸਾਰਨ ਜਾਂ ਉਨ੍ਹਾਂ ਨੂੰ ਰਜਿਸਟਰਡ ਕਰਨ ਆਦਿ ਇਹ ਹੇਠਲੇ ਮੱਧ ਵਰਗ ਲਈ ਇਕ 'ਨਾਇਕ' ਲੱਭਣ ਵਰਗਾ ਹੀ ਹੈ। ਟਰੰਪ ਦਾ ਇਕ ਭਾਸ਼ਣ ਜਿਹੜਾ ਕਿਸੇ ਨੈਟ ਤੋਂ ਪ੍ਰੋ. ਜਗਮੋਹਨ ਸਿੰਘ ਹੋਰਾਂ ਉਤਾਰਿਆ ਸੀ, ਨੂੰ ਸੁਣ ਕੇ ਮੈਂ ਹੈਰਾਨ ਰਹਿ ਗਿਆ ਸਾਂ ਜਿਸ ਵਿਚ ਉਹ 'ਅਮਰੀਕਾ ਨੂੰ ਮਹਾਨ ਬਣਾਉਣ' ਦੀਆਂ ਕਸਮਾਂ ਖਾ ਰਿਹਾ ਸੀ। ਬਿਲਕੁਲ ਹਿਟਲਰੀ ਤਰਜ਼ ਉਤੇ ਹੀ। ਯਾਦ ਰਹੇ ਸਨਅਤੀਕਰਨ ਅਤੇ ਉਦਯੋਗੀਕਰਨ ਦੇ ਪਸਾਰੇ ਨਾਲ ਅਮਰੀਕਾ ਵਿਚ 'ਸਮੁਦਾਇਕ ਹਿੰਸਾ' ਲਗਭਗ ਖਤਮ ਹੋ ਗਈ ਸੀ। ਜਿਹੋ ਜਹੀ ਅਸੀਂ ਭਾਰਤੀ 1847-1948 ਜਾਂ 2002 ਵਿਚ ਭੋਗ ਚੁੱਕੇ ਹਾਂ। 9-11 ਦੀ ਘਟਨਾ ਮੌਕੇ ਵੀ ਉਥੇ ਮੁਸਲਮਾਨਾਂ ਵਿਰੁੱਧ ਕੋਈ ਵੱਡੀ ਹਿੰਸਕ ਘਟਨਾ ਨਹੀਂ ਹੋਈ। ਪਰ ਫੇਰ ਵੀ ਅਮਰੀਕਾ ਵਿਚ ਨਸਲ ਭੇਦ ਲਗਾਤਾਰ ਜਾਰੀ ਹੈ। ਅਮਰੀਕੀ ਜੇਲ੍ਹਾਂ ਵਿਚ 90 ਫੀਸਦੀ ਕੈਦੀ ਕਾਲੇ ਹੀ ਹਨ। ਪਿਛਲੇਰੇ ਪੰਜ ਸਾਲਾਂ ਵਿਚ ਨਸਲੀ ਹਿੰਸਾ ਵਿਚ ਲਗਭਗ 16 ਫੀਸਦੀ ਵਾਧਾ ਹੋਇਆ ਹੈ। ਪਿਛਲੇ ਸਾਲ 250 ਕਾਲੇ ਨਸਲੀ ਹਿੰਸਾ ਵਿਚ ਮਾਰੇ ਗਏ ਸਨ। ਇਕ ਸਾਲ ਦੇ ਅੰਦਰ ਅੰਦਰ ਉਥੇ ਸੌ ਤੋਂ ਵੱਧ 'ਹੇਟ ਗਰੁੱਪ' ਵੀ ਬਣ ਗਏ ਹਨ ਅਤੇ ਇਨ੍ਹਾਂ ਦੀ ਗਿਣਤੀ 1000 ਤੱਕ ਪਹੁੰਚਣ ਦਾ ਖਦਸ਼ਾ ਹੈ। ਟਰੰਪ ਨੂੰ ਜਿਥੋਂ ਵਧੇਰੇ ਹਮਾਇਤ ਮਿਲ ਰਹੀ ਹੈ ਉਹ ਅਮਰੀਕਾ ਦੇ ਦੱਖਣੀ ਹਿੱਸੇ ਹਨ। ਜਿਥੇ ਵਿਆਪਕ ਸਮਾਜਿਕ ਪਛੜੇਵਾਂਪਣ ਦਿਖਾਈ ਦਿੰਦਾ ਹੈ। ਟਰੰਪ ਦੇ ਬਿਆਨਾਂ ਨੇ ਅਮਰੀਕਾ ਵਿਚ ਘੱਟ ਗਿਣਤੀਆਂ ਵਿਰੁੱਧ ਨਫ਼ਰਤ ਅਤੇ ਘਿਰਣਾ ਵਧਾ ਦਿੱਤੀ ਹੈ। ਜਿਹੜੀ ਭਵਿੱਖ ਵਿਚ ਵਿਆਪਕ ਸਮੁਦਾਇਕ ਹਿੰਸਾ ਲਈ ਬਾਰੂਦ ਦਾ ਕੰਮ ਕਰੇਗੀ। ਹਾਲ ਦੀ ਘੜੀ ਅਮਰੀਕਾ ਵਿਚ ਜ਼ਮੀਨੀ ਪੱਧਰ ਉਤੇ ਜ਼ਿਆਦਾ ਫਾਸ਼ੀਵਾਦੀ ਜਾਂ ਕੱਟੜ ਸਮੂਹ ਸਰਗਰਮ ਨਹੀਂ। ਉਂਝ ਓਥੋ ਕੀਪਰਜ਼ ਵਰਗੇ ਸੰਗਠਨ ਹਨ ਜਿਹੜੇ ਫੌਜ, ਪੁਲਿਸ ਅਤੇ ਨੌਕਰਸ਼ਾਹੀ ਵਿਚ ਕੰਮ ਕਰ ਰਹੇ ਹਨ। ਉਨ੍ਹਾਂ ਵਲੋਂ ਚਲਾਈ ਜਾ ਰਹੀ ਪੈਟਰੀਆ ਟਿਕ ਮੂਵਮੈਂਟ ਵਿਚ ਆਮ ਲੋਕਾਂ ਦਾ ਬਹੁਤ ਛੋਟਾ ਜਿਹਾ ਹਿੱਸਾ ਹੀ ਹੈ। ਬੇਸ਼ੱਕ ਅੱਜ ਦੀ ਘੜੀ ਟਰੰਪ ਵਰਗੇ ਆਗੂਆਂ ਅਤੇ ਓਥੋ ਕੀਪਰਜ਼ ਵਰਗੇ ਸੰਗਠਨਾਂ ਦਰਮਿਆਨ ਨੇੜਤਾ ਨਾ ਵੀ ਹੋਵੇ ਭਵਿੱਖ ਵਿਚ ਇਹ ਦੋਵੇਂ ਧਾਰਾਵਾਂ ਮਿਲ ਵੀ ਸਕਦੀਆਂ ਹਨ। ਰੋਨਾਲਡ ਟਰੰਪ ਚੋਣ ਜਿੱਤੇ ਜਾਂ ਨਾ ਜਿੱਤੇ ਉਹ ਸੱਜ ਪਿਛਾਖੜੀ ਜਨੂੰਨ ਦੇ ਜਿਹੜੇ ਜ਼ਹਿਰੀ ਬੀਜ ਬੀਜ ਰਿਹਾ ਹੈ, ਅਗਲੇਰੀ ਪੀੜ੍ਹੀ ਨੂੰ ਲਾਜ਼ਮੀ ਪ੍ਰਭਾਵਿਤ ਕਰਨਗੇ।

ਹਿਲੇਰੀ ਕਲਿੰਟਨ ਔਰਤ ਹੁੰਦਿਆਂ ਹੋਇਆਂ ਵੀ ਉਹਨੇ ਪਿਛਲੇਰੇ ਰਾਜਨੀਤਕ ਕਾਲ ਵਿਚ, ਔਰਤ ਵਿਰੋਧੀ ਚਰਿਤਰ ਹੀ ਪ੍ਰਗਟ ਕੀਤਾ ਹੈ। ਇਹ ਇਲਜ਼ਾਮ ਉਥੋਂ ਦੇ ਔਰਤ ਸੰਗਠਨਾਂ ਦਾ ਹੈ। ਉਹਨੇ ਉਨ੍ਹਾਂ ਬਿੱਲਾਂ ਦਾ ਵਿਰੋਧ ਕੀਤਾ ਸੀ ਜਿਹੜੇ ਔਰਤਾਂ ਦੇ ਆਰਥਿਕ ਅਤੇ ਸਮਾਜਿਕ ਸੁਧਾਰਾਂ ਦੇ ਪੱਖ ਵਿਚ ਸਨ। ਅੱਜ ਹਿਲੇਰੀ ਦੀਆਂ ਵਿਉਹਾਰਨ ਨੀਤੀਆਂ ਕੀ ਹਨ? ਉਹ ਵੇਖੀਆਂ ਜਾ ਸਕਦੀਆਂ ਹਨ। ਅਮਰੀਕੀ ਸਰਕਾਰ ਦਾ ਲੋਕ ਭਲਾਈ ਕੰਮਾਂ ਵਿਚ ਨਿਵੇਸ਼ ਘੱਟ ਕਰਨਾ, ਲੋਕਾਂ ਦੇ ਸੰਘਰਸ਼ਾਂ ਨੂੰ ਜਬਰ ਤੇ ਤਾਕਤ ਨਾਲ ਕੁਚਲਣਾ, ਗੰਨ ਲਾਬੀ ਨੂੰ ਹਮਾਇਤ ਦੇਣੀ, ਇਜ਼ਰਾਈਲ ਨਾਲ ਖੂਨੀ ਗਠਜੋੜ ਬਣਾਉਣਾ, ਸੀਰੀਆ, ਇਰਾਕ, ਅਫ਼ਗਾਨਿਸਤਾਨ ਤੋਂ ਯੂਕਰੇਨ, ਅਫ਼ਰੀਕਾ ਤੱਕ ਪਸਰੀਆਂ ਅਮਰੀਕੀ ਬਹੁਕੌਮੀ ਕਾਰਪੋਰੇਸ਼ਨਾਂ ਦੀਆਂ ਖੂਨੀ ਖੇਡਾਂ ਨੂੰ ਹਮਾਇਤ ਦੇਣੀ। ਸੋ ਟਰੰਪ ਦੀ ਕੌਮੀ ਸ਼ਾਵਨਵਾਦੀ ਰਾਜਨੀਤੀ ਹੋਵੇ ਜਾਂ ਹਿਲੇਰੀ ਦੀਆਂ ਨਰਮ ਬੋਲਾਂ ਹੇਠ ਛੁਪੀ ਵਿਉਹਾਰਕ ਰਾਜਨੀਤੀ ਦੋਵੇਂ ਹੀ ਤੀਸਰੀ ਦੁਨੀਆ ਦੇ ਲੋਕਾਂ ਲਈ ਨੁਕਸਾਨਦੇਹ ਤੇ ਸੰਕਟ ਪੈਦਾ ਕਰਨ ਵਾਲੀਆਂ ਹੋਣਗੀਆਂ। ਮੁਨਾਫ਼ੇ ਤੇ ਮੌਤ ਦੇ ਸੌਦਾਗਰਾਂ ਦਾ ਸਰਦਾਰ (ਰਾਸ਼ਟਰਪਤੀ) ਕਿਹੜਾ ਬਣਦਾ ਹੈ ਇਹਦੇ ਨਾਲ ਪੂਰੇ ਲੁੱਟ ਤੇ ਜ਼ਬਰ ਦੇ ਤੰਤਰ ਨੂੰ ਕੋਈ ਫ਼ਰਕ ਨਹੀਂ ਪੈਂਦਾ। ਸਗੋਂ ਜਿਹਦੇ ਹੱਥ ਵੀ ਸੱਤਾ ਆਈ ਉਹਨੇ ਦੁਨੀਆ ਨੂੰ ਜ਼ੁਲਮ ਦੀ ਭੱਠੀ ਵਿਚ ਹੀ ਝੋਕਨਾ ਹੈ।

93544-30211

ਵਿਦਿਆਰਥੀ ਕਲਮ ਤੋਂ

## ਇਨਕਲਾਬੀ ਯੋਧਾ - ਮੈਡਮ ਕਾਮਾ

"ਇਨਕਲਾਬੀ ਯੋਧਾ ਮੈਡਮ ਕਾਮਾ" ਬ੍ਰਲੂ ਰਾਏ ਚੌਧਰੀ ਦੁਆਰਾ ਲਿਖੀ ਪੁਸਤਕ ਹੈ, ਇਸ ਪੁਸਤਕ ਦਾ ਪੰਜਾਬੀ ਅਨੁਵਾਦ ਅਮਰਜੀਤ ਸੂਫ਼ੀ ਵੱਲੋਂ ਕੀਤਾ ਗਿਆ ਹੈ।

ਇਹ ਕਿਤਾਬ ਮੈਡਮ ਕਾਮਾ ਦੀ ਜ਼ਿੰਦਗੀ 'ਤੇ ਇੱਕ ਝਾਤ ਹੈ, ਜਿਸ ਤੋਂ ਇਹ ਸਿੱਖਿਆ ਮਿਲਦੀ ਹੈ ਕਿ ਦੁਨੀਆਂ ਦੀ ਹਰ ਔਰਤ ਖਾਸ ਕਰਕੇ ਨੌਜਵਾਨ ਲੜਕੀਆਂ ਨੂੰ ਮੈਡਮ ਕਾਮਾ ਦੀ ਤਰ੍ਹਾਂ ਸਮਾਜਿਕ ਬੰਧਨਾਂ ਅਤੇ ਸਭਿਆਚਾਰਕ ਗੁਲਾਮੀ ਨੂੰ ਤੋੜ ਕੇ ਇੱਕ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਜੱਦੋ-ਜਹਿਦ ਕਰਨੀ ਚਾਹੀਦੀ ਹੈ।

ਭੀਖਾ ਜੀ ਰੁਸਤਮ ਕਾਮਾ, ਜੋ ਮੈਡਮ ਕਾਮਾ ਦੇ ਨਾਂਅ ਨਾਲ ਪ੍ਰਸਿੱਧ ਸੀ, ਦਾ ਜਨਮ 24 ਸਤੰਬਰ 1861 ਨੂੰ ਬੰਬਈ ਦੇ ਇੱਕ ਅਮੀਰ ਪਰਿਵਾਰ 'ਚ ਹੋਇਆ। ਮੈਡਮ ਕਾਮਾ ਸੁਤੰਤਰਤਾ ਸੰਗਰਾਮ ਦੀ ਮੋਢੀ ਯੋਧਾ ਸੀ, ਉਹ ਪਹਿਲੀ ਭਾਰਤੀ ਨਾਗਰਿਕ ਸੀ, ਜਿਸਨੇ ਪੂਰਨ ਆਜ਼ਾਦੀ ਦੀ ਮੰਗ ਕੀਤੀ ਸੀ। ਉਸਨੇ ਆਪਣੀ ਜਵਾਨੀ ਤੋਂ ਬੁਢੇਪੇ ਤੱਕ ਦੱਬੇ-ਕੁਚਲੇ ਲੋਕਾਂ ਲਈ ਕੰਮ ਕੀਤਾ।

24 ਸਾਲ ਦੀ ਉਮਰ 'ਚ ਉਸਦਾ ਵਿਆਹ ਵਕੀਲ ਕੇ. ਆਰ. ਕਾਮਾ ਨਾਲ ਹੋ ਗਿਆ। ਮੈਡਮ ਕਾਮਾ ਦੇ ਵਿਚਾਰ ਉਸਦੇ ਪਤੀ ਨਾਲ ਨਹੀਂ ਮਿਲਦੇ ਸਨ। ਉਸਦਾ ਪਤੀ ਚਾਹੁੰਦਾ ਸੀ ਕਿ ਦੇਸ਼ ਉਪਰ ਬਰਤਾਨਵੀ ਸ਼ਾਸਨ ਬਣਿਆ ਰਹੇ।

1896 'ਚ ਜਦੋਂ ਬੰਬਈ 'ਚ ਪਲੇਗ ਫੈਲੀ, ਤਾਂ ਮੈਡਮ ਕਾਮਾ ਆਪਣੇ ਪਤੀ ਦੇ ਘਰ ਦੀ ਅਰਾਮਦਾਇਕ ਜ਼ਿੰਦਗੀ ਛੱਡ ਕੇ, ਝੁੱਗੀਆਂ-ਝੌਂਪੜੀਆਂ ਦੇ ਲੋਕਾਂ ਦੀ ਸੇਵਾ 'ਚ ਲੱਗ ਗਈ। ਜਿਸ ਕਾਰਨ ਉਸਦੇ ਪਤੀ ਨਾਲ ਵੀ ਸਬੰਧ ਟੁੱਟ ਗਏ।

ਮੈਡਮ ਕਾਮਾ ਨੇ 1901 'ਚ ਭਾਰਤ ਛੱਡ ਦਿੱਤਾ, 1907 ਤੱਕ ਉਹ ਇੰਗਲੈਂਡ ਰਹੀ।

1909 'ਚ ਉਸਨੇ "ਬੰਦੇ ਮਾਤਰਮ" ਮੈਗਜ਼ੀਨ ਕੱਢਿਆ ਅਤੇ ਵੱਖ-ਵੱਖ ਇਨਕਲਾਬੀ ਜਥੇਬੰਦੀਆਂ ਦੇ ਨਾਲ ਸਬੰਧਿਤ ਰਹੀ। ਭਾਰਤ ਦੀ ਆਜ਼ਾਦੀ ਲਈ ਲੜੇ ਗਏ ਸੰਗਰਾਮ 'ਚ ਮੈਡਮ ਕਾਮਾ ਦਾ ਅਹਿਮ ਯੋਗਦਾਨ ਹੈ। ਇਸ ਤਰ੍ਹਾਂ ਮੈਡਮ ਕਾਮਾ ਇੱਕ ਸੂਝਵਾਨ, ਮਹਾਨ ਅਤੇ ਬਹਾਦਰ ਔਰਤ ਆਗੂ ਸੀ, ਜਿਸਨੇ ਮਜ਼ਬੂਤ ਇਰਾਦਿਆਂ ਨਾਲ ਦੇਸ਼ ਦੀ ਆਜ਼ਾਦੀ ਲਈ ਯੋਗਦਾਨ ਪਾਇਆ।

ਕੁਲਦੀਪ ਕੌਰ
ਉਗਰਾਹਾਂ

# ਕਾਲੀ ਰਾਤ ਦਾ ਚੰਨ
# ਲੂਈਸ ਬਰੈਲ (ਫਰਾਂਸ)




**ਮੁੱਢਲਾ ਜੀਵਨ** :- ਬਰੈਲ ਦੀ ਜਨਮ ਫਰਾਂਸ ਦੇ ਇੱਕ ਛੋਟੇ ਜਿਹੇ ਕਸਬੇ ਕੂਪਵਰੇ ਵਿਖੇ ਹੋਇਆ ਸੀ। ਇਹ ਕਸਬਾ ਪੈਰਿਸ ਤੋਂ ਕੋਈ ਵੀਹ ਮੀਲ ਦੀ ਦੂਰੀ ਤੇ ਪੂਰਬ ਵਿੱਚ ਪੈਂਦਾ ਹੈ। ਉਹ ਅਤੇ ਉਸਦੇ ਹੋਰ ਤਿੰਨ ਭੈਣ-ਭਰਾ ਮੋਨੀਕ ਕੈਥਰੀਨ ਜੋਸੇਫੀਨ ਬਰੈਲ (ਜਨਮ 1793), ਲੂਈਸ ਸਾਈਮਨ ਬਰੈਲ (ਜਨਮ 1795), ਅਤੇ ਮੇਰੀ ਸੇਲੀਨ ਬਰੈਲ (ਜਨਮ 1797), ਆਪਣੀ ਮਾਤਾ ਮੋਨੀਕ ਅਤੇ ਪਿਤਾ ਸਾਈਮਨ ਰੀਨ ਜੋ ਪੇਂਡੂ ਖੇਤਰ ਵਿੱਚ ਅੰਗੂਰਾਂ ਦੇ ਬਾਗ ਵਿੱਚ ਤਿੰਨ ਹੈਕਟੇਅਰ ਜ਼ਮੀਨ ਤੇ ਰਹਿੰਦੇ ਸਨ ਦੇ ਘਰ ਹੋਇਆ। ਸਾਈਮਨ ਰੀਨ ਦਾ ਚਮੜੇ ਦਾ ਕਾਰੋਬਾਰ ਕਾਫ਼ੀ ਸਥਾਪਿਤ ਸੀ। ਉਹ ਘੋੜਿਆਂ ਨੂੰ ਖੁਰੀਆਂ ਲਗਾਉਣ ਦਾ ਵੀ ਮਾਹਿਰ ਸੀ।

ਜਦੋਂ ਬਰੈਲ ਤੁਰਨ ਲੱਗਿਆ ਤਾਂ ਉਹ ਆਪਣਾ ਸਮਾਂ ਆਪਣੇ ਪਿਤਾ ਦੀ ਵਰਕਸ਼ਾਪ ਵਿੱਚ ਖੇਡਦਿਆਂ ਬਤੀਤ ਕਰਦਾ ਸੀ। ਤਿੰਨ ਸਾਲਾਂ ਦੀ ਉਮਰ ਵਿੱਚ ਇਹ ਬੱਚਾ ਕਿਸੇ ਸੰਦਾਂ ਨਾਲ ਖੇਡ ਰਿਹਾ ਸੀ ਅਤੇ ਆਰ ਦੇ ਨਾਲ ਚਮੜੇ ਵਿੱਚ ਮੋਰੀ ਕੱਢਣ ਦੀ ਕੋਸ਼ਿਸ਼ ਕਰ ਰਿਹਾ ਸੀ। ਚਮੜੇ ਨੂੰ ਤਿਰਛਾ ਝੁੱਕਕੇ ਉਹ ਪੂਰੇ ਜ਼ੋਰ ਨਾਲ ਮੋਰੀ ਕੱਢਣ ਵਾਲੀ ਥਾਂ ਤੇ ਝੁਕਿਆ ਹੋਇਆ ਸੀ, ਜਦੋਂ ਸਖਤ ਚਮੜੇ ਦੀ ਵਿੱਚ ਲੰਘਕੇ ਆਰ ਉਸਦੀ ਅੱਖ ਵਿੱਚ ਜਾ ਖੁੱਭੀ। ਸਥਾਨਕ ਡਾਕਟਰ ਨੇ ਅੱਖ ਤੇ ਪੱਟੀ ਬੰਨ੍ਹ ਦਿੱਤੀ ਅਤੇ ਅੱਖ ਨੂੰ ਚੰਗੀ ਤਰ੍ਹਾਂ ਮੀਚ ਦਿੱਤਾ ਅਤੇ ਉਸਨੇ ਅਗਲੇ ਦਿਨ ਪੈਰਿਸ ਦੇ ਇੱਕ ਮਸ਼ਹੂਰ ਸਰਜਨ ਨੂੰ ਅੱਖ ਵਿਖਾਉਣ ਦਾ ਵੀ ਪ੍ਰਬੰਧ ਕਰ ਦਿੱਤਾ। ਪ੍ਰੰਤੂ ਕੋਈ ਵੀ ਇਲਾਜ ਨੁਕਸਾਨੀ ਗਈ ਅੱਖ ਨੂੰ ਬਚਾ ਨਾ ਸਕਿਆ। ਕਈ ਹਫ਼ਤਿਆਂ ਤੱਕ ਬੱਚਾ ਜ਼ਖਮ ਦੇ ਦਰਦ ਨਾਲ ਕਰਾਉਂਦਾ ਰਿਹਾ ਕਿਉਂਕਿ (ਲਾਗ) ਸਕਰਮਣ ਕਾਫੀ ਵੱਧ ਗਿਆ ਸੀ। ਅਤੇ ਅੱਖਾਂ ਦੀ ਸੋਜ਼ ਦੇ ਕਾਰਨ ਇਹ ਸੰਕਰਮਣ ਹੌਲ਼ੀ-ਹੌਲ਼ੀ ਦੂਜੀ ਅੱਖ ਤੱਕ ਜਾ ਫ਼ੈਲਿਆ।

ਲੂਈਸ ਬਰੈਲ ਨੇ ਸਕਰਮਣ ਦੇ ਦਰਦ ਨੂੰ ਤਾਂ ਬਰਦਾਸ਼ਤ ਕਰ ਲਿਆ ਪ੍ਰੰਤੂ ਪੰਜ ਸਾਲਾਂ ਦੀ ਉਮਰ ਤੱਕ ਉਹ ਦੋਵੇਂ ਅੱਖਾਂ ਤੋਂ ਅੰਨ੍ਹਾਂ ਹੋ ਗਿਆ। ਉਸਦੇ ਮਾਤਾ ਪਿਤਾ ਨੇ ਬਥੇਰਾ ਇਲਾਜ ਕਰਵਾਇਆ, ਉਹ ਇਲਾਜ ਵੀ ਜਿਹੜਾ ਉਸ ਜ਼ਮਾਨੇ ਵਿੱਚ ਆਮ ਪ੍ਰਚੱਲਤ ਨਹੀਂ ਸੀ। ਉਹਨਾਂ ਦੀ ਤਮੰਨਾ ਸੀ ਕਿ ਬੱਚਾ ਆਮ ਸਾਧਾਰਣ ਬੱਚਿਆਂ ਦੀ ਤਰ੍ਹਾਂ ਹੀ ਵਧੇ ਫੁੱਲੇ। ਇੰਝ ਉਹ ਉਹਨਾਂ ਦੀ ਦੇਖ-ਰੇਖ ਹੇਠ ਵੱਡਾ ਹੁੰਦਾ ਗਿਆ। ਉਸਦੇ ਪਿਤਾ ਨੇ ਉਸਦੇ ਲਈ ਵਿਸ਼ੇਸ਼ ਤੌਰ 'ਤੇ ਸੋਟੀਆਂ ਤਿਆਰ ਕੀਤੀਆਂ ਜਿਹਨਾਂ ਦੇ ਸਹਾਰੇ ਉਹ ਪਿੰਡ ਵਿੱਚ ਅਤੇ ਥੋੜਾ ਬਹੁਤ ਬਾਹਰ ਅੰਦਰ ਘੁੰਮਣ ਫਿਰਨ ਦੇ ਸਮੱਰਥ ਹੋ ਗਿਆ। ਉਸਨੇ ਆਪਣੀ ਇਸ ਅਪਾਹਜਤਾ ਨਾਲ ਸਹਿਜ ਮਤੇ ਨਾਲ ਜਿਊਣਾ ਸਿੱਖ ਲਿਆ। ਬਰੈਲ ਦੇ ਉਸਾਰੂ ਦਿਮਾਗ ਨੇ ਸਥਾਨਕ ਅਧਿਆਪਕਾਂ ਅਤੇ ਪਾਦਰੀਆਂ ਦਾ ਮਨ ਮੋਹ ਲਿਆ ਅਤੇ ਉਸਨੂੰ ਉੱਚ ਸਿੱਖਿਆ ਪ੍ਰਾਪਤ ਕਰਨ ਵਿੱਚ ਉਹਨਾਂ ਦੀ ਸਰਪ੍ਰਸਤੀ ਮਿਲਦੀ ਰਹੀ।

**ਪੜ੍ਹਾਈ ਲਿਖਾਈ** :- ਦਸ ਸਾਲਾਂ ਦੀ ਉਮਰ ਤੱਕ ਬਰੈਲ ਕੂਪਵਰੇ ਵਿਖੇ ਹੀ ਪੜ੍ਹਦਾ ਰਿਹਾ। ਉਸਦੀ ਬੁੱਧੀ ਅਤੇ ਚੇਤੰਨਤਾ ਦੇ ਸੁਮੇਲ ਦੇ ਸਦਕਾ ਬਰੈਲ ਨੂੰ ਅੰਨ੍ਹੇ ਬੱਚਿਆਂ ਲਈ ਸੰਸਾਰ ਦੇ ਪਹਿਲੇ ਸਕੂਲ ਰੋਇਲ ਇਨਸਟੀਚਿਊਟ ਫਾਰ ਦਾ ਬਲਾਈਂਡ ਯੂਥ (ਅੰਨ੍ਹੇ ਨੌਜਵਾਨਾਂ ਲਈ ਰੋਇਲ ਇਸਟੀਚਿਊਟ) ਵਿੱਚ ਦਾਖਲਾ ਮਿਲ ਗਿਆ। ਇਸ ਇਂਸਟੀਚਿਊਟ ਦਾ ਨਾਮ ਬਾਅਦ ਵਿੱਚ ਬਦਲਕੇ ਨੈਸ਼ਨਲ ਇਂਸਟੀਚਿਊਟ ਫਾਰ ਬਲਾਈਂਡ ਯੂਥ ਇਨ ਪੈਰਿਸ ਰੱਖ ਦਿੱਤਾ ਗਿਆ ਸੀ। ਘਰ ਦੇ ਸਾਰੇ ਬੱਚਿਆਂ ਵਿੱਚੋਂ ਬਰੈਲ ਘਰ ਛੱਡਣ ਵਾਲਾ ਆਖਰੀ ਬੱਚਾ ਸੀ ਜਿਹੜਾ ਫਰਵਰੀ 1819 ਵਿੱਚ ਸਕੂਲ ਦੇ ਲਈ ਰਵਾਨਾ ਹੋਇਆ। ਉਸ ਸਮੇਂ ਰੋਇਲ ਇਸਟੀਚਿਊਟ ਇੱਕ ਕੰਗਾਲ ਅਤੇ ਖਸਤਾ ਹਾਲ ਸੰਸਥਾ ਸੀ, ਪ੍ਰੰਤੂ ਫੇਰ ਵੀ ਏਥੇ ਅੰਨ੍ਹੇ ਬੱਚਿਆਂ ਦੀ ਸਿਖਲਾਈ ਅਤੇ ਇੱਕ ਦੂਜੇ ਨਾਲ ਸਾਂਝ ਪਾਉਣ ਦਾ ਵਧੀਆ ਮਾਹੌਲ ਸਿਰਜਿਆ ਹੋਇਆ ਸੀ।

**ਹੋਈ ਸਿਸਟਮ** :- ਸਕੂਲ ਦੇ ਸੰਸਥਾਪਕ ਵੇਲੇਨਟੀਨ ਹੋਈ (Valentin huy) ਵੱਲੋਂ ਵਿਕਸਤ ਕੀਤੇ ਗਏ ਸਿਸਟਮ ਦੇ ਰਾਹੀਂ ਏਥੇ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਸੀ। ਭਾਵੇਂ ਉਹ ਖੁਦ ਅੰਨ੍ਹਾ ਨਹੀਂ ਸੀ, ਹੋਈ ਇੱਕ ਬਹੁਤ ਹੀ ਸਮਰਪਤ ਮਾਨਵ-ਪ੍ਰੇਮੀ ਸੀ ਜਿਸਨੇ ਆਪਣੀ ਜ਼ਿੰਦਗੀ ਅੰਨ੍ਹਿਆਂ ਦੀ ਸਹਾਇਤਾ ਕਰਨ ਦੇ ਲੇਖੇ ਲਾਈ ਹੋਈ ਸੀ। ਉਸਨੇ ਮੋਟੇ ਕਾਗਜ ਉਪਰ ਲਾਤੀਨੀ ਭਾਸ਼ਾ ਦੇ ਅੱਖਰਾਂ ਦੀ ਨਕਾਸ਼ੀ ਕਰਕੇ ਬੱਚਿਆਂ ਦੇ ਵਰਤਣ ਦੇ ਲਈ ਕਿਤਾਬਾਂ ਦੀ ਇੱਕ ਛੋਟੀ ਜਿਹੀ ਲਾਇਬਰੇਰੀ ਡਿਜਾਈਨ ਕੀਤੀ ਅਤੇ ਬਣਾਈ ਹੋਈ ਸੀ। ਪਾਠਕ (ਬੱਚੇ) ਇਬਾਰਤ ਉਪਰ ਆਪਣੀਆਂ ਉਂਗਲਾਂ ਦੇ ਪੋਟੇ ਫੇਰਦੇ ਸਨ, ਹੌਲ਼ੀ ਹੌਲ਼ੀ ਉਸਨੂੰ ਸਮਝਦੇ ਸਨ। ਪ੍ਰੰਤੂ ਇੱਕ ਪ੍ਰੰਪਰਾਗਤ ਢੰਗ ਵਜੋਂ ਹੋਈ ਉਹਨਾਂ ਦੀ ਪ੍ਰਸੰਸ਼ਾ ਕਰਿਆ ਕਰਦਾ ਸੀ।

ਬਰੈਲ ਨੂੰ ਹੋਈ ਕਿਤਾਬਾਂ ਨੇ ਬਹੁਤ ਇਮਦਾਦ ਦਿੱਤੀ। ਪ੍ਰੰਤੂ ਉਹਨਾਂ ਦੀ ਡੂੰਘਾਈ ਦੀ ਘਾਟ ਨਾਲ ਉਹ ਨਿਰਾਸ਼ਮਈ ਹੋ ਜਾਂਦਾ ਸੀ। ਇਹਨਾਂ ਪੁਸਤਕਾਂ ਵਿੱਚ ਰੱਖੀ ਗਈ ਸੂਚਨਾ ਬਹੁਤ ਹੀ ਥੋੜ੍ਹੀ ਹੁੰਦੀ ਸੀ। ਕਿਉਂਕਿ ਉੱਭਰੇ ਹੋਏ ਅੱਖਰੇ ਗਿੱਲੇ ਕਾਗਜ਼ ਨੂੰ ਤਾਂਬੇ ਦੀ ਤਾਰ ਤੇ ਦੱਬ ਕੇ ਬਹੁਤ ਹੀ ਕਲਾਕਾਰੀ ਨਾਲ ਬਣਾਏ ਹੁੰਦੇ ਸਨ। ਬੱਚੇ ਆਪਣੇ ਆਪ ਲਿਖਣ ਦੀ ਉਮੀਦ ਨਹੀਂ ਸੀ ਕਰ ਸਕਦੇ। ਇਸ ਲਈ ਛੋਟਾ ਲੂਈਸ ਅੱਖਰਾਂ ਨੂੰ ਵਾਪਸ ਘਰੇ ਭੇਜ ਦਿੰਦਾ ਸੀ। ਸਾਈਮਨ ਰੀਨ ਨੇ ਉਸਨੂੰ ਇੱਕ ਅਜਿਹੀ ਵਰਣਮਾਲਾ ਬਣਾਕੇ ਦਿੱਤੀ ਜੋ ਚਮੜੇ ਦੇ ਮੋਟੇ ਛੋਟੇ-ਛੋਟੇ ਟੁਕੜਿਆਂ ਤੋਂ ਬਣਾਈ ਗਈ ਸੀ। ਇਹ ਬਹੁਤ ਹੀ ਧੀਮਾ ਅਤੇ ਉਕਾਊ ਢੰਗ ਸੀ। ਪ੍ਰੰਤੂ ਬੱਚਾ ਘੱਟੋ-ਘੱਟ ਅੱਖਰਾਂ ਦੀ ਬਣਾਵਟ ਉਲੀਕ ਸਕਦਾ ਸੀ ਅਤੇ ਆਪਣੇ ਪਹਿਲੇ ਵਾਕ ਲਿਖ ਸਕਦਾ ਸੀ।

ਹੱਥ ਨਾਲ ਬਣਾਈਆਂ ਹੋਈ ਦੀਆਂ ਪੁਸਤਕਾਂ ਬਹੁਤ ਭਾਰੀਆਂ ਸਨ ਅਤੇ ਉਹਨਾਂ ਦਾ ਆਕਾਰ ਵੀ ਬੇਮਜ਼ਾ ਸੀ। ਉਹ ਬਹੁਤ ਔਖ ਨਾਲ ਬਣਾਈਆਂ ਹੁੰਦੀਆਂ ਸਨ, ਬਹੁਤ ਹੀ ਮੁਲਾਇਮ ਹੁੰਦੀਆਂ ਸਨ ਅਤੇ ਮਹਿੰਗੀਆਂ ਹੁੰਦੀਆਂ ਸਨ ਜਿਹੜੀਆਂ ਖਰੀਦਣੀਆਂ ਮੁਸ਼ਕਲ ਸਨ। ਜਦੋਂ ਹੋਈ ਦਾ ਸਕੂਲ ਪਹਿਲੀ ਵਾਰ ਚਾਲੂ ਕੀਤਾ ਗਿਆ ਸੀ ਉਸ ਸਮੇਂ ਕੁੱਲ ਤਿੰਨ ਕਿਤਾਬਾਂ ਹੁੰਦੀਆਂ ਸਨ। ਇਹਨਾਂ ਦੇ ਨੁਕਸਾਂ ਦੇ ਬਾਵਜੂਦ, ਹੋਈ ਪੂਰੇ ਜੋਸ਼ ਨਾਲ ਉਹਨਾਂ ਦੀ ਵਰਤੋਂ ਕਰਨ ਨੂੰ ਉਤਸ਼ਾਹਿਤ ਕਰਦਾ ਸੀ। ਉਸਦੀ ਨਜ਼ਰ ਵਿੱਚ ਇਹ ਕਿਤਾਬਾਂ ਇੱਕ ਬਹੁਤ ਹੀ ਨਵਾਂ ਅਤੇ ਸੁੰਦਰ ਸਿਸਟਮ ਮੁਹੱਈਆਂ ਕਰਵਾਉਂਦੀਆਂ ਸਨ ਜਿਹੜਾ ਬਹੁਤ ਆਸਾਨੀ ਨਾਲ ਨਿਗਾਹ ਵਾਲਿਆਂ ਵੱਲੋਂ ਪ੍ਰਵਾਨ ਕਰ ਲਿਆ ਜਾਵੇਗਾ। ਇਹ ਠੀਕ ਉਸ ਸਮੇਂ ਤੱਕ ਨੇਤਰਹੀਣਾਂ ਨੂੰ ਪੜ੍ਹਾਉਣ ਦੇ ਲਈ ਇਸਤੋਂ ਵਧੀਆ ਕੋਈ ਤਰੀਕਾ ਹੈ ਹੀ ਨਹੀਂ ਸੀ, ਅਤੇ ਨਿਗਾਹ ਵਾਲਿਆਂ ਲਈ ਇਹ ਕਿਤਾਬਾਂ ਚੰਗੇ ਪਰਿਣਾਮ ਹਾਸਿਲ ਕਰਨ ਵਾਲੀਆਂ ਜਾਪਦੀਆਂ ਸਨ। ਬਰੈਲ ਅਤੇ ਸਹਿਪਾਠੀਆਂ ਨੇ ਭਾਵੇਂ ਇਹਨਾਂ ਕਿਤਾਬਾਂ ਦੀਆਂ ਦੱਬੂ ਸੀਮਾਵਾਂ ਨੂੰ ਸਮਝ ਲਿਆ ਸੀ। ਹੋਈ ਦੀ ਸ਼ੁੱਭ ਨੀਤ ਯਤਨਾਂ ਵਿੱਚ ਹਾਲਾਂ ਹੋਰ ਸੁਧਾਰ ਦੀਆਂ ਸੰਭਾਵਨਾਵਾਂ ਸਨ, ਅੰਨ੍ਹਿਆਂ ਦੇ ਪੜ੍ਹਨ ਲਈ ਛੋਹ ਦੀ ਇੰਦਰੀਆਵੀ ਅਨੁਭਵਸ਼ੀਲਤਾ ਨੂੰ ਇੱਕ ਕਾਰਜਸ਼ੀਲ ਰਣਨੀਤੀ ਦੇ ਤੌਰ ਤੇ ਪਛਾਨਣ ਦੀ ਹੋਈ ਦੀ ਇੱਕ ਸੀਮਾ ਇਹ ਸੀ ਕਿ ਉਹ ਅੱਖਾਂ ਦੀ ਭਾਸ਼ਾ ਦੇ ਰਾਹੀਂ ਉਂਗਲਾਂ ਨਾਲ ਬੋਲਦਾ ਸੀ।

**ਅਧਿਆਪਕ ਅਤੇ ਸੰਗੀਤਕਾਰ** :- ਬਰੈਲ ਨੇ ਹੋਈ ਪੁਸਤਕਾਂ ਵਾਰ ਵਾਰ ਪੜ੍ਹੀਆਂ ਅਤੇ ਉਹ ਸਕੂਲ ਮੌਖਿਕ ਸਿੱਖਿਆ ਦੇਣ ਦੇ ਪ੍ਰਤੀ ਵੀ ਬਰਾਬਰ ਚੌਕੰਨਾ ਸੀ। ਉਹ ਬਹੁਤ ਹੀ ਪ੍ਰਵੀਨ ਵਿਦਿਆਰਥੀ ਸਿੱਧ ਹੋਇਆ ਅਤੇ ਜਦੋਂ ਉਸਨੇ ਸਕੂਲ ਦਾ ਸਿਲੇਬਸ ਖ਼ਤਮ ਕਰ ਲਿਆ, ਉਸਨੂੰ ਤੁਰੰਤ ਇਕ ਅਧਿਆਪਕ ਦੇ ਸਹਾਇਕ ਵਜੋਂ ਰੱਖ ਲਿਆ ਗਿਆ। 1833 ਵਿੱਚ ਉਸਨੂੰ ਆਪਣੇ ਤੌਰ 'ਤੇ ਪੱਕੇ ਪ੍ਰੋਫ਼ੈਸਰ ਵਜੋਂ ਨਿਯੁਕਤ ਕਰ ਲਿਆ ਗਿਆ। ਆਪਣੀ ਜ਼ਿੰਦਗੀ ਦਾ ਬਾਕੀ ਬਹੁਤ ਸਾਰਾ ਸਮਾਂ ਬੈਰਲ ਨੇ ਇਨਸਟੀਚਿਊਟ ਵਿਖੇ ਹੀ ਗੁਜ਼ਾਰਿਆ ਜਿੱਥੇ ਉਸਨੇ ਇਤਿਹਾਸ ਜੁਮੈਟਰੀ ਅਤੇ ਅਲਜ਼ਬਰਾ ਦੇ ਵਿਸ਼ੇ ਪੜ੍ਹਾਏ।

ਸੰਗੀਤ ਪ੍ਰਤੀ ਲਗਨ ਨੇ ਬਰੈਲ ਨੂੰ ਜੀਨ ਨਿਕੋਲਸ ਮੈਰੀਗੁਏਸ ਦੀਆਂ ਕਲਾਸਾਂ ਵਿੱਚ ਇੱਕ ਵੀਣਾ (ਸਾਰੰਗੀ) ਵਾਦਨ ਅਤੇ ਮੂੰਹ ਨਾਲ ਵਜਾਉਣ ਵਾਲੇ ਵਾਜੇ (ਮਾਊਥ ਆਰਗਨ) ਦਾ ਮਾਹਿਰ ਬਣਾ ਦਿੱਤਾ। ਬਾਅਦ ਦੀ ਜ਼ਿੰਦਗੀ ਵਿੱਚ ਸੰਗੀਤ ਦੀ ਇਸ ਪ੍ਰਤਿਭਾ ਨੇ ਉਸਨੂੰ ਸਮੁੱਚੇ ਫਰਾਂਸ ਦੇ ਗਿਰਜਾਘਰਾਂ ਵਿੱਚ ਆਰਗਨ ਵਜਾਉਣ ਲਈ ਮੰਚ ਪ੍ਰਦਾਨ ਕਰਵਾਇਆ। ਬਰੈਲ ਇੱਕ ਸ਼ਰਧਾਵਾਨ ਕੈਥੋਲਿਕ ਸੀ ਜਿਸਨੂੰ ਪੈਰਿਸ ਦੇ ਚਰਚ ਆਫ ਸੇਂਟ ਨਿਕੋਲਸ-ਡਿਸ-ਚੈਂਪਸ ਵਿੱਚ 1834 ਤੋਂ 1839 ਤੱਕ ਬਤੌਰ ਆਰਗੇਨਿਸਟ ਕੰਮ ਕਰਨ ਦਾ ਮੌਕਾ ਮਿਲਿਆ। ਬਾਅਦ ਵਿੱਚ ਉਹ ਸੇਂਟ ਵਿਨਸੇਂਟਾਡੀ ਪਾਲ ਦੇ ਗਿਰਜ਼ਾਘਰ ਵਿੱਚ ਚਲਿਆ ਗਿਆ।

**ਬਰੈਲ ਸਿਸਟਮ** :- ਬਰੈਲ ਨੇ ਪੜ੍ਹਨ ਲਿਖਣ ਦਾ ਇੱਕ ਅਜਿਹਾ ਸਿਸਟਮ ਬਣਾਉਣ ਲਈ ਪੱਕਾ ਮਨ ਬਣਾ ਲਿਆ ਸੀ ਕਿ ਜਿਸਦੇ ਰਾਹੀਂ ਸੁਜਾਖਿਆ ਅਤੇ ਅੰਨ੍ਹਿਆ ਦਰਮਿਆਨ ਸੰਚਾਰ ਦੀ ਖਾਈ ਨੂੰ ਪੂਰਿਆ ਜਾ ਸਕੇ। ਉਸਦੇ ਆਪਣੇ ਸ਼ਬਦਾਂ ਵਿੱਚ, "ਇੱਕ ਵਿਸ਼ਾਲ ਮਾਅਨਿਆਂ ਵਿੱਚ ਸੰਚਾਰ ਤੱਕ ਪਹੁੰਚ ਗਿਆਨ ਤੱਕ ਪਹੁੰਚ ਹੀ ਹੁੰਦੀ ਹੈ। ਜੇ ਅਸੀਂ ਨੇਤਰਹੀਣਾਂ ਨੇ ਸੁਜਾਖਿਆ ਵਲੋਂ ਕੀਤੀ ਜਾਂਦੇ ਤਿਰਸਕਾਰ ਜਾਂ ਸਰਪਰਸਤੀ ਪ੍ਰਦਾਨ ਕਬੂਲ ਨਹੀਂ ਕਰਨਾ ਤਾਂ ਸਾਡੇ (ਨੇਤਰਹੀਣਾਂ) ਲਈ ਇਹ ਬਹੁਤ ਹੀ ਮਹੱਤਵਪੂਰਣ ਹੈ। ਸਾਨੂੰ ਦਯਾ ਦੀ ਲੋੜ ਨਹੀਂ ਹੈ, ਨਾ ਹੀ ਸਾਨੂੰ ਇਹ ਸਮਝਾਉਣ ਦੀ ਜ਼ਰੂਰਤ ਹੈ ਕਿ ਅਸੀਂ ਕਦੇ ਵੀ ਮਾਰੂ ਚੋਟ ਖਾ ਸਕਦੇ ਹਾਂ ਤੇ ਜ਼ਖਮੀ ਹੋ ਸਕਦੇ ਹਾਂ। ਸਾਨੂੰ ਆਪਣੇ ਬਰਾਬਰ ਦਾ ਸਮਝਿਆ ਜਾਵੇ ਅਤੇ ਸੰਚਾਰ ਹੀ ਇੱਕ ਤਰੀਕਾ ਹੈ ਜਿਸ ਰਾਹੀਂ ਇਹ ਟੀਚਾ ਪ੍ਰਾਪਤ ਕੀਤਾ ਜਾ ਸਕਦਾ ਹੈ।

**ਸ਼ੁਰੂਆਤ** :- 1821 ਵਿੱਚ ਬਰੈਲ ਨੂੰ ਫਰਾਂਸੀਸੀ ਫ਼ੌਜ ਦੇ ਕਪਤਾਨ ਚਾਰਲਸ ਬਾਰਬੀਅਰ ਵੱਲੋਂ ਬਣਾਈ ਗਈ ਇੱਕ ਸੰਚਾਰ ਪ੍ਰਣਾਲੀ ਬਾਰੇ ਜਾਣਕਾਰੀ ਮਿਲੀ। ਕਈ ਸਰੋਤ ਇਹ ਆਖਦੇ ਹਨ ਕਿ ਬਰੈਲ ਨੂੰ ਇਸ ਬਾਰੇ ਅਖਬਾਰ ਰਾਹੀਂ ਪਤਾ ਲੱਗਿਆ ਜੋ ਇਸਦੇ ਇੱਕ ਦੋਸਤ ਨੇ ਇਸਨੂੰ ਪੜ੍ਹਕੇ ਸੁਣਾਇਆ। ਜਦੋਂ ਕਿ ਕਈ ਹੋਰ ਇਹ ਦੱਸਦੇ ਹਨ ਕਿ ਇਸਦੀ ਸਮੱਰਥਾ ਤੋਂ ਜਾਣੂੰ ਹੋਣ ਕਰਕੇ ਅਫ਼ਸਰ ਨੇ ਖ਼ੁਦ ਸਕੂਲ ਦਾ ਵਿਸ਼ੇਸ਼ ਦੌਰਾ ਕੀਤਾ। ਭਾਵੇਂ ਕੁੱਝ ਵੀ ਸੀ, ਬਾਰਬੀਅਰ ਨੇ ਆਪ ਚਾਹੁੰਦੇ ਹੋਏ ਆਪਣੀ ਮਰਜ਼ੀ ਨਾਲ ਆਪਣੀ ਕਾਢ ਨੂੰ ਸਾਂਝਾ ਕੀਤਾ ਸੀ, ਜਿਸ ਕਾਢ ਨੂੰ ਉਹ ਨਾਈਟ ਰਾਈਟਿੰਗ (ਰਾਤ ਨੂੰ ਲਿਖਣਾ) ਆਖਦਾ ਸੀ। ਇਹ ਪ੍ਰਣਾਲੀ ਡਾਟ ਅਤੇ ਡੈਸ਼ ਤੋਂ ਮਿਲਕੇ ਬਣਦੀ ਸੀ ਜਿਹੜੇ ਇੱਕ ਮੋਟੇ ਕਾਗਜ਼ ਤੇ ਨਕਸ਼ੇ ਹੁੰਦੇ ਸਨ। ਇਹ ਉਭਾਰ ਉਂਗਲੀਆਂ ਨਾਲ ਪਛਾਣੇ ਜਾ ਸਕਦੇ ਸਨ। ਇਸ ਨਾਲ ਫ਼ੌਜੀਆਂ ਨੂੰ ਯੁੱਧ ਦੇ ਖੇਤਰ ਵਿੱਚ ਰਾਤ ਸਮੇਂ ਰੌਸ਼ਨੀ ਦੇ ਬਗੈਰ ਜਾਂ ਬਿਨਾਂ ਬੋਲੇ ਹੀ ਸੂਚਨਾ ਆਦਾਨ ਪ੍ਰਦਾਨ ਕਰਨ ਦੀ ਸਹੂਲਤ ਮਿਲਦੀ ਸੀ। ਕਪਤਾਨ ਦਾ ਇਹ ਕੋਡ ਸਿਸਟਮ ਮੂਲ ਫ਼ੌਜੀ ਸਰੂਪ ਵਿੱਚ ਵਰਤਣਾ ਕਾਫ਼ੀ ਗੁੰਝਲਦਾਰ ਸੀ, ਪ੍ਰੰਤੂ ਇਸਨੇ ਬਰੈਲ ਨੂੰ ਆਪਣਾ ਹੀ ਇੱਕ ਸਿਸਟਮ ਵਿਕਸਤ ਕਰਨ ਲਈ ਉਤਸ਼ਾਹਿਤ ਜ਼ਰੂਰ ਕੀਤਾ।

**ਡਿਜ਼ਾਈਨ** :- ਬਰੈਲ ਨੇ ਆਪਣੇ ਵਿਚਾਰਾਂ ਨੇ ਅਣਥੱਕ ਮਿਹਨਤ ਕੀਤੀ ਅਤੇ ਉਸਦਾ ਸਿਸਟਮ 1824 ਵਿੱਚ ਜਾਕੇ ਸਿਰੇ ਚੜ੍ਹਿਆ, ਜਦੋਂ ਉਸਦੀ ਉਮਰ ਸਿਰਫ਼ 15 ਸਾਲਾਂ ਦੀ ਸੀ। ਬਾਰਬੀਅਰ ਦੀ ਨਾਈਟ ਰਾਈਟਿੰਗ ਤੋਂ ਉਸਨੇ ਆਪਣੇ ਸਿਸਟਮ ਦੇ ਸਰੂਪ ਨੂੰ ਸੌਖਾ ਅਤੇ ਸਰਲ ਬਣਾਇਆ ਅਤੇ ਇਸਦੀ ਕੁਸ਼ਲਤਾ ਨੂੰ ਵਧਾਇਆ, ਇਸਦੀ ਨਿਪੁੰਨਤਾ ਨੂੰ ਸੁਧਾਰਿਆ। ਉਸਨੇ ਹਰ ਇੱਕ ਅੱਖਰ ਲਈ ਇੱਕ ਸਾਰ ਕਾਲਮ ਬਣਾਏ ਅਤੇ ਉਸਨੇ 12 ਉੱਭਰਵੇਂ ਡਾਟਸ (ਬਿੰਦੂਆਂ) ਦੀ ਗਿਣਤੀ ਨੂੰ ਘਟਾਕੇ 6 ਕਰ ਦਿੱਤਾ। ਉਸਨੇ ਆਪਣਾ ਸਿਸਟਮ 1829 ਵਿੱਚ ਪ੍ਰਕਾਸ਼ਿਤ ਕੀਤਾ। ਅਤੇ 1837 ਵਿੱਚ ਦੂਜੇ ਸੰਸਕਰਣ ਸਮੇਂ ਉਸਨੇ ਡੈਸ਼ਾਂ (–) ਦਾ ਭੋਗ ਪਾ ਦਿੱਤਾ ਕਿਉਂਕਿ ਉਹਨਾਂ ਨੂੰ ਪੜ੍ਹਨਾ ਕਾਫ਼ੀ ਮੁਸ਼ਕਲ ਸੀ। ਨਿਰਣਾਇਕ ਤੌਰ ਤੇ, ਬਰੈਲ ਦੇ ਛੋਟੇ ਸੈਲਾਂ ਨੂੰ ਉਂਗਲਾ ਦੀ ਇੱਕੋ ਛੋਹ ਨਾਲ ਅੱਖਰਾਂ ਵਜੋਂ ਪਛਾਨਣਾ ਆਸਾਨ ਸੀ।

ਬਰੈਲ ਨੇ ਆਰ ਦੀ ਵਰਤੋਂ ਕਰਕੇ ਉਭਰਵੇਂ ਬਿੰਦੂਆਂ ਵਾਲਾ ਸਿਸਟਮ ਤਿਆਰ ਕੀਤਾ, ਉਸੇ ਵਰਗੀ ਆਰ ਨਾਲ ਜਿਸ ਨਾਲ ਉਸਦੀ ਦੋਵਾਂ ਅੱਖਾਂ ਦੀ ਨਿਗਾਹ ਚਲੀ ਗਈ ਸੀ। ਆਪਣਾ ਸਿਸਟਮ ਨੇ ਡਿਜ਼ਾਈਨ ਕਰਨ ਦੇ ਸਮੇਂ ਉਸਨੇ ਨਿਪੁੰਨਤਾ ਜਾਂ ਕੰਮ ਕਰਨ ਦੀ ਮਨੁੱਖੀ ਸਮਰੱਥਾ ਨੂੰ ਵਧਾਉਣ ਲਈ ਇੱਕ ਇੰਟਰਫੇਸ ਵੀ ਵਿਕਸਿਤ ਕੀਤਾ ਜਿਹੜਾ ਬਾਰਬੀਅਰ ਦੀਆਂ ਆਪਣੀਆਂ ਸਲੇਟਾਂ ਅਤੇ ਤੇਜ ਨੋਕ ਵਾਲੇ ਔਜ਼ਾਰਾਂ ਤੇ ਅਧਾਰਿਤ ਸੀ। ਸਲੇਟ ਦੇ ਇੱਕ ਸਿਰੇ ਤੋਂ ਦੂਜੇ ਸਿਰੇ ਤੱਕ ਦੋ ਧਾਤ ਦੀਆਂ ਪੱਤੀਆਂ ਨੂੰ ਟਾਂਕਾ ਲਾਕੇ, ਉਸਨੇ ਤੇਜ ਨੋਕੀਲੇ ਔਜ਼ਾਰ ਦੇ ਲਈ ਇੱਕ ਸੁਰੱਖਿਅਤ ਖੇਤਰ ਬਣਾ ਲਿਆ ਜਿਹੜਾ ਲਾਈਨਾਂ ਨੂੰ ਸਿੱਧਾ ਰੱਖਦਾ ਸੀ ਅਤੇ ਪੜ੍ਹਨ ਯੋਗ ਬਣਾਉਂਦਾ ਸੀ।

ਇਹਨਾਂ ਸਾਧਾਰਨ ਜਿਹੇ ਢੰਗਾਂ ਨਾਲ ਬਰੈਲ ਨੇ ਇੱਕ ਸ਼ਕਤੀਸ਼ਾਲੀ ਸੰਚਾਰ ਸਿਸਟਮ ਉਸਾਰ ਲਿਆ। "ਇਹ ਇੱਕ ਪ੍ਰਤਿਭਾਸ਼ਾਲੀ ਬੁੱਧੀ ਵਾਲੇ ਵਿਅਕਤੀ ਦੀ ਦੇਣ ਸੀ," ਨੇਤਰਹੀਣਾਂ ਲਈ ਕੈਲੀਫੋਰਨੀਆ ਸਕੂਲ ਦੇ ਸਾਬਕਾ ਡਾਇਰੈਕਟਰ ਡਾ. ਰਿਚਰਡ ਸਲੇਟਿੰਗ ਫਰੈਂਚ ਨੇ ਲਿਖਿਆ, "ਇਹ ਰੋਮਨ ਵਰਣਮਾਲਾ ਦੇ ਵਾਂਗੂ ਹੀ ਸੀ।"

**ਸੰਗੀਤਕ ਅਨੁਕੂਲਨ** :- ਛੇਤੀ ਹੀ ਇਸ ਸਿਸਟਮ ਨੂੰ ਬਰੈਲ ਦੇ ਸੰਗੀਤਕ ਸਵਰਾਂ (ਧੁਨੀਆਂ) ਦੀ ਅੰਕਣ ਪ੍ਰਣਾਲੀ ਨੂੰ ਇਸ ਵਿੱਚ ਸ਼ਾਮਲ ਕਰਨ ਤੱਕ ਵਧਾ ਦਿੱਤਾ ਗਿਆ। ਆਪਣੇ ਸੰਗੀਤ ਬਾਰੇ ਉਤਸ਼ਾਹਿਤ ਹੋਣ ਸਦਕਾ, ਬਰੈਲ ਨੇ ਸੰਗੀਤਕ ਕੋਡ ਨੂੰ ਤਿਆਰ ਕਰਨ ਵਿੱਚ ਬੇਇੰਤਹਾ ਧਿਆਨ ਲਾਇਆ ਤਾਂ ਕਿ ਇਹ ਹਰ ਕਿਸਮ ਦੇ ਸਾਜ਼ ਦੀਆਂ ਲੋੜਾਂ ਦੀ ਪੂਰਤੀ ਲਈ ਲਚਕਦਾਰ ਹੋਵੇ। 1829 ਵਿੱਚ ਉਸਨੇ ਆਪਣੇ ਸਿਸਟਮ ਬਾਰੇ ਪਹਿਲੀ ਕਿਤਾਬ ਛਪਵਾਈ ਜਿਸਦਾ ਨਾਮ ਸੀ (ਮੈਥਡ ਆਫ ਰਾਈਟਿੰਗ ਵਰਡਜ਼, ਮਿਊਜ਼ਕ ਐਂਡ ਪਲੇਨ ਸੌਂਗਜ ਬਾਈ ਮੀਨਜ਼ ਆਫ ਡਾਟਸ, ਫਾਰ ਯੂਜ ਬਾਈ ਦਾ ਬਲਾਈਂਡ ਐਂਡ ਅਰੇਂਜਡ ਫਾਰ ਦੈਮ) ਵਿਅੰਗਮਈ ਤੌਰ ਤੇ ਇਹ ਕਿਤਾਬ ਪਹਿਲੀ ਵਾਰੀ ਹੋਈ ਸਿਸਟਮ ਦੀ ਉਭਰਵੇਂ ਅੱਖਰਾਂ ਦੀ ਵਿਧੀ ਨਾਲ ਛਾਪੀ ਗਈ ਸੀ।

**ਪਬਲੀਕੇਸ਼ਨਜ** :- ਬਰੈਲ ਨੇ ਬਰੈਲ ਸਿਸਟਮ ਅਤੇ ਜਨਰਲ ਸਿੱਖਿਆ ਦੇ ਲਈ ਕਈ ਪੁਸਤਕਾਂ ਲਿਖੀਆਂ। ਮੈਥਡ ਆਫ ਰਾਈਟਿੰਗ ਵਰਡਜ...(1829) ਨੂੰ ਸੋਧਕੇ ਅਤੇ ਉਸ ਵਿੱਚ ਹੋਰ ਵਾਧਾ ਕਰਕੇ। 1837 ਵਿੱਚ ਦੋਬਾਰਾ ਛਾਪਿਆ ਗਿਆ। ਉਸਦੀ ਮੈਥੇਮੈਟਿਕ ਗਾਈਡ, ਲਿਟਲ ਸਾਈਨੋਪਸਿਸ ਆਫ ਅਰਥਮੈਟਿਕ ਫਾਰ ਬਿਗਨਰਜ਼ 1838 ਵਿੱਚ ਪ੍ਰਕਾਸ਼ਿਤ ਹੋਈ। ਉਸਦਾ ਮੋਨੋਗਰਾਫ਼ ਨਿਊ ਮੈਥਡ ਫਾਰ ਰੀਪਰੀਜੈਂਟਿੰਗ ਬਾਈ ਡਾਟਸ ਦਾ ਫਾਰਮ ਆਫ ਲੈਟਰਜ਼, ਮੈਪਸ, ਜਿਊਮੈਟਰਿਕ ਫਿਗਰਜ਼, ਮਿਊਜੀਕਲ ਸਿੰਬਲਜ ਆਦਿ ਨੇਤਰਹੀਣਾ ਦੇ ਵਰਤਣ ਲਈ' 1839 ਵਿੱਚ ਪਹਿਲੀ ਵਾਰ ਛਾਪੀ ਗਈ। ਬਰੈਲ ਦੇ ਬਹੁਤ ਸਾਰੇ ਮੌਲਿਕ ਲਿਖਤੀ ਕਾਰਜ ਉਸਦੇ ਜਨਮ ਅਸਥਾਨ ਕੂਪਵਰੇ ਵਿੱਚ ਬਣਾਏ ਗਏ ਅਜਾਇਬ ਘਰ ਵਿੱਚ ਸੰਭਾਲੇ ਹੋਏ ਹਨ।

**ਡੈਕਾਪੁਆਇਟ** :- ਨਿਊ ਮੈਥਡ ਫਾਰ ਰੀਪਰੀਜੈਂਇੰਗ ਬਾਈ ਡਾਟਸ (1839) ਤੋਂ ਪਤਾ ਲੱਗਦਾ ਹੈ ਕਿ ਬਰੈਲ ਦੀ ਨੇਤਰਹੀਣਾ ਦੇ ਲਈ ਲਿਖਣ ਦਾ ਇੱਕ ਨਵਾਂ ਸਿਸਟਮ ਵਿਕਸਤ ਕਰਨ ਦੀ ਯੋਜਨਾ ਸੀ ਜਿਸ ਨਾਲ ਨੇਤਰਹੀਣ ਅੱਖਰ ਲਿਖ ਸਕਣ ਅਤੇ ਜਿਹੜੇ ਨਿਗਾਹਵਾਨਾਂ ਵੱਲੋਂ ਪੜ੍ਹੇ ਜਾ ਸਕਦੇ ਹੋਣ। ਡੈਕਾਪੁਆਇਟ ਦੇ ਨਾਮ ਨਾਲ ਜਾਣੇ ਜਾਂਦੇ ਇਸ ਸਿਸਟਮ ਵਿੱਚ ਬਰੈਲ ਨੇ ਨਵੀਂ ਵਿਸ਼ੇਸ਼ ਗਰਿਲ (ਵਰਮਾ) ਬਣਾਈ ਜਿਸ ਨਾਲ ਕਾਗਜ ਤੇ ਡਾਟ-ਪੰਚਿੰਗ ਹੁੰਦੀ ਸੀ। ਜਦੋਂ ਇਸਨੂੰ ਸੰਬੰਧਿਤ ਪਹਾੜਿਆਂ ਨਾਲ ਜੋੜਕੇ ਵਰਤਿਆ ਜਾਂਦਾ ਸੀ ਤਾਂ ਇਹ ਗਰਿਲ ਨਿਗਾਹ ਵਿਹੂਣੇ ਵਿਅਕੱਤੀ ਵੱਲੋਂ ਸਟੈਂਡਰਡ ਵਰਣ ਮਾਲਾ ਬਣਾਉਣ ਵਿੱਚ ਸਫ਼ਲਤਾ ਮਿਲ ਜਾਂਦੀ ਸੀ।

ਡੈਕਾਪੁਆਇੰਟ ਦੇ ਆਉਣ ਨਾਲ, ਬਰੈਲ ਨੇ ਆਪਣੇ ਇੱਕ ਮਿੱਤਰ ਪੀਅਰੇ ਫਰੈਕੋਇਸ ਵਿਕਟਰ ਫੋਕਾਲਟ ਨੂੰ ਮੱਦਦ ਦਿੱਤੀ ਜਿਹੜਾ ਆਪਣਾ ਰੈਫੀਗਰਾਫ਼ ਬਣਾਉਣ ਵਿੱਚ ਲੱਗਿਆ ਹੋਇਆ ਸੀ। ਇਹ ਇੱਕ ਟਾਈਪਿੰਗ ਮਸ਼ੀਨ ਵਰਗਾ ਯੰਤਰ ਸੀ ਜਿਹੜਾ ਅੱਖਰਾਂ ਦੀ ਨਕਾਸ਼ੀ ਕਰ ਸਕਦਾ ਸੀ। ਫੌਕਾਲਟ ਦੀ ਮਸ਼ੀਨ ਦੀ ਬਹੁਤ ਸ਼ਲਾਘਾ ਹੋਈ, ਇਸਨੂੰ ਬਹੁਤ ਕਾਮਯਾਬੀ ਮਿਲੀ ਇਸਨੂੰ 1885 ਵਿੱਚ ਪੈਰਿਸ ਵਿਖੇ ਸੰਸਾਰ ਮੇਲੇ ਵਿੱਚ ਪ੍ਰਦਰਸ਼ਿਤ ਕੀਤਾ ਗਿਆ।

**ਬਾਅਦ ਦੀ ਜ਼ਿੰਦਗੀ** :- ਭਾਵੇਂ ਬਰੈਲ ਨੂੰ ਉਸਦੇ ਵਿਦਿਆਰਥੀ ਬਹੁਤ ਸਤਿਕਾਰ ਦਿੰਦੇ ਸਨ ਅਤੇ ਉਸਦੀ ਪ੍ਰਸ਼ੰਸ਼ਾ ਕਰਦੇ ਸਨ, ਪਰ ਉਸਦੀ ਜ਼ਿੰਦਗੀ ਵਿੱਚ ਉਸਦੇ ਸਿਸਟਮ ਨੂੰ ਇਨਸਟੀਚਿਊਟ ਵਿੱਚ ਪੜ੍ਹਾਇਆ ਨਹੀਂ ਸੀ ਗਿਆ। ਵੇਲਨਟੀਨ ਹੌਈ ਦੇ ਉਤਰਾਅਧਿਕਾਰੀਆਂ ਨੇ, 1832 ਵਿੱਚ ਉਸਦੀ ਮੌਤ ਹੋ ਜਾਣ ਬਾਦ, ਸਕੂਲ ਦੇ ਸਥਾਪਤ ਢੰਗ ਤਰੀਕਿਆਂ ਵਿੱਚ ਕੋਈ ਤਬਦੀਲੀ ਕਰਨ ਦੀ ਦਿਲਚਸਪੀ ਨਹੀਂ ਵਿਖਾਈ ਅਤੇ ਉਹ ਇਸਦੀ ਵਰਤੋਂ ਦੇ ਕੱਟੜ ਵੈਰੀ ਬਣ ਗਏ ਸਨ। ਡਾ. ਅਲੈਗਜੈਂਡਰੇ ਫਰੈਂਕੋਇਸ ਰੀਨ ਪਿਗਨੀਅਮਰ, ਜਿਹੜਾ ਸਕੂਲ ਦਾ ਮੁੱਖ ਅਧਿਆਪਕ ਸੀ, ਨੂੰ ਨੌਕਰੀ ਤੋਂ ਬਰਖਾਸਤ ਕਰ ਗਿਆ ਸੀ ਕਿਉਂਕਿ ਉਸਨੇ ਇਤਿਹਾਸ ਦੀ ਇੱਕ ਪੁਸਤਕ ਬਰੈਲ ਵਿੱਚ ਅਨੁਵਾਦ ਕਰਵਾਈ ਸੀ।

ਬਰੈਲ ਹਮੇਸ਼ਾ ਇੱਕ ਬੀਮਾਰ ਬੱਚਾ ਸੀ, ਬਾਲਗ ਉਮਰ ਵਿੱਚ ਉਸਦੀ ਹਾਲਤ ਹੋਰ ਵਿਗੜ ਗਈ। ਸਾਹ ਦੀ ਬੀਮਾਰੀ, ਜਿਸਨੂੰ ਦਮਾ ਸਮਝਿਆ ਜਾਂਦਾ ਸੀ, ਉਸਦੇ ਪਿੱਛੇ ਹੀ ਪਈ ਰਹੀ ਅਤੇ ਚਾਲੀ ਸਾਲਾਂ ਦੀ ਉਮਰ ਵਿੱਚ, ਉਹ ਆਪਣੀ ਅਧਿਆਪਕ ਦੀ ਨੌਕਰੀ ਛੱਡਣ ਲਈ ਮਜ਼ਬੂਰ ਹੋ ਗਿਆ। ਜਦੋਂ ਉਸਦੀ ਹਾਲਤ ਬੇਹੱਦ ਨਿੱਘਰ ਗਈ ਤਾਂ ਉਸਨੂੰ ਉਸਦੇ ਪਰਿਵਾਰਕ ਘਰ ਕੂਪਵਰੇ ਵਿਖੇ ਲਿਜਾਇਆ ਗਿਆ ਜਿੱਥੇ ਉਹ 1852 ਵਿੱਚ ਮਰ ਗਿਆ। ਉਸ ਸਮੇਂ ਉਸਨੂੰ ਤਰਤਾਲੀਵੇਂ ਸਾਲ ਵਿੱਚ ਪ੍ਰਵੇਸ਼ ਕੀਤਿਆਂ ਦੋ ਦਿਨ ਹੀ ਹੋਏ ਸਨ।

**ਵਿਰਾਸਤ** :- ਨਿਗਾਹ ਵਿਹੂਣੇ ਵਿਦਿਆਰਥੀਆਂ ਦੇ ਪੁਰਜ਼ੋਰ ਅਨੁਰੋਧ ਕਰਨ ਤੇ ਬਰੈਲ ਦੀ ਮੌਤ ਦੇ ਦੋ ਸਾਲ ਬਾਅਦ, ਅੰਤ ਨੂੰ 1854 ਵਿੱਚ ਬਰੈਲ ਸਿਸਟਮ ਨੂੰ ਇੰਨਸਟੀਚਿਊਟ ਵਿੱਚ ਆਪਣਾ ਲਿਆ ਗਿਆ। ਫਰੈਂਚ ਬੋਲਣ ਵਾਲੇ ਖੇਤਰਾਂ ਵਿੱਚ ਇਹ ਸੰਸਾਰ ਭਰ ਵਿੱਚ ਤੇਜੀ ਨਾਲ ਫੈਲਿਆ, ਪ੍ਰੰਤੂ ਹੋਰਨਾਂ ਖੇਤਰਾਂ ਵਿੱਚ ਇਸਦੀ ਗਤੀ ਮੱਧਮ ਹੀ ਰਹੀ। 1873 ਵਿੱਚ ਨਿਗਾਹ ਵਿਹੂਣੇ ਅਧਿਆਪਕਾਂ ਦੀ ਪਹਿਲੀ ਸਰਬ-ਯੂਰਪੀਨ ਕਾਨਫਰੰਸ ਵਿੱਚ ਡਾ. ਥੌਮਸ ਰੋਡੇਂਜ ਆਰਮੀਟੇਜ ਨੇ ਬਰੈਲ ਦਾ ਪੱਖ ਪੂਰਿਆ ਅਤੇ ਇਸਦੀ ਵਕਾਲਤ ਕੀਤੀ। ਇਸਤੋਂ ਬਾਅਦ ਇਸਦੀ ਅੰਤਰ ਰਾਸ਼ਟਰੀ ਵਰਤੋਂ ਵਿੱਚ ਕਾਫ਼ੀ ਤੇਜ਼ੀ ਨਾਲ ਵਾਧਾ ਹੋਇਆ 1882 ਵਿੱਚ ਆਰਮੀਟੇਜ ਇਹ ਰਿਪੋਰਟ ਦੇਣ ਦੇ ਯੋਗ ਹੋ ਸਕਿਆ ਕਿ, "ਹੁਣ ਸੱਭਯ ਸੰਸਾਰ ਦੇ ਵਿੱਚ ਸ਼ਾਇਦ ਹੀ ਕੋਈ ਅਜਿਹਾ ਇੰਸਟੀਚਿਊਟ ਹੋਵੇ ਜਿੱਥੇ ਉਤਰੀ ਅਮਰੀਕਾ ਦੀਆਂ ਕੁੱਝ ਸੰਸਥਾਵਾਂ ਨੂੰ ਛੱਡਕੇ ਕੋਈ ਅਜਿਹਾ ਇਨਸਟੀਚਿਊਟ ਹੋਵੇ ਜਿੱਥੇ ਬਰੈਲ ਦੀ ਵਰਤੋਂ ਨਾ ਹੁੰਦੀ ਹੈ, ਬਾਅਦ ਵਿੱਚ ਇਹ ਖੇਤਰ ਵੀ ਨਰਮ ਪੈ ਗਏ, ਅਮਰੀਕਾ ਵਿੱਚ 1916 ਵਿੱਚ ਸਰਕਾਰੀ ਤੌਰ 'ਤੇ ਬਰੈਲ ਨੂੰ ਨਿਗਾਹ ਵਿਹੂਣਿਆਂ ਲਈ ਸਕੂਲਾਂ ਵਿੱਚ ਅਪਨਾ ਲਿਆ ਗਿਆ। 1932 ਵਿੱਚ ਅੰਗਰੇਜੀ ਵਿੱਚ ਯੂਨੀਵਰਸਲ ਬਰੈਲ ਕੋਡ ਤਿਆਰ ਕੀਤਾ ਗਿਆ।

ਹੁਣ ਤਾਂ ਬਰੈਲ ਤਕਨੌਲੋਜੀ ਵਿੱਚ ਬਹੁਤ ਸਾਰੀਆਂ ਨਵੀਆਂ ਤਬਦੀਲੀਆਂ ਹੋ ਰਹੀਆਂ ਹਨ ਜਿਵੇਂ ਕਿ ਬਰੈਲ ਕੰਪਿਊਟਰ ਟਰਮੀਨਲਜ, ਰੋਬੋ-ਬਰੈਲ ਈ ਮੇਲ ਡਿਲਵਰੀ ਸਰਵਿਸ ਅਤੇ ਨੀਮੈਥ ਬਰੈਲ ਜਿਹੜਾ ਮੈਥੇਮੈਟਿਕਲ ਅਤੇ ਵਿਗਿਆਨਕ ਅੰਕਣਾ ਦੇ ਲਈ ਵਿਸਤਰਿਤ ਸਿਸਟਮ ਹੈ। ਆਪਣੀ ਕਾਢ ਦੀਆਂ ਦੋ ਸਦੀਆਂ ਦੇ ਬਾਅਦ ਵੀ ਬਰੈਲ ਇੱਕ ਸ਼ਕਤੀਸ਼ਾਲੀ ਅਤੇ ਹੰਢਨਸਾਰ ਸਿਸਟਮ ਬਣਿਆ ਹੋਇਆ ਹੈ।

**ਸਨਮਾਨ ਅਤੇ ਸ਼ਰਧਾਂਜਲੀਆਂ** :- ਟੀ. ਐਸ. ਇਲੀਅਟ ਨੇ 1952 ਵਿੱਚ ਆਪਣੇ ਇੱਕ ਲੇਖ ਵਿੱਚ ਲੁਈਸ ਬਰੈਲ ਦੀ ਬੇਹੱਦ ਨਿੱਜੀ ਵਿਰਾਸਤ ਦਾ ਵਰਨਣ ਕਰਦਿਆਂ ਲਿਖਿਆ ਸੀ :-

"ਸ਼ਾਇਦ ਲੁਈਸ ਬਰੈਲ ਨੂੰ ਸੱਭ ਤੋਂ ਵੱਡਾ ਸਨਮਾਨ ਇਹ ਹੋਵੇਗਾ ਜਿਹੜਾ ਸਨਮਾਨ ਅਸੀਂ ਅਰਧ ਸੁਚੇਤ ਰੂਪ ਵਿੱਚ ਉਸ ਵੱਲੋਂ ਤਿਆਰ ਕੀਤੀ ਗਈ ਲਿੱਪੀ ਨਾਲ ਉਸਦਾ ਨਾਮ ਜੋੜਕੇ ਦੇ ਦਿੰਦੇ ਹਾਂ ਅਤੇ ਇਸ ਮੁਲਕ (ਇੰਗਲੈਂਡ) ਵਿੱਚ ਅਸੀਂ ਆਪਣੀ ਭਾਸ਼ਾ ਵਿੱਚ ਉਸਦੇ ਨਾਮ ਦੇ ਉਚਾਰਣ ਨੂੰ ਅਪਨਾਕੇ ਕੀਤਾ ਹੈ। ਅਸੀਂ ਬਰੈਲ ਦਾ ਸਨਮਾਨ ਕਰਦੇ ਹਾਂ ਜਦੋਂ ਅਸੀਂ ਬਰੈਲ ਦੀ ਗੱਲ ਕਰਦੇ ਹਾਂ, ਬਰੈਲ ਲਿੱਪੀ ਦੀ। ਇਸ ਤਰ੍ਹਾਂ ਉਸਦੀ ਯਾਦ ਆਪਣੇ ਸਮਿਆਂ ਦੇ ਉਹਨਾਂ ਸੱਭ ਮਹਾਨ ਵਿਅਕਤੀਆਂ ਨਾਲੋਂ ਵੱਧ ਸੁੱਰਖਿਅਤ ਹੈ।"

ਕੂਪਵਰੇ ਵਿਖੇ ਬਰੈਲ ਦੇ ਬਚਪਨ ਦੇ ਘਰ ਨੂੰ ਇਤਿਹਾਸਕ ਇਮਾਰਤ ਦਾ ਰੁਤਬਾ ਦਿੱਤਾ ਗਿਆ ਹੈ ਅਤੇ ਇਸ ਵਿੱਚ ਲੂਈਸ ਬਰੈਲ ਅਜਾਇਬ ਘਰ ਸਥਾਪਿਤ ਕੀਤਾ ਗਿਆ ਹੈ। ਉਸਦੇ ਕਸਬੇ ਦੇ ਇੱਕ ਚੌਂਕ ਵਿੱਚ ਉਸਦਾ ਦਿਉ ਕੱਦ ਬੁੱਤ ਬਣਾਇਆ ਗਿਆ ਹੈ ਅਤੇ ਉਸ ਚੌਂਕ ਦਾ ਨਾਮ ਵੀ ਬਰੈਲ ਚੌਂਕ ਰੱਖਿਆ ਗਿਆ ਹੈ। ਉਸਦੀ ਮਰਨ ਸ਼ਤਾਬਦੀ ਤੇ ਉਸਦੀਆਂ ਅਸਥੀਆਂ ਨੂੰ ਪੈਰਿਸ ਵਿਖੇ ਪੈਂਥੀਉਨ ਵਿੱਚ ਲਿਜਾਇਆ ਗਿਆ। ਇੱਕ ਨਿਸ਼ਾਨੀ ਵਜੋਂ ਕੂਪਵਰੇ ਵਿਖੇ ਸਿਰਫ਼ ਉਸਦੇ ਹੱਥ ਹੀ ਛੱਡੇ ਗਏ। ਜਿਹੜੇ ਸਨਮਾਨ ਤੇ ਇੱਜ਼ਤ ਨਾਲ ਉਸਦੇ ਘਰ ਦੇ ਨੇੜੇ ਹੀ ਦੱਬ ਦਿੱਤੇ ਗਏ।

ਲੂਈਸ ਬਰੈਲ ਨਾਲ ਸੰਬੰਧਿਤ ਬੁੱਤ ਅਤੇ ਯਾਦਗਾਰਾਂ ਸਾਰੇ ਸੰਸਾਰ ਵਿੱਚ ਵੇਖਣ ਨੂੰ ਮਿਲਦੀਆਂ ਹਨ। ਦੁਨੀਆਂ ਭਰ ਵਿੱਚ ਉਸਦੀ ਤਸਵੀਰ ਵਾਲੀਆਂ ਡਾਕ ਟਿਕਟਾਂ ਜਾਰੀ ਕੀਤੀਆਂ ਗਈਆਂ ਹਨ ਅਤੇ ਇੱਕ ਧੂਮਕੇਤੂ 9969 ਨੂੰ ਵੀ ਬਰੈਲ ਦਾ ਨਾਮ ਦਿੱਤਾ ਗਿਆ ਹੈ, ਇਨਸਾਈਕਲੋਪੀਡੀਆ ਬ੍ਰੀਟੇਨਿਕਾ ਵਿੱਚ ਹਮੇਸ਼ਾ ਲਈ ਪ੍ਰਭਾਵਸ਼ਾਲੀ 100 ਕਾਢਕਾਰਾਂ ਵਿੱਚ ਉਸਦਾ ਨਾਮ ਦਰਜ ਕੀਤਾ ਮਿਲਦਾ ਹੈ।

2009 ਵਿੱਚ ਬਰੈਲ ਦੀ ਦੋ ਸੌਵੀਂ ਜਨਮ ਸ਼ਤਾਬਦੀ ਤੇ ਉਸ ਸੰਬੰਧੀ ਸਾਰੇ ਸੰਸਾਰ ਵਿੱਚ ਪ੍ਰਦਰਸ਼ਨੀਆਂ ਅਤੇ ਲੈਕਚਰਾਂ ਦਾ ਅਯੋਜਨ ਕੀਤਾ ਗਿਆ ਜਿਹਨਾਂ ਵਿੱਚ ਉਸਦੇ ਜੀਵਨ ਅਤੇ ਪ੍ਰਾਪਤੀਆਂ ਬਾਰੇ ਜਾਣੂੰ ਕਰਵਾਇਆ ਗਿਆ, ਯਾਦ ਦੇ ਤੌਰ ਤੇ ਬੈਲਜੀਅਮ ਅਤੇ ਇਟਲੀ ਨੇ 2 ਯੂਰੋ ਸਿੱਕੇ, ਭਾਰਤ ਨੇ 2-ਰੁਪੇ ਦਾ ਸਿੱਕਾ ਅਤੇ ਅਮਰੀਕਾ ਨੇ ਇੱਕ ਡਾਲਰ ਦਾ ਸਿੱਕਾ ਜਾਰੀ ਕੀਤੇ, ਇਹ ਸਾਰੇ ਬਰੈਲ ਦੇ ਸਨਮਾਨ ਹਿੱਤ ਹੀ ਸਨ।

**ਹਰਮਨ ਪਿਆਰ ਅਤੇ ਸੱਭਿਆਚਾਰ** :- ਇੱਕ ਜਵਾਨ ਲੜਕੇ ਦੇ ਤੌਰ ਤੇ ਉਸਦੀਆਂ ਪ੍ਰਾਪਤੀਆਂ ਦੇ ਕਾਰਨ, ਬਰੈਲ ਬੱਚਿਆਂ ਦੇ ਨਾਇਕ ਵਜੋਂ ਵਿਸ਼ੇਸ਼ ਸਥਾਨ ਰੱਖਦਾ ਹੈ, ਅਤੇ ਸਾਹਿਤ ਵਿੱਚ ਬਹੁਤ ਸਾਰੀਆਂ ਰਚਨਾਵਾਂ ਵਿੱਚ ਉਸਦਾ ਵਰਨਣ ਮਿਲਦਾ ਹੈ। ਕਲਾ ਦੇ ਖੇਤਰ ਵਿੱਚ ਅਮਰੀਕਨ ਟੀ. ਵੀ. ਦਾ ਸਪੈਸ਼ਲ ਸੀਰੀਅਲ ਯੰਗ ਹੀਰੋਜ਼ : ਲੂਈਸ ਬਰੈਲ (2010), ਫਰਾਂਸੀਸ ਈ. ਵੀ, ਫਿਲਮ ਊਨੇ ਲੂਮੈਰੀ ਡੇਕਸ ਲਾ ਨੂਈਟ (2008), (ਇੰਗਲੈਂਡ ਸੀਕਰੇਟ ਆਫ਼ ਬਰੈਲ ਵਜੋ ਰਿਲੀਜ਼ ਕੀਤੀ ਗਈ), ਅਤੇ ਇੱਕ ਨਾਟਕਮਈ ਡਰਾਮਾ 'ਬਰੈਲ' : ਦਾ ਅਰਲੀ ਲਾਈਫ਼ ਆਫ਼ ਬਰੈਲ (1989) ਜਿਹੜਾ ਲੋਲਾ ਅਤੇ ਕੋਲੇਮਨ ਜੋਨਿੰਗ ਦੇ ਲਿਖਿਆ ਸੀ, ਖਾਸ ਤੌਰ ਤੇ ਜ਼ਿਕਰਯੋਗ ਹਨ।

# ਕਈ ਮਾਨਸਿਕ ਵਿਕਾਰਾਂ ਦਾ ਸੁਮੇਲ ਹੈ ਐਨਜ਼ਾਈਟੀ



ਰਿਸ਼ੀ ਗੁਲਾਟੀ, ਐਡੀਲੇਡ (ਆਸਟ੍ਰੇਲੀਆ)

ਜਦੋਂ ਅਸੀਂ ਆਪਣੇ ਆਪ ਨੂੰ ਦਬਾਅ 'ਚ ਮਹਿਸੂਸ ਕਰਦੇ ਹਾਂ, ਤਾਂ ਤਣਾਅ ਅਤੇ ਚਿੰਤਾ ਦੀਆਂ ਭਾਵਨਾਵਾਂ ਸਹਿਜੇ ਹੀ ਸਾਡੇ 'ਤੇ ਹਾਵੀ ਹੋ ਜਾਂਦੀਆਂ ਹਨ। ਅਕਸਰ ਦਬਾਅ, ਤਣਾਅ ਜਾਂ ਚਿੰਤਾ ਵਰਗੀਆਂ ਭਾਵਨਾਵਾਂ ਓਦੋਂ ਦੂਰ ਹੋ ਜਾਂਦੀਆਂ ਹਨ ਜਦ ਕਿ ਅਸੀਂ ਉਸ ਖਾਸ ਸਥਿਤੀ 'ਚੋਂ ਨਿਕਲ ਜਾਂਦੇ ਹਾਂ ਜਾਂ ਦੂਰ ਹੋ ਜਾਂਦੇ ਹਾਂ। ਜਦੋਂ ਅਜਿਹੀਆਂ ਭਾਵਨਾਵਾਂ ਲੰਬੇ ਸਮੇਂ ਤੱਕ ਬਿਨਾਂ ਕਿਸੇ ਖਾਸ ਕਾਰਨ ਹਾਵੀ ਰਹਿ ਜਾਣ ਤਾਂ ਐਨਜ਼ਾਈਟੀ ਦੀ ਸਥਿਤੀ ਪੈਦਾ ਹੋ ਜਾਂਦੀ ਹੈ। ਇਹ ਇੱਕ ਗੰਭੀਰ ਸਥਿਤੀ ਹੁੰਦੀ ਹੈ, ਜੋ ਕਿ ਰੋਜ਼ਾਨਾ ਸਾਡੀ ਜ਼ਿੰਦਗੀ 'ਚ ਮੁਸ਼ਕਿਲਾਂ ਦਾ ਸਾਹਮਣਾ ਕਰਨ 'ਚ ਖਲਲ ਪੈਦਾ ਕਰਦੀ ਹੈ। ਹਰ ਇਨਸਾਨ ਸਮੇਂ-ਸਮੇਂ ਸਿਰ ਥੋੜਾ ਬਹੁਤ ਚਿੰਤਤ ਹੁੰਦਾ ਹੈ ਪਰ ਜੇਕਰ ਐਨਜ਼ਾਈਟੀ ਦੀ ਸਥਿਤੀ ਪੈਦਾ ਹੋ ਜਾਵੇ ਤਾਂ ਇਸਨੂੰ ਆਸਾਨੀ ਨਾਲ ਕੰਟਰੋਲ ਕਰਨਾ ਔਖਾ ਹੈ। ਐਨਜ਼ਾਈਟੀ, ਆਮ ਚਿੰਤਾ ਜਾਂ ਤਣਾਅ ਮਹਿਸੂਸ ਕਰਨ ਨਾਲੋਂ ਅਗਲਾ ਪੜਾਅ ਹੁੰਦਾ ਹੈ। ਐਨਜ਼ਾਈਟੀ ਨੂੰ ਅਸਾਨ ਸ਼ਬਦਾਂ 'ਚ ਸਮਝਣ ਲਈ ਚਿੰਤਾ ਦੇ ਅਹਿਸਾਸ, ਡਰ, ਘਬਰਾਹਟ, ਅਨਿਸ਼ਚਿਤ ਨਤੀਜਿਆਂ ਬਾਰੇ ਪ੍ਰੇਸ਼ਾਨੀ ਦਾ ਸੁਮੇਲ ਕਿਹਾ ਜਾ ਸਕਦਾ ਹੈ।

ਐਨਜ਼ਾਈਟੀ ਦੇ ਲੱਛਣ ਹਮੇਸ਼ਾ ਹੀ ਉਹ ਨਹੀਂ ਹੁੰਦੇ ਜੋ ਅਸੀਂ ਅਕਸਰ ਦੇਖਦੇ ਹਾਂ, ਇਹ ਕਈ ਵਾਰ ਹੌਲੀ-ਹੌਲੀ ਸਾਹਮਣੇ ਆਉਂਦੇ ਹਨ। ਕਈ ਵਾਰ ਇਹ ਸੁਨਿਸ਼ਚਿਤ ਕਰਨਾ ਔਖਾ ਹੋ ਜਾਂਦਾ ਹੈ ਕਿ ਐਨਜ਼ਾਈਟੀ ਦੀ ਕਿਹੜੀ ਸਥਿਤੀ ਕਿਸੇ ਇਨਸਾਨ ਲਈ ਸਹਿਣ ਕਰਨੀ ਔਖੀ ਹੈ ਜਾਂ ਬਰਦਾਸ਼ਤ ਤੋਂ ਬਾਹਰ ਹੈ।

ਸਾਧਾਰਣ ਚਿੰਤਾ ਨੌਕਰੀ ਦੀ ਇੰਟਰਵਿਊ ਵਰਗੇ ਹਾਲਾਤਾਂ ਜਾਂ ਸੀਮਿਤ ਸਮੇਂ ਦੀ ਤਣਾਅਪੂਰਵਕ ਸਥਿਤੀ ਤੱਕ ਸੀਮਿਤ ਹੋ ਸਕਦੀ ਹੈ। ਐਨਜ਼ਾਈਟੀ ਨਾਲ ਪੀੜਤ ਲੋਕਾਂ ਦੁਆਰਾ ਲਗਾਤਾਰ ਜਾਂ ਸਥਾਈ ਤੌਰ 'ਤੇ ਜੋ ਹਾਲਾਤ ਅਨੁਭਵ ਕੀਤੇ ਜਾਂਦੇ ਹਨ, ਹਮੇਸ਼ਾ ਹੀ ਜ਼ਿੰਦਗੀ ਦੀਆਂ ਚਣੌਤੀਆਂ ਨਾਲ਼ ਜੁੜੇ ਹੋਏ ਨਹੀਂ ਹੁੰਦੇ ਤੇ ਰੋਜ਼ਾਨਾ ਜ਼ਿੰਦਗੀ ਦੀ ਗੁਣਵਤਾ ਤੇ ਵੀ ਪ੍ਰਭਾਵ ਪਾਉਂਦੇ ਹਨ । ਐਨਜ਼ਾਈਟੀ ਦੇ ਕੁਝ ਆਮ ਦੇਖੇ ਜਾ ਸਕਣ ਵਾਲੇ ਲੱਛਣ ਇਸ ਪ੍ਰਕਾਰ ਹਨ :

**ਸਰੀਰਕ ਲੱਛਣ** : ਘਬਰਾਹਟ ਦੇ ਦੌਰੇ, ਦਿਲ ਦੀ ਧੜਕਣ ਦਾ ਵਧਣਾ, ਛਾਤੀ ਦੀ ਜਕੜਨ, ਸਾਹ ਦਾ ਤੇਜ਼ ਹੋਣਾ, ਬੇ-ਅਰਾਮੀ, ਤਣਾਅ ਆਦਿ

**ਮਨੋਵਿਗਿਆਨਕ ਲੱਛਣ** : ਬਹੁਤ ਜ਼ਿਆਦਾ ਡਰ ਲੱਗਣਾ, ਚਿੰਤਾ, ਹਕੀਕਤ ਨਾਲੋਂ ਬਹੁਤ ਬੁਰਾ ਹੋਣ ਦਾ ਡਰ ਜਾਂ ਖਿਆਲ ਆਦਿ

**ਵਿਵਹਾਰਕ ਲੱਛਣ** : ਪੜ੍ਹਾਈ, ਕੰਮ ਜਾਂ ਸਮਾਜਿਕ ਜ਼ਿੰਦਗੀ 'ਚ ਵਿਚਰਦਿਆਂ ਘਬਰਾਹਟ ਜਾਂ ਚਿੰਤਾ ਵਾਲੀ ਸਥਿਤੀ ਤੋਂ ਦੂਰ ਭੱਜਣਾ।

ਇਹ ਕੁਝ ਕੁ ਉਹ ਲੱਛਣ ਹਨ ਜਿਨ੍ਹਾਂ ਰਾਹੀਂ ਐਨਜ਼ਾਈਟੀ ਦੀ ਅਵਸਥਾ ਬਾਰੇ ਪਤਾ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੇ ਇਨ੍ਹਾਂ ਲੱਛਣਾਂ ਨੂੰ ਆਪਣੇ ਆਪ 'ਚ ਮਹਿਸੂਸ ਕੀਤਾ ਹੋਵੇ ਤਾਂ ਉਨ੍ਹਾਂ ਲਈ ਅਗਲੇ ਲੱਛਣਾਂ ਦੀ ਕੁਝ ਹੋਰ ਜਾਣਕਾਰੀ ਇਸ ਪ੍ਰਕਾਰ ਹੈ ਜੇਕਰ ਕਿਸੇ ਨੇ ਤਕਰੀਬਨ ਛੇ ਮਹੀਨੇ ਦੇ ਦੌਰਾਨ ਜ਼ਿਆਦਾਤਰ ਇਹ ਮਹਿਸੂਸ ਕੀਤਾ ਹੋਵੇ ਕਿ:

ਉਹ ਵੱਖ-ਵੱਖਰੀਆਂ ਗਤੀਵਿਧੀਆਂ ਜਾਂ ਘਟਨਾਵਾਂ ਲਈ ਬਹੁਤ ਜ਼ਿਆਦਾ ਚਿੰਤਤ ਮਹਿਸੂਸ ਕਰਦੇ ਹੋਣ; ਚਿੰਤਾ ਕਰਨੀ, ਛੱਡਣੀ ਔਖੀ ਲੱਗਦੀ ਹੋਵੇ;

ਇਹ ਜਾਪੇ ਕਿ ਐਨਜ਼ਾਈਟੀ ਕਾਰਨ ਰੋਜ਼ਾਨਾ ਦੀਆਂ ਕਿਰਿਆਵਾਂ ਔਖੀਆਂ ਹੋਰ ਰਹੀਆਂ ਹਨ ਜਾਂ ਵਿਘਨ ਪੈ ਰਿਹਾ ਹੈ, ਜਿਵੇਂ ਕਿ ਕੰਮ-ਕਾਜ, ਪੜ੍ਹਾਈ, ਦੋਸਤਾਂ ਜਾਂ ਪਰਿਵਾਰ ਦੀ ਦੇਖਭਾਲ ਆਦਿ

ਜੇਕਰ ਇਨ੍ਹਾਂ ਸੁਆਲਾਂ ਦਾ ਜੁਆਬ ਹਾਂ 'ਚ ਹੈ ਤਾਂ ਕੀ ਨਿਮਨਲਿਖਤ ਸਮੱਸਿਆਵਾਂ 'ਚੋਂ ਕੋਈ ਅਜਿਹੀਆਂ ਹਨ, ਜਿੰਨਾਂ 'ਚੋਂ ਤਿੰਨ ਜਾਂ ਵਧੇਰੇ ਨੂੰ ਮਹਿਸੂਸ ਕੀਤਾ ਹੋਵੇ?

ਬੇਅਰਾਮ ਜਾਂ ਬੇਚੈਨ ਮਹਿਸੂਸ ਕਰਨਾ

ਜਲਦੀ ਥੱਕ ਜਾਣਾ ਜਾਂ ਥਕਾਵਟ ਮਹਿਸੂਸ ਕਰਨਾ

ਕਿਸੇ ਕੰਮ ਜਾਂ ਪੜ੍ਹਾਈ ਚ ਧਿਆਨ ਨਾ ਲਗਾ ਪਾਉਣਾ

**ਸੁਭਾਅ ਚ ਚਿੜਚਿੜਾਪਣ**

ਜਬਾੜਿਆਂ, ਪਿੱਠ ਜਾਂ ਮਾਸਪੇਸ਼ੀਆਂ ਚ ਤਣਾਅ ਜਾਂ ਦਰਦ

ਨੀਂਦ ਸੰਬੰਧੀ ਸਮੱਸਿਆਵਾਂ ਭਾਵ ਨੀਂਦ ਨਾ ਆਉਣਾ, ਅਸਾਨੀ ਨਾਲ਼ ਨੀਂਦ ਨਾ ਆਉਣਾ ਜਾਂ ਨੀਂਦ ਚ ਬੇਚੈਨ ਰਹਿਣਾ

ਜੇਕਰ ਜੁਆਬ ਹਾਂ ਹੈ ਤਾਂ ਇਹ ਐਨਜ਼ਾਈਟੀ ਨਾਲ਼ ਸੰਬੰਧਿਤ ਵਿਕਾਰ ਹੋ ਸਕਦਾ ਹੈ।

ਐਨਜ਼ਾਈਟੀ ਦੀ ਅਵਸਥਾ ਤੱਕ ਪਹੁੰਚਣ ਲਈ ਇੱਕ ਤੋਂ ਵਧੇਰੇ ਕਾਰਣ ਵੀ ਜ਼ਿੰਮੇਵਾਰ ਹੋ ਸਕਦੇ ਹਨ। ਕਈ ਵਾਰ ਕੁਝ ਲੋਕਾਂ ਦੀ ਸਮੱਸਿਆ ਦਾ ਕਾਰਣ ਅਨੁਵੰਸ਼ਿਕ ਹੋ ਸਕਦਾ ਹੈ। ਮਾਤਾ ਪਿਤਾ ਜਾਂ ਕਿਸੇ ਨਜ਼ਦੀਕੀ ਰਿਸ਼ਤੇਦਾਰ 'ਚ ਇਹ ਸਮੱਸਿਆ ਹੋਣ ਦਾ ਮਤਲਬ ਇਹ ਵੀ ਨਹੀਂ ਹੈ ਕਿ ਕਿਸੇ 'ਚ ਐਨਜ਼ਾਈਟੀ ਸਹਿਜੇ ਹੀ ਪਨਪ ਪਵੇਗੀ, ਇਸਦੇ ਕਾਰਨਾਂ 'ਚ ਕਿਸੇ ਦੀ ਨਿੱਜੀ ਸਖਸ਼ੀਅਤ, ਗ਼ਲਤ ਜੀਵਨਸ਼ੈਲੀ ਜਾਂ ਮੌਜੂਦਾ ਹਾਲਾਤ ਵੀ ਹੋ ਸਕਦੇ ਹਨ। ਖੋਜਾਂ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਕਿਸੇ ਦਾ ਖਾਸ ਵਿਅਕਤੀਤਵ ਵੀ ਐਨਜ਼ਾਈਟੀ ਦਾ ਕਾਰਨ ਬਣ ਸਕਦਾ ਹੈ, ਉਦਾਹਰਣ ਦੇ ਤੌਰ 'ਤੇ ਜੋ ਲੋਕ ਆਪਣੇ ਜਾਂ ਕਿਸੇ ਹੋਰ ਦੇ ਕੰਮ ਨੂੰ ਹੱਦੋਂ ਵੱਧ ਪ੍ਰੈਕਿਟ ਚਾਹੁੰਦੇ ਹਨ, ਉਹ ਇਸ ਵਿਕਾਰ ਦਾ ਸ਼ਿਕਾਰ ਹੋ ਸਕਦੇ ਹਨ। ਉਹ ਬੱਚੇ ਜੋ ਸ਼ਰਮੀਲੇ ਹੋਣ, ਜਲਦੀ ਵਿਆਕੁਲ ਹੋ ਜਾਂਦੇ ਹੋਣ, ਡਰਪੋਕ ਹੋਣ, ਹਿਚਕਚਾਉਂਦੇ ਹੋਣ, ਜਾਂ ਸਵੈ-ਮਾਣ ਦੀ ਕਮੀ ਹੋਵੇ, ਉਨ੍ਹਾਂ 'ਚ ਕਿਸ਼ੋਰ-ਅਵਸਥਾ, ਜਵਾਨੀ ਜਾਂ ਬਾਲਗ ਅਵਸਥਾ 'ਚ ਐਨਜ਼ਾਈਟੀ ਦਾ ਵਿਕਾਸ ਹੋ ਸਕਦਾ ਹੈ। ਐਨਜ਼ਾਈਟੀ ਦੀ ਅਵਸਥਾ ਜ਼ਿੰਦਗੀ 'ਚ ਕਈ ਤਣਾਅਪੂਰਵਕ ਘਟਨਾਵਾਂ ਨੂੰ ਜਨਮ ਦੇ ਸਕਦੀ ਹੈ। ਕੰਮ ਦਾ ਬੋਝ ਜਾਂ ਤਣਾਅ ਜਾਂ ਕੰਮ ਬਦਲਣਾ, ਜੀਵਨ ਜਾਚ 'ਚ ਤਬਦੀਲੀ, ਗਰਭ ਅਵਸਥਾ ਜਾਂ ਬੱਚੇ ਨੂੰ ਜਨਮ ਦੇਣ ਦਾ ਸਮਾਂ, ਪਰਿਵਾਰ ਜਾਂ ਸੰਬੰਧਾਂ 'ਚ ਤਣਾਅ, ਜਜ਼ਬਾਤੀ ਜਾਂ ਦੁਖਦਾਈ ਸਦਮੇ, ਕੰਮਕਾਜ ਜਾਂ ਨੌਕਰੀ ਦੌਰਾਨ ਜਾਂ ਸਕੂਲ 'ਚ ਬੁਰਾ ਵਿਹਾਰ, ਸਰੀਰਕ ਜਾਂ ਭਾਵਨਾਤਮਕ ਸੋਸ਼ਣ ਜਾਂ ਦੁਰਵਿਹਾਰ, ਕਿਸੇ ਪਿਆਰੇ ਦੀ ਮੌਤ ਅਜਿਹੀਆਂ ਘਟਨਾਵਾਂ ਹਨ, ਜੋ ਕਿਸੇ ਨੂੰ ਅਸਾਨੀ ਨਾਲ਼ ਐਨਜ਼ਾਈਟੀ ਵੱਲ ਧੱਕ ਸਕਦੀਆਂ ਹਨ। ਲੰਬੀ ਬਿਮਾਰੀ ਵੀ ਐਨਜ਼ਾਈਟੀ ਦੀ ਅਵਸਥਾ ਪੈਦਾ ਕਰ ਸਕਦੀ ਹੈ ਤੇ ਇਸ ਨਾਲ਼ ਮੂਲ ਬਿਮਾਰੀ ਦੇ ਇਲਾਜ 'ਚ ਵਿਘਨ ਪੈਦਾ ਹੋ ਸਕਦੇ ਹਨ। ਕਿਸੇ ਦਾ ਐਨਜ਼ਾਈਟੀ ਦਾ ਕਾਰਨ ਐਲਕੋਹਲ ਦਾ ਦੁਰਉਪਯੋਗ ਜਾਂ ਡਰੱਗਜ਼ ਦਾ ਇਸਤੇਮਾਲ ਵੀ ਹੋ ਸਕਦਾ ਹੈ। ਕੁਝ ਮਾਮਲਿਆਂ 'ਚ ਐਨਜ਼ਾਈਟੀ ਲੋਕਾਂ ਨੂੰ ਐਲਕੋਹਲ ਜਾਂ ਡਰੱਗਜ਼ ਵਰਤਣ ਲਈ ਉਤਸ਼ਾਹਿਤ ਵੀ ਕਰ ਸਕਦੀ ਹੈ ਤੇ ਅਜਿਹੇ ਮਾਦਕ ਪਦਾਰਥ ਐਨਜ਼ਾਈਟੀ ਦੀ ਅਵਸਥਾ ਨੂੰ ਹੋਰ ਗਹਿਰਾਉਣ 'ਚ ਵੀ ਮਦਦ ਕਰ ਸਕਦੇ ਹਨ। ਕੁਝ ਲੋਕਾਂ ਦਾ ਐਨਜ਼ਾਈਟੀ 'ਚ ਜਾਣ ਦਾ ਆਪਣਾ ਹੋਰ ਕੋਈ ਨਿੱਜੀ ਕਾਰਨ ਹੋਣਾ, ਜਾਂ ਉਨ੍ਹਾਂ ਦੀ ਮਾਨਸਿਕ ਅਵਸਥਾ ਵੀ ਸੰਭਵ ਹੈ। ਐਨਜ਼ਾਈਟੀ ਤੇ ਡਿਪਰੈਸ਼ਨ ਦੋਹੇਂ ਇੱਕਠੇ ਵੀ ਆਪਣਾ ਪ੍ਰਭਾਵ ਕਿਸੇ ਤੇ ਦਿਖਾ ਸਕਦੇ ਹਨ। ਕੁਝ ਲੋਕਾਂ ਚ ਐਨਜ਼ਾਈਟੀ ਉਨ੍ਹਾਂ ਦੀ ਸੰਪੂਰਣ ਜੀਵਨ ਜਾਚ ਜਾਂ ਜੀਵਨ ਸ਼ੈਲੀ 'ਤੇ ਆਪਣਾ ਮਾੜਾ ਪ੍ਰਭਾਵ ਦਿਖਾ ਕੇ ਉਨ੍ਹਾਂ ਦੀ ਕਾਬਲੀਅਤ ਨੂੰ ਖੁੰਢਾ ਕਰ ਸਕਦੀ ਹੈ। ਕੁਝ ਲੋਕਾਂ 'ਚ ਇਹ ਵਿਕਾਰ ਗੰਭੀਰ ਮਾਨਸਿਕ ਰੋਗਾਂ 'ਚ ਤਬਦੀਲ ਹੋ ਸਕਦਾ ਹੈ। ਐਨਜ਼ਾਈਟੀ ਦੇ ਨਾਲ਼ ਜੇਕਰ ਡਰ-ਭੈਅ ਜਾਂ ਚਿੰਤਾ ਵੀ ਕਿਸੇ ਨੂੰ ਹੋਵੇ ਤਾਂ ਉਸ ਲਈ ਇਹ ਸਥਿਤੀ ਹੋਰ ਵੀ ਭਿਆਨਕ ਹੋ ਸਕਦੀ ਹੈ। ਜੇਕਰ ਹਾਲਤ ਜ਼ਿਆਦਾ ਖਰਾਬ ਹੋਵੇ ਤਾਂ ਕਈ ਵਾਰ ਘਬਰਾਹਟ ਦਾ ਦੌਰਾ ਮਿੰਟਾਂ 'ਚ ਹੀ ਆਪਣੀ ਚਰਮਸੀਮਾ 'ਤੇ ਪਹੁੰਚ ਜਾਂਦਾ ਹੈ ਜਿਸ ਦੌਰਾਨ ਦਿਲ ਦੀ ਤੇਜ਼ ਧੜਕਣ, ਬੇਚੈਨੀ, ਬੇਅਰਾਮੀ, ਦਿਲ ਘਟਣਾ, ਸਾਹ ਦਾ ਘੁੱਟਣਾ, ਪਸੀਨਾ, ਤੇਜ਼ ਸਾਹ, ਛੋਟੇ ਸਾਹ, ਕੰਬਣਾ, ਕਾਂਬਾ ਲੱਗਣਾ ਜਾਂ ਉਤੇਜਣਾ ਆਦਿ ਦਾ ਅਨੁਭਵ ਹੋ ਸਕਦਾ ਹੈ।

ਕੁਝ ਲੋਕ ਐਨਜ਼ਾਈਟੀ ਦੇ ਇਨ੍ਹਾਂ ਇੱਕ ਜਾਂ ਜ਼ਿਆਦਾ ਲੱਛਣਾਂ ਤੋਂ ਪ੍ਰਭਾਵਿਤ ਹੋ ਸਕਦੇ ਹਨ ਤੇ ਨਾਲ਼ ਨਾਲ਼ ਡਿਪਰੈਸ਼ਨ ਦਾ ਸ਼ਿਕਾਰ ਵੀ ਹੋ ਸਕਦੇ ਹਨ। ਇਹ ਮਹੱਤਵਪੂਰਨ ਹੈ ਕਿ ਜੇਕਰ ਕੋਈ ਆਪਣੇ ਆਪ ਨੂੰ ਇਨ੍ਹਾਂ ਲੱਛਣਾਂ ਤੋਂ ਪ੍ਰਭਾਵਿਤ ਮਹਿਸੂਸ ਕਰਦਾ ਹੈ ਤਾਂ ਆਪਣੇ ਡਾਕਟਰ ਨਾਲ਼ ਸਲਾਹ ਜ਼ਰੂਰ ਕਰੇ। ਜੇਕਰ ਇਨ੍ਹਾਂ ਲੱਛਣਾਂ ਨੂੰ ਅੱਖੋਂ-ਪਰੋਖੇ ਕਰ ਦਿੱਤਾ ਜਾਵੇ ਤਾਂ ਇਹ ਪ੍ਰਭਾਵ ਆਪਣੇ-ਆਪ ਸਰੀਰ ਤੋਂ ਦੂਰ ਨਹੀਂ ਹੋਣਗੇ ਤੇ ਕੀਮਤੀ ਜ਼ਿੰਦਗੀ ਨੂੰ ਆਪਣੇ ਮਾੜੇ ਪ੍ਰਭਾਵ ਥੱਲੇ ਯਕੀਨਨ ਲੈ ਲੈਣਗੇ।

ਇੱਕ ਅੰਦਾਜ਼ੇ ਮੁਤਾਬਿਕ ਆਸਟ੍ਰੇਲੀਆ 'ਚ ਕਰੀਬ 45 ਫੀਸਦੀ ਲੋਕ ਆਪਣੀ ਜ਼ਿੰਦਗੀ ਦੌਰਾਨ ਮਾਨਸਿਕ ਸਿਹਤ 'ਤੇ ਮਾੜੇ ਪ੍ਰਭਾਵਾਂ ਦਾ ਸਾਹਮਣਾ ਕਰਦੇ ਹਨ। ਸਾਲ 'ਚ ਕਰੀਬ ਇੱਕ ਮਿਲੀਅਨ ਬਾਲਗ ਡਿਪਰੈਸ਼ਨ ਤੇ ਦੋ ਮਿਲੀਅਨ ਤੋਂ ਵਧੇਰੇ ਲੋਕ ਐਨਜ਼ਾਈਟੀ ਦਾ ਸ਼ਿਕਾਰ ਹੁੰਦੇ ਹਨ। ਐਨਜ਼ਾਈਟੀ ਨਾਲ਼ ਸੰਬੰਧਿਤ ਵਿਕਾਰਾਂ 'ਚ ਮਦਦ ਕਰਨ ਲਈ ਬਹੁਤ ਸਾਰੇ ਪੇਸ਼ਾਵਰ ਤੇ ਸੇਵਾਵਾਂ ਮੌਜੂਦ ਹਨ, ਜਿਨ੍ਹਾਂ ਦੀ ਆਪਣੀ ਸਹੂਲੀਅਤ ਅਨੁਸਾਰ ਮਦਦ ਲਈ ਜਾ ਸਕਦੀ ਹੈ। ਅਸਰਦਾਰ ਇਲਾਜ ਐਨਜ਼ਾਈਟੀ ਤੇ ਕੰਟਰੋਲ ਕਰਨਾ ਸਿੱਖਣ 'ਚ ਮਦਦ ਵੀ ਕਰਦਾ ਹੈ ਤਾਂ ਕਿ ਐਨਜ਼ਾਈਟੀ ਮਰੀਜ਼ 'ਤੇ ਆਪਣਾ ਪ੍ਰਭਾਵ ਨਾ ਪਾ ਸਕੇ। ਇਲਾਜ 'ਚ ਰੋਜ਼ਾਨਾ ਜ਼ਿੰਦਗੀ ਜਿਉਣ ਦੀ ਸ਼ੈਲੀ 'ਚ ਬਦਲਾਅ ਕਰਨ ਦੀ ਸਿਫ਼ਾਰਸ਼ ਵੀ ਕੀਤੀ ਜਾ ਸਕਦੀ ਹੈ, ਜਿਸ 'ਚ ਸਰੀਰਕ ਕਸਰਤ ਤੇ ਤਣਾਅ ਘਟਾਉਣ ਦੀ ਸਲਾਹ ਵੀ ਸ਼ਾਮਲ ਹੈ। ਇਹ ਪੁਰਜ਼ੋਰ ਸਿਫਾਰਿਸ਼ ਕੀਤੀ ਜਾਂਦੀ ਹੈ ਕਿ ਇਸ ਜਾਣਕਾਰੀ ਨੂੰ ਕਿਸੇ ਸਮੱਸਿਆ ਹੋਣ ਦੇ ਨਿਰਣੇ ਤੱਕ ਪਹੁੰਚਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ। ਇਸ ਲਈ ਤਾਂ ਮਾਹਿਰ ਜਾਂ ਡਾਕਟਰ ਦੀ ਸਹਾਇਤਾ ਲੈਣ ਦੀ ਸਲਾਹ ਕੀਤੀ ਜਾਂਦੀ ਹੈ ਪਰ ਇੱਕ ਗਾਈਡ ਦੇ ਤੌਰ 'ਤੇ ਇਸ ਜਾਣਕਾਰੀ ਦੀ ਮੱਦਦ ਲਈ ਜਾ ਸਕਦੀ ਹੈ।

www.depressiontherapysa.com
+61 433 442 722

# Why success of a lesser known student outfit in Panjab University elections is hope for Left ?

**- Rakesh Kumar**

**"How will you celebrate your success?** By distributing rasgulla or boondi (a sweet reserved poorest of poor in Punjab)?"

In the middle of counting of votes for Panjab University Campus Students Council (PUCSC) elections, this pun-laced query was thrown by a girl student to volunteer of left-leaning students' outfit Students for Society (SFS), which, till August 7 late evening, was considered as a "bunch of two-three dozen students" often talking about "irrelevant" issues like Marxism, political economy, new education policy (NEP), nationality question , Kashmir problem and dalit atrocities and whose full-form was not known to many students within university campus, which is often referred to as an "apolitical campus."

But, much to the surprise of political observers, especially those belonging to the Left of the political spectrum, the "bunch of few dozen students" led by a Ph.D scholar son of agricultural labourer has emerged as single-largest party in elections of PUCSC, which, for the past 20 years, has been dominated by students unions directly affiliated with ruling Shiromani Akali Dal (SAD), Congress, Indian National Lok Dal (INLD), Bharatiya Janata Party (BJP).

This apart from powerful outfits -- Panjab University Students Union (PUSU) and Students Organization of Panjab University (SOPU) -- floated and dominated by sons of upper caste peasantry, rich businessmen and politicians of all hues from Punjab and Haryana.

Born just five years ago in the form of a discussion group and contesting its second election, SFS, which don't shy in displaying its political inclination but preferred to be termed as "non-political entity", fielded only presidential candidate and secured 2494 out of total 10,289 votes polled while leading the tally till the second last round of counting.

The tally is just eleven less than the votes polled for joint panel of SAD -affiliated Students Organization of India (SOI), Chautalas-led INLD



National Lok Dal-affiliated Indian National Students Organization (INSO) and BJP's student wing Akhi Bharatiya Vidyarthi Parishad (ABVP).

Presidential candidate of alliance cobbled up by National Students Union of India-Students Front (NSUI-SF), a breakaway faction of Congress-led NSUI, PUSU and SOPU secured 2843 votes, around 350 votes higher than SFS, which contested without going into any alliance.

This is for the first time in the history after post-Khalistan agitation days that any left-leaning student outfit has received so much support in council's elections.

But coming back to boondiquestion, the girl's query was actually not off-the-mark. And it is this sarcasm-laced casual remark that should bring cheer on the faces of Leftists of this region, where, despite carrying glorious legacy, the entire left movement is in tatters.

For the Left, whose leaders, albeit metaphorically, always prefer to be identified with boondi instead of rasgulla, this new narrative carries message that all is not lost, so far.

As student elections were banned in Punjab and Haryana after Operation Bluestar in 1984 and continue to remain banned in both states, the PU campus is the only platform in the region that offers theatrical display of clash of organizations aligned to various ideologies.

Hence, if student elections are any barometer to gauge popularity of any ideology among youth, PU council elections are the best scale to measure.

Since resumption of students body elections in PU campus in 1997-98, muscle power, huge inflow of money and allurements like liquor, parties and DJ nights have remained regular feature of such polls in PU. Of late, expensive tours to nearby hill stations are new additions to the list of such allurements.

However, the SFS has changed this narrative altogether.

"It is unimaginable that a son of dalit agricultural labourer would raise real issues of society and put up a strong fight in the elections", Prof Akshay Kumar, former President of Panjab University Teachers Association (PUTA) has been quoted as saying by The Tribune.

So far witnessing election campaigns featuring big SUVs, youth clad in white kurta-pyjama twirling their moustache and musical evenings, the campus, for the first time, has encountered the volunteers carrying portraits of Bhagat Singh organizing door-do-door campaigns in hostels during nights, staging satirical plays denouncing "anti-poor students" in the evenings and conducting class to class group debates on students and political issues during day time.

Lal-Salaam and Inqilab-Zindabad, often identified as sloganeering reserved for campuses like JNU or traditional-Left parties, are heard for the first time in PU campus along with beats of dafli.

"We toyed with the idea of contesting elections in 2014 and secured 1334 votes. Since then, apart from organizing agitations on issues like fee hike, ban on entry on four wheelers in campus and organizing protests against eve-teasing incidents, we openly spoke our mind on issues like Rohith Vemulla suicide, onslaught on JNU's freedom and gender-equality. We were oftenly labeled as anti-nationalists. But fact is that student identified with our politics and conduct", said Daman Preet Singh, President, SFS.

When it comes to financial burden of contesting elections in the region, where even small time politicians are known for spending tens of lakhs in village panchayat elections, SFS stands apart from others.

"Outfits funded by political parties have spent Rs 50-60 lakh for these elections. But we can boast that we had fought last elections by spending just Rs 735 and this by spending less than Rs 2200. So, it is quite understandable if somebody asks whether we are going to distribute boondi if we win", says Aman Deep, research scholar in department of English of the university.

These are similarities in ideological inclination, modes of propaganda and culture of dissent and discussion that makes Left activists feel that SFS is "fulfillment of old aspiration" or it is "more than history"

When elections were resumed in 1997-98, Lalan Baghel Singh, professor of Philosophy in PU campus, was leader of Left-affiliated All India Students Federation.

Commenting on SFS success, he says, "AISF backed candidate secured 1332 votes in 1997-98 and that was the best performance by any left student outfit till yesterday. Our success proved that space of democratic student activism existed in campus. But somehow couldn't carry on. Success of SFS is fulfillment of our aspiration of those days."

He adds, "What makes their success more commendable is the fact that they had achieved this in times when the country is facing onslaught of sectarian forces."

Noted Punjabi documentary filmmaker Daljit Ami, aluminous of PU says, "What SFS has achieved is remarkable and more than history. PU is always seen as depoliticized campus. But SFS has intervened into its political space not only by addressing student-centric issues but also addressing larger national questions."

Coming back to counting day, when SFS was still leading the charts, two students approached another SFS leader. "What were they asking?", his fellow student probed the leader. He smiled back and added, "They were asking for full-form of SFS."

Success of SFS proved that vaccum, that is waiting to be filled by democratic forces, exists both in campuses and society. Now, it is up to entire Left, especially its youth, that how it will exploit this space. Otherwise people will keep coming for years to enquire about full-forms of Left outfits.


## COUNCILLOR GURPREET DHILLON ENCOURAGES COUNCIL TO NAME CITY PARK, BUILD MEMORIAL, AFTER KOMAGATA MARU INCIDENT

BRAMPTON, ON – At last night's Planning & Infrastructure Services Committee meeting, Council endorsed a proposal made by Councillor Gurpreet Dhillon for the City of Brampton to commemorate the Komagata Maru incident.

"The Komagata Maru was a dark chapter in Canadian history," said Councillor Dhillon. "Prime Minister Justin Trudeau officially apologized for Canada's role in this tragedy, and I'm proud that the City of Brampton will be paying tribute to our past and unifying us a community." Councillor Dhillon will work with staff to finalize three potential parks or sites to name and build a memorial after the incident, which will be located in Wards 9 & 10. Staff will present a detailed plan in the New Year, which will include potential provincial and federal funding.

On the eve of the First World War, the SS Komagata Maru departed from Hong Kong transporting immigrants, largely from the Punjab region of India, to Canada. The ship was met by Canadian officials at the Port of Vancouver in May 1914, and refused entry due to Canada's then-racist immigration laws. The passengers were refused food and water until conditions became desperate, and not permitted to disembark from the ship. As the centenary of the Komagata Maru incident grew closer, Canadian Sikhs pushed for an official apology from the Canadian government. On May 18, 2016, Prime Minister Justin Trudeau formally apologized for the incident in the House of Commons in Ottawa.

# ਨਾਹਰ ਔਜਲਾ ਦੇ ਨਿਰਦੇਸ਼ਨ 'ਚ ਖੇਡੇ ਗਏ ਨਾਟਕਾਂ 'ਮਸਲਾ ਮੈਰਿਜ ਦਾ' ਅਤੇ 'ਸੁਪਰ ਵੀਜ਼ਾ' ਨੇ ਦਰਸ਼ਕ ਕੀਲੇ








**ਬਰੈਂਪਟਨ/ਡਾ. ਸੁਖਦੇਵ ਸਿੰਘ ਝੰਡ**

ਬੀਤੇ ਐਤਵਾਰ 25 ਸਤੰਬਰ ਨੂੰ 'ਜੇਮਜ਼ ਪੌਟਰ ਸੀਨੀਅਰਜ਼ ਕਲੱਬ' ਦੇ ਸਹਿਯੋਗ ਨਾਲ 'ਚੇਤਨਾ ਰੰਗਮੰਚ' ਵੱਲੋਂ ਨਾਹਰ ਸਿੰਘ ਔਜਲਾ ਦੀ ਨਿਰਦੇਸ਼ਨਾ ਹੇਠ ਦੋ ਨਾਟਕ 'ਮਸਲਾ ਮੈਰਿਜ ਦਾ' ਅਤੇ 'ਸੁਪਰ ਵੀਜ਼ਾ' ਸਫ਼ਲਤਾ-ਪੂਰਵਕ ਖੇਡੇ ਗਏ। ਇਨ੍ਹਾਂ ਦੋਹਾਂ ਨਾਟਕਾਂ ਦੀ ਵਿਸ਼ੇਸ਼ਤਾ ਇਹ ਸੀ ਕਿ ਇਨ੍ਹਾਂ ਵਿੱਚ ਦਰਸ਼ਕਾਂ ਦੇ ਮਨੋਰੰਜਨ ਦੇ ਨਾਲ-ਨਾਲ ਸਮਾਜ ਨੂੰ ਦਰਪੇਸ਼ ਕਈ ਅਜੋਕੀਆਂ ਸਮੱਸਿਆਵਾਂ ਨੂੰ ਬੜੇ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ। ਜਿੱਥੇ ਪਹਿਲੇ ਨਾਟਕ 'ਮਸਲਾ ਮੈਰਿਜ ਦਾ' ਵਿੱਚ ਇੱਥੋਂ ਦੇ ਪੰਜਾਬੀ ਲੜਕਿਆਂ ਵਿੱਚ ਵੀ ਵਿਆਹ ਨੂੰ ਅੱਗੇ ਟਾਲੀ ਜਾਣ ਅਤੇ 'ਕਾਮਨ ਪਾਰਨਰਜ਼' ਵਾਂਗ ਹੀ ਇਕੱਠੇ ਰਹੀ ਜਾਣ ਦੇ ਦਿਨੋਂ-ਦਿਨ ਵੱਧ ਰਹੇ ਰੁਝਾਨ ਨੂੰ ਬਾਖ਼ੂਬੀ ਦਰਸਾਇਆ ਗਿਆ, ਉੱਥੇ ਦੂਸਰੇ ਨਾਟਕ 'ਸੁਪਰ ਵੀਜ਼ਾ' ਵਿੱਚ ਸੁਪਰ ਵੀਜ਼ੇ ਤਹਿਤ ਮਾਪਿਆਂ ਨੂੰ ਇੱਥੇ ਮੰਗਵਾਉਣ ਤੋਂ ਬਾਅਦ ਉਨ੍ਹਾਂ ਨਾਲ ਚੰਗਾ ਵਰਤਾਓ ਨਾ ਕਰਨ ਅਤੇ ਉਨ੍ਹਾਂ ਨੂੰ ਬੱਚਿਆਂ ਦੀ ਦੇਖ-ਭਾਲ ਕਰਨ ਲਈ ਵਰਤੇ ਜਾਂਦੇ ਮਹਿਜ਼ ਇੱਕ ਸਾਧਨ ਵਜੋਂ ਵਰਤਣ ਤੱਕ ਹੀ ਸੀਮਤ ਰੱਖਣ ਬਾਰੇ ਬੜੇ ਭਾਵ-ਪੂਰਤ ਢੰਗ ਨਾਲ ਰੌਸ਼ਨੀ ਪਾਈ ਗਈ।

ਪਹਿਲੇ ਨਾਟਕ ਦੇ ਹੀਰੋ ਨੌਜੁਆਨ ਵੱਲੋਂ ਤੂੰਬੀ ਨਾਲ ਗਾਉਂਦੇ ਰਹਿਣ ਵਿੱਚ ਹੀ ਮਸਤ ਰਹਿਣ ਅਤੇ ਹੋਰ ਕਿਸੇ ਕੰਮ-ਕਾਜ ਵੱਲ ਧਿਆਨ ਨਾ ਦੇਣ, ਇੱਥੋਂ ਤੀਕ ਕਿ ਮਾਪਿਆਂ ਅਤੇ 'ਨੇਕ-ਸਲਾਹਕਾਰ' (ਕਮਲਜੀਤ ਰਾਏ) ਵੱਲੋਂ ਵਿਆਹ ਬਾਰੇ ਸਲਾਹ ਦੇਣ 'ਤੇ ਵੀ ਉਸ ਦੇ ਵੱਲੋਂ ਟਾਲਾ ਵੱਟਣ ਦੀ ਐਕਟਿੰਗ ਸੁਖਜੀਤ ਵੱਲੋਂ ਬਹੁਤ ਵਧੀਆ ਨਿਭਾਈ ਗਈ। ਉਸ ਦੀ 'ਨੇਕ-ਸਲਾਹ' ਕਿ "ਵਿਆਹ ਤਾਂ ਮੈਂ ਵੀ ਕਨੇਡਾ ਆਉਣ ਕਰਕੇ ਹੀ ਕਰਾਇਆ ਸੀ, ਉਂ ਤਾਂ ਮੈਂ ਵੀ ਬਹੁਤਾ ਇਹਦੇ ਹੱਕ ਵਿੱਚ ਨਹੀਂ" ਦਰਸ਼ਕਾਂ ਵਿੱਚ ਹਾਸੇ ਦਾ 'ਫਰਾਟਾ' ਜਿਹਾ ਛੱਡ ਗਈ। ਮਾਪਿਆਂ ਦਰਵੇਸ਼ ਸੇਠੀ ਤੇ ਕੁਲਦੀਪ ਗਰੇਵਾਲ ਦੇ ਸਹਿਯੋਗੀ ਰੋਲ ਵੀ ਬਾ-ਕਮਾਲ ਸਨ। ਦੂਸਰੇ ਨਾਟਕ 'ਸੁਪਰ ਵੀਜ਼ੇ' ਵਿੱਚ ਕੈਨੇਡਾ ਵਿੱਚ ਇੱਕ ਪੰਜਾਬੀ ਜੋੜੀ ਵੱਲੋਂ ਦੂਸਰੇ ਬੱਚੇ ਦੇ ਹੋਣ ਤੋਂ ਪਹਿਲਾਂ ਸੁਪਰ-ਵੀਜ਼ੇ 'ਤੇ ਮੰਗਵਾਏ ਮਾਪਿਆਂ ਨਾਲ ਉਨ੍ਹਾਂ ਦੀ ਨੂੰਹ ਵੱਲੋਂ ਠੀਕ ਵਿਵਹਾਰ ਨਹੀਂ ਕੀਤਾ ਜਾਂਦਾ। ਉਨ੍ਹਾਂ ਨੂੰ ਗੱਲ-ਗੱਲ 'ਤੇ ਟੋਕਿਆ ਜਾਂਦਾ ਹੈ ਅਤੇ ਆਪਣੇ ਨਾਲ ਬਾਹਰ ਵੀ ਨਹੀਂ ਲਿਜਾਇਆ ਜਾਂਦਾ। ਆਪਣੀ ਪੋਤੀ ਨੂੰ ਸਕੂਲ ਦੀ ਬੱਸ 'ਤੇ ਚੜ੍ਹਾਉਣ ਅਤੇ ਵਾਪਸ ਲਿਆਉਣ ਦੀ ਡਿਊਟੀ ਸੰਭਾਲਣ ਵਾਲੇ 'ਦਾਦੇ' ਨੂੰ ਇੱਕ ਦਿਨ ਵਾਪਸੀ 'ਤੇ ਬੇਟੀ ਨੂੰ ਸਕੂਲ ਬੱਸ ਤੋਂ ਲੈਣ ਹੋ ਜਾਣ ਦੇ ਕਾਰਨ ਨੂੰਹ ਵੱਲੋਂ 'ਡਾਂਟ' ਭਰੀ ਉੱਚੀ ਆਵਾਜ਼ ਵਿੱਚ ਬੋਲਣ ਤੋਂ ਉਹ ਏਨਾ ਨਰਾਜ਼ ਅਤੇ ਗੁੱਸੇ ਹੋ ਜਾਂਦਾ ਹੈ ਕਿ ਉਹ ਆਪਣੇ ਪੁੱਤਰ ਨੂੰ ਪੰਜਾਬ ਦੀ ਵਾਪਸੀ ਦੀ ਹਵਾਈ ਟਿਕਟ ਲਿਆਉਣ ਲਈ ਕਹਿੰਦਾ ਹੈ। ਇੱਥੇ ਘਰ ਦਾ ਤਣਾਅ-ਪੂਰਨ ਅਤੇ ਸੋਗਮਈ ਮਾਹੌਲ ਏਨਾ ਖ਼ੂਬਸੂਰਤੀ ਨਾਲ ਦਰਸਾਇਆ ਗਿਆ ਕਿ ਦਰਸ਼ਕ ਸਾਹ ਸੂਤ ਕੇ ਇਸ ਨੂੰ ਵੇਖਦੇ ਹਨ ਅਤੇ ਥਾਂ-ਥਾਂ ਭਰਪੂਰ ਤਾੜੀਆਂ ਨਾਲ ਇਸ ਦਾ ਸਵਾਗਤ ਕਰਦੇ ਹਨ।

ਇਹ ਨਹੀਂ ਕਿ ਇਨ੍ਹਾਂ ਨਾਟਕਾਂ ਵਿੱਚ ਕੇਵਲ ਭਾਵੁਕ ਅਤੇ ਸੀਰੀਅਸ ਸੀਨ ਹੀ ਹਨ, ਸਗੋਂ ਇਨ੍ਹਾਂ ਦੇ ਵਿੱਚ ਹਾਸੇ ਨਾਲ ਵੱਖੀਆਂ ਤੋੜਨ ਵਾਲੇ ਵੀ ਬੜੇ ਹੁਸੀਨ ਪਲ ਹਨ। 'ਸਲਾਹਕਾਰ' ਦਾ ਰੌਚਿਕ ਡਾਇਲਾਗ "ਲੋਕੀਂ ਇੱਥੇ ਦੋ-ਦੋ ਵਿਆਹ ਕਰਾਉਣ ਨੂੰ ਤਿਆਰ ਆ, ਤੇ ਇੱਕ ਤੂੰ ਆਂ ਕਿ ਇੱਕ ਦੇ ਲਈ ਵੀ ਨਹੀਂ ਮੰਨਦਾ ਪਿਆ", ਪਾਰਕ ਵਿੱਚ ਬੈਂਚ 'ਤੇ ਬੈਠੇ ਇੱਕ ਬਜ਼ੁਰਗ ਵੱਲੋਂ 'ਰੋਜ਼' ਨਾਮੀ ਲੜਕੀ ਨੂੰ ਤਰ੍ਹਾਂ-ਤਰ੍ਹਾਂ ਦੇ ਆਵਾਜ਼ੇ ਕੱਸਣੇ ਅਤੇ ਬਦਲੇ ਵਿੱਚ ਉਸ ਤੋਂ ਝਾੜਾਂ ਖਾਣੀਆਂ, ਉਸ (ਵਿਕਰਮਜੀਤ ਰੱਖੜਾ) ਵੱਲੋਂ ਦਰਵੇਸ਼ ਸੇਠੀ ਨੂੰ 'ਕੋਕਾ-ਕੋਲਾ' ਦੀ ਬੋਤਲ ਵਿੱਚ ਮਿਲਾਈ ਹੋਈ ਦੇਸੀ ਸ਼ਰਾਬ ਦੀ ਆਪਣੇ ਹੀ ਅੰਦਾਜ਼ ਵਿੱਚ ਸੁਲ੍ਹਾ ਮਾਰਨਾ "ਕੋਕੇ-ਕੋਲੇ ਦਾ ਤਾਂ ਨਾਂ ਈ ਆ, ਵਿੱਚ ਤਾਂ ਪਹਿਲੇ-ਤੋੜ ਦੀ ਆ", ਨੂੰਹ ਵੱਲੋਂ 'ਪੈਰ ਭਾਰੇ ਹੋਣ' ਦੀ ਸਮਝ ਨਾ ਹੋਣ 'ਤੇ ਆਪਣੇ ਪੈਰਾਂ ਵੱਲ ਵੇਖ ਕੇ ਕਹਿਣਾ, "ਮੇਰੇ ਪੈਰ ਤਾਂ ਚੰਗੇ-ਭਲੇ ਆ" ਅਤੇ ਉਸ ਦਾ ਇੱਕ ਹੋਰ ਡਾਇਲਾਗ "ਤੇਰੀ ਮੰਮੀ ਨੂੰ ਮੈਂ ਆਪਣੇ ਨਾਲ ਨਹੀਂ ਲਿਜਾ ਸਕਦੀ, ਉਹ ਰਸਤੇ ਵਿੱਚ ਏਨਾ 'ਟੂ-ਮੱਚ ਸਪੀਕਦੀ' ਆ ਕਿ ਮੈਥੋਂ 'ਰੈੱਡ-ਲੈਟ' ਵੀ ਟੱਪ ਹੋ ਜਾਂਦੀ ਹੈ", ਲੜਕੇ ਦਾ ਡਾਇਲਾਗ "ਚੱਲ, ਆਪਾਂ ਰਸਤੇ ਵਿੱਚ ਮਾਂ ਨੂੰ ਗੁਰਦੁਆਰੇ ਛੱਡ ਕੇ ਦੋਵੇਂ ਸ਼ਾਪਿੰਗ ਕਰ ਲਵਾਂਗੇ ਤੇ ਆਉਂਦੀ ਬਾਰੀ ਉਹਨੂੰ ਨਾਲ ਲੈ ਲਵਾਂਗੇ", ਦਰਵੇਸ਼ ਸੇਠੀ ਵੱਲੋਂ 'ਚਾਰ ਭਾਂਡੇ 'ਕੱਠੇ ਹੋਣ 'ਤੇ ਖੜਕਣ' ਦੇ ਜੁਆਬ ਵਿੱਚ ਪਤਨੀ ਨੂੰ ਕਹਿਣਾ, "ਉਹ ਤਾਂ ਠੀਕ ਆ, ਪਈ ਖੜਕਣਗੇ ਹੀ, ਪਰ ਚਿੱਬ ਫਿਰ ਬਹੁਤੇ ਤੇਰੇ ਈ ਪੈਣਗੇ", ਦਾਦੀ ਵੱਲੋਂ ਆਪਣੀ ਪੋਤੀ ਨੂੰ ਪੰਜਾਬੀ ਸਿਖਾਉਂਦਿਆਂ ਹੋਇਆਂ ਉਸ ਦੇ ਕੋਲੋਂ ਥੋੜ੍ਹੀ-ਬਹੁਤੀ ਅੰਗਰੇਜ਼ੀ ਬੋਲਣੀ ਸਿੱਖ ਜਾਣੀ ਅਤੇ ਉਸ ਦੇ ਇੱਕ ਅੰਗਰੇਜ਼ੀ-ਵਾਕ "ਆਈ ਲਵ ਯੂ" ਨੂੰ ਸੁਣਨ ਲਈ ਦਾਦੇ ਦਾ ਤਰਸਣਾ ਵਗ਼ੈਰਾ ਦਰਸ਼ਕਾਂ ਨੂੰ ਵੱਖੀਆਂ 'ਤੇ ਹੱਥ ਰੱਖ ਕੇ ਹੱਸਣ ਲਈ ਮਜਬੂਰ ਕਰ ਰਹੇ ਸਨ। ਨੂੰਹ 'ਹਰਮਨ' ਵਜੋਂ ਅਵਤਾਰ ਔਜਲਾ, ਸੱਸ 'ਭਜਨ ਕੌਰ' ਵਜੋਂ ਕੁਲਦੀਪ ਗਰੇਵਾਲ ਅਤੇ ਸਹੁਰੇ ਵਜੋਂ ਦਰਵੇਸ਼ ਸੇਠੀ ਨੇ ਇਸ ਨਾਟਕ ਵਿੱਚ ਕਲਾਕਾਰੀ ਦੀਆਂ ਸਿਖ਼ਰਾਂ ਛੂਹੀਆਂ। ਪਹਿਲੇ ਨਾਟਕ ਵਿੱਚ 'ਤੂੰਬੀ ਵਾਲੇ ਨੌਜੁਆਨ ਲੜਕੇ' ਅਤੇ ਦੂਸਰੇ ਵਿੱਚ 'ਮਜਬੂਰ ਲੜਕੇ' ਦੇ ਰੋਲ ਵਿੱਚ ਸੁਖਜੀਤ ਨੇ ਬਹੁਤ ਵਧੀਆ ਕੰਮ ਕੀਤਾ। 'ਰੋਜ਼' ਦੇ ਰੂਪ ਹਰਜਸਪ੍ਰੀਤ ਗਿੱਲ ਨੇ ਵੀ ਖ਼ੂਬ ਅਦਾਕਾਰੀ ਵਿਖਾਈ।

ਨਾਟਕਾਂ ਦੇ ਅਖ਼ੀਰ ਵਿੱਚ ਨਿਰਦੇਸ਼ਕ ਨਾਹਰ ਸਿੰਘ ਔਜਲਾ ਨੇ ਆਪਣੇ ਸਾਥੀ ਕਲਾਕਾਰਾਂ ਨਾਲ ਜਾਣ-ਪਛਾਣ ਕਰਵਾਉਂਦਿਆਂ ਦੱਸਿਆ ਕਿ ਉਨ੍ਹਾਂ ਨੇ ਇਹ ਇਹ ਦੋਵੇਂ ਨਾਟਕ ਪਹਿਲੀ ਵਾਰ 2014 ਵਿੱਚ ਖੇਡੇ ਸਨ ਅਤੇ ਹੁਣ ਤੱਕ ਇਨ੍ਹਾਂ ਦੇ 14 ਸ਼ੋਅ ਹੋ ਚੁੱਕੇ ਹਨ। ਦਰਸ਼ਕਾਂ ਵੱਲੋਂ ਇਨ੍ਹਾਂ ਅਤੇ ਹੋਰ ਉਨ੍ਹਾਂ ਦੇ ਹੋਰ ਨਾਟਕਾਂ ਨੂੰ ਭਰਪੂਰ-ਹੁੰਗਾਰਾ ਮਿਲਿਆ ਹੈ ਅਤੇ ਉਹ ਭਵਿੱਖ ਵਿੱਚ ਵੀ ਅਜਿਹੇ ਸਮਾਜਿਕ ਨਾਟਕ ਖੇਡਦੇ ਰਹਿਣਗੇ। 'ਜੇਮਜ਼ ਪੌਟਰ ਸੀਨੀਅਰਜ਼ ਕਲੱਬ' ਦੇ ਐਗਜ਼ੈਕਟਿਵ ਮੈਂਬਰਾਂ ਵੱਲੋਂ ਮਿਲ ਕੇ ਨਿਰਦੇਸ਼ਕ ਨਾਹਰ ਸਿੰਘ ਔਜਲਾ ਅਤੇ ਨਾਟਕ ਵਿੱਚ ਭਾਗ ਲੈਣ ਵਾਲੇ ਕਲਾਕਾਰਾਂ ਦਾ ਟਰਾਫ਼ੀਆਂ ਦੇ ਕੇ ਸਨਮਾਨ ਕੀਤਾ ਗਿਆ।

ਇਸ ਮੌਕੇ ਮੀਡੀਆ ਵੱਲੋਂ ਉਚੇਚੇ ਤੌਰ 'ਤੇ ਪਹੁੰਚੇ ਸਤਪਾਲ ਜੌਹਲ, ਡਾ. ਸੁਖਦੇਵ ਸਿੰਘ ਝੰਡ ਅਤੇ ਰੇਡੀਓ ਸੰਚਾਲਕ ਸੋਢੀ ਨਾਗਰਾ ਨੂੰ ਵੀ 'ਸਨਮਾਨ-ਚਿੰਨ੍ਹ' ਦੇ ਕੇ ਸਨਮਾਨਿਤ ਕੀਤਾ ਗਿਆ। 'ਸਰੋਕਾਰਾਂ ਦੀ ਆਵਾਜ਼' ਦੇ ਮੁੱਖ ਸੰਪਾਦਕ ਹਰਬੰਸ ਸਿੰਘ ਨੇ ਕੈਨੇਡਾ ਦੇ ਬਦਲ ਰਹੇ ਹਾਲਾਤ ਵਿੱਚ ਉਚੇਰੀ ਸਿੱਖਿਆ 'ਤੇ ਆਉਣ ਵਾਲੇ ਭਾਰੀ ਖਰਚੇ ਅਤੇ ਵੱਧ ਰਹੇ ਟੈਕਸਾਂ ਬਾਰੇ ਵੱਡਮੁੱਲੀ ਜਾਣਕਾਰੀ ਦਰਸ਼ਕਾਂ ਨਾਲ ਸਾਂਝੀ ਕੀਤੀ। ਮੰਚ-ਸੰਚਾਲਨ ਦੀ ਜ਼ਿੰਮੇਂਵਾਰੀ ਅਜਮੇਰ ਪ੍ਰਦੇਸੀ ਨੇ ਆਪਣੇ ਕਾਵਿ-ਟੋਟਕਿਆਂ ਨਾਲ ਬਾਖ਼ੂਬੀ ਨਿਭਾਈ। ਜੇਮਜ਼ ਪੌਟਰ ਪਬਲਿਕ ਸਕੂਲ ਦਾ ਵਿਸ਼ਾਲ ਜਿਮਨੇਜ਼ੀਅਮ ਹਾਲ ਜਿਸ ਵਿੱਚ ਇਹ ਨਾਟਕ ਕਰਵਾਏ ਗਏ, ਖਚਾ-ਖੱਚ ਭਰਿਆ ਹੋਇਆ ਸੀ। ਪ੍ਰਬੰਧਕਾਂ ਅਨੁਸਾਰ ਇਸ ਵਿੱਚ 400 ਕੁਰਸੀਆਂ ਦਾ ਪ੍ਰਬੰਧ ਕੀਤਾ ਗਿਆ ਸੀ, ਕਈ ਲੋਕ ਪਾਸਿਆਂ 'ਤੇ ਲਗਾਏ ਬੈਂਚਾਂ ਉੱਪਰ ਬੈਠੇ ਹੋਏ ਸਨ ਅਤੇ ਕਈਆਂ ਨੂੰ ਇਹ ਨਾਟਕ ਖੜ੍ਹੇ ਹੋ ਕੇ ਹੀ ਵੇਖਣਾ ਪਿਆ। ਪ੍ਰੋਗਰਾਮ ਦੇ ਅਖ਼ੀਰ ਵਿੱਚ ਕਲੱਬ ਦੇ ਪ੍ਰਧਾਨ ਪ੍ਰੀਤਮ ਸਿੰਘ ਸਰਾਂ ਨੇ ਆਏ ਮਹਿਮਾਨਾਂ ਅਤੇ ਮੀਡੀਏ ਦਾ ਨਾਟਕ ਵੇਖਣ ਆਉਣ ਲਈ ਧੰਨਵਾਦ ਕੀਤਾ। ਇਸ ਮੌਕੇ ਸਨੈਕਸ, ਕੋਲਡ-ਡਰਿੰਕਸ ਅਤੇ ਚਾਹ-ਪਾਣੀ ਦੀ ਸੇਵਾ ਰਣਦੀਪ ਸਿੰਘ ਸੰਧੂ ਹੁਰਾਂ ਵੱਲੋਂ ਕੀਤੀ ਗਈ।

ROYAL STAR
Realty Inc. Brokerage
"Royal People Deserve Royal Services"
Nahar Aujla
Broker
Dir: 416-728-5686
Avtar Aujla
Sales Representative
Dir: 905-459-5686
E-mail: naharaujla@yahoo.ca
511 Ray Lawson Blvd. Unit 8, Brampton, ON L6Y 0N2
Bus: 905-793-1111 • Fax: 905-793-1455



RushLube Inc.
Complete Truck Repairs & Truck Wash with Drive Thru Truck Services
Jaskaranjit Singh (Jas)
TEL: 905 - 453 - 6344
FAX: 905 - 456 - 2065
EMAIL: rushlube@hotmail.com
32 Rutherford Road South
Brampton, ON, L6W 3J1


STARLINE Painting Ltd.
STARLINE PAINTING LTD.
RESIDENTIAL • COMMERCIAL • INDUSTRIAL
• Hotel • Motel • Exterior & Interior
• Office Painting • Drywall Fixing
• Spray Painting
ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ
Call Sukhi for FREE Estimate
7 Days A Week
416.230.4000 • 647.409.1092
www.starlinepainting.com


## -ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦਾ 7ਵਾਂ ਨਾਟਕ ਸਮਾਗਮ-

# ਅਜਮੇਰ ਔਲਖ ਦੇ ਨਾਟਕ 'ਨਿਉਂ ਜੜ੍ਹ' ਦੇ ਸਫਲ ਮੰਚਨ ਨੇ ਕੈਲਗਰੀ ਦੇ ਲੋਕ ਮਨਾਂ ਤੇ ਅਮਿੱਟ ਛਾਪ ਛੱਡੀ

## ਬੱਚਿਆਂ ਦੀ ਕੋਰੀਓਗਰਾਫੀ ਨੇ ਦਰਸ਼ਕ ਕੀਲੇ, ਹਰਕੇਸ਼ ਚੌਧਰੀ ਨੇ ਕੀਤੀ ਆਨ-ਲਾਈਨ ਨਿਰਦੇਸ਼ਨਾ





ਕੈਲਗਰੀ : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਦੀ ਕਮਾਨ ਹੇਠ 4 ਸਤੰਬਰ ਨੂੰ ਕਰਵਾਇਆ ਗਿਆ ਸੱਤਵਾਂ ਸਾਲਾਨਾ ਤਰਕਸ਼ੀਲ ਤੇ ਸੱਭਿਆਚਾਰਕ ਨਾਟਕ ਸਮਾਜਿਕ, ਸਿਆਸੀ ਤੇ ਸੱਭਿਆਚਾਰਕ ਮਸਲਿਆਂ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਨਾਲ਼-ਨਾਲ਼ ਲੋਕਾਂ ਨੂੰ ਇੱਕ ਚੰਗਾ ਸੁਨੇਹਾ ਦੇਣ ਵਿੱਚ ਕਾਮਯਾਬ ਰਿਹਾ। ਕੈਲਗਰੀ ਯੂਨੀਵਰਸਿਟੀ ਦੇ ਥੀਏਟਰ ਵਿੱਚ ਕਰਵਾਏ ਇਸ ਸਮਾਗਮ ਵਿੱਚ ਪ੍ਰਸਿੱਧ ਨਾਟਕਕਾਰ ਅਜਮੇਰ ਔਲਖ ਦੇ ਲਿਖੇ ਨਾਟਕ 'ਨਿਉਂ ਜੜ੍ਹ' ਅਤੇ ਦੋ ਕੋਰੀਓਗਰਾਫੀਆਂ ਦੀ ਪੇਸ਼ਕਾਰੀ ਤੋਂ ਇਲਾਵਾ ਉਸਾਰੂ ਸੋਚ ਵਾਲ਼ੀਆਂ ਹੋਰ ਵੰਨਗੀਆਂ ਪੇਸ਼ ਕੀਤੀਆਂ ਗਈਆਂ।

**ਨਾਟਕ 'ਨਿਉਂ ਜੜ੍ਹ' ਦੀ ਆਨ-ਲਾਈਨ ਨਿਰਦੇਸ਼ਨਾ** : ਲੋਕ ਕਲਾ ਮੰਚ ਮੰਡੀ ਮੁੱਲਾਂਪੁਰ (ਲੁਧਿਆਣਾ) ਤੋਂ ਹਰਕੇਸ਼ ਚੌਧਰੀ ਹਰ ਸਾਲ ਨਾਟਕ ਦੀ ਨਿਰਦੇਸ਼ਨਾ ਲਈ ਵਿਸ਼ੇਸ਼ ਤੌਰ 'ਤੇ ਕੈਲਗਰੀ ਪੁੱਜਦੇ ਹਨ ਪਰ ਇਸ ਵਾਰ ਕੁਝ ਤਕਨੀਕੀ ਕਾਰਨਾਂ ਕਰਕੇ ਨਹੀਂ ਪੁੱਜ ਸਕੇ।ਇਸ ਵਾਰ ਉਹਨਾਂ ਨੇ ਮੁੱਲਾਂਪੁਰ ਤੋਂ ਹੀ ਨਾਟਕ ਦੀ ਆਨ-ਲਾਈਨ ਨਿਰਦੇਸ਼ਨਾ ਕੀਤੀ। ਇੰਟਰਨੈੱਟ ਦੇ ਯੁੱਗ ਵਿੱਚ ਇਹ ਤਜ਼ਰਬਾ ਬੇਹੱਦ ਸਫਲ ਰਿਹਾ। ਸਾਰੀ ਟੀਮ ਕਮਲਪ੍ਰੀਤ ਪੰਧੇਰ ਦੀ ਅਗਵਾਈ ਵਿੱਚ ਸੀਨ ਤਿਆਰ ਕਰਕੇ ਵਟੱਸਅੱਪ ਕਰਦੀ ਰਹੀ ਤੇ ਹਰਕੇਸ਼ ਚੌਧਰੀ ਨੇ ਮੁੱਲਾਂਪੁਰ ਤੋਂ ਪਾਤਰਾਂ, ਸੈੱਟ ਤੇ ਲਿਬਾਸ ਬਾਰੇ ਨਿਰਦੇਸ਼ਨ ਦਿੰਦੇ ਰਹੇ। ਕਮਲਪ੍ਰੀਤ ਨੇ ਦੱਸਿਆ ਕਿ ਭਾਵੇਂ ਇਹ ਨਾਟਕ ਪੰਜਾਬ ਵਿੱਚ ਲਿਖਿਆ ਗਿਆ ਸੀ ਪਰ ਕੈਨੇਡਾ ਵਿੱਚ ਹੋਏ ਸਰਵੇਖਣਾਂ ਤੋਂ ਸਪਸ਼ੱਟ ਹੋ ਗਿਆ ਹੈ ਕਿ ਦੱਖਣੀ ਏਸ਼ਿਆਈ ਭਾਈਚਾਰੇ ਵਿੱਚ ਮੁੰਡੇ ਦੀ ਲਾਲਸਾ ਖਾਤਰ ਕੰਨਿਆ ਭਰੂਣ ਹੱਤਿਆ ਦਾ ਰੁਝਾਨ ਜ਼ੋਰਾਂ ਤੇ ਹੈ। ਅਜੋਕੇ ਹਾਲਾਤਾਂ ਵਿੱਚ ਇਹ ਨਾਟਕ ਕੈਨੇਡਾ ਤੇ ਪੂਰੀ ਤਰਾਂ ਢੁੱਕਦਾ ਸੀ। ਨਿਉਂ ਜੜ੍ਹ' ਨਾਟਕ ਇੱਕ ਅਜਿਹੇ ਪੰਜਾਬੀ ਪਰਿਵਾਰ ਦੀ ਕਹਾਣੀ ਸੀ ਜਿੱਥੇ ਮੁੰਡਾ ਜੰਮਣ ਦੀ ਲਾਲਸਾ ਸਿਖ਼ਰ ਤੇ ਹੁੰਦੀ ਹੈ। ਇਸ ਲਾਲਸਾ ਖਾਤਰ ਪਰਿਵਾਰ ਨੂੰ ਬੜੇ ਔਖੇ ਹਾਲਾਤ ਦੇਖਣੇ ਪੈਂਦੇ ਹਨ। ਅੰਤ ਵਿੱਚ ਨਾਟਕ ਇਹ ਸੁਨੇਹਾ ਦੇਣ ਵਿੱਚ ਸਫ਼ਲ ਰਹਿੰਦਾ ਹੈ ਕਿ ਕੁੜੀਆਂ ਮੁੰਡਿਆਂ ਨਾਲ਼ੋਂ ਕਿਸੇ ਪੱਖੋਂ ਘੱਟ ਨਹੀਂ ਹਨ ਸਗੋਂ ਇਹ ਤਾਂ ਮੁੰਡਿਆਂ ਨਾਲੋਂ ਵੀ ਵੱਡੀਆਂ ਮੱਲਾਂ ਮਾਰ ਕੇ ਪਰਿਵਾਰ ਦੀ ਜੜ੍ਹ ਲਾਉਂਦੀਆਂ ਹਨ। ਨਾਟਕਕਾਰ ਅਜਮੇਰ ਔਲਖ ਦੀ ਨਾਟਕ ਲਿਖਣ ਦੀ ਵੱਖਰੀ ਸ਼ੈਲੀ ਹੈ। ਮਲਵਈ ਠੁੱਕ ਵਾਲ਼ੇ ਲਿਖੇ ਸੰਵਾਦ ਇਸ ਵਿਸ਼ੇ ਨੂੰ ਹੋਰ ਵੀ ਰੌਚਿਕ ਬਣਾ ਗਏ। ਗੁਰਪਿਆਰ ਗਿੱਲ ਦੀ ਨਿਗਰਾਨੀ ਤਿਆਰ ਕੀਤੇ ਸਟੇਜ ਸੈੱਟ ਤੋਂ ਇਲਾਵਾ ਰੁਪਿੰਦਰ ਪੰਧੇਰ ਦੀ ਲਾਈਟ ਨਿਰਦੇਸ਼ਨਾ ਨੇ ਨਾਟਕ ਦੀ ਸਫਲਤਾ ਵਿੱਚ ਵੱਡੀ ਭੂਮਿਕਾ ਨਿਭਾਈ। ਇਸ ਨਾਟਕ ਵਿੱਚ ਭਾਗ ਲੈਣ ਵਾਲ਼ੇ ਕਲਾਕਾਰ ਕਮਲਪ੍ਰੀਤ, ਨਵਕਿਰਨ ਢੁੱਡੀਕੇ, ਗੁਰਚਰਨ ਕੌਰ ਥਿੰਦ, ਜਸ ਲੰਮ੍ਹੇ, ਜਸ਼ਨਪ੍ਰੀਤ, ਗੁਰਿੰਦਰ ਬਰਾੜ, ਹਰਲੀਨ ਗਰੇਵਾਲ, ਅਮਰੀਤ ਗਿੱਲ, ਬਲਜਿੰਦਰ ਢਿੱਲੋਂ, ਕਰਮਵੀਰ ਸਿੰਘ, ਜਰਨੈਲ ਸਿੰਘ ਤੱਗੜ, ਕਮਲ ਸਿੱਧੂ, ਕਮਲਜੀਤ ਗਰੇਵਾਲ, ਮਨਵੀਰ ਸਿੰਘ, ਵੀਰਪਾਲ ਕੌਰ, ਸੁਖਜੀਵਨ ਕੌਰ, ਸੁਖਵੀਰ ਗਰੇਵਾਲ, ਚੰਨਪ੍ਰੀਤ ਮੁੰਜਾਲ ਤੇ ਪ੍ਰਭਲੀਨ ਗਰੇਵਾਲ ਸ਼ਾਮਲ ਸਨ।

**ਕੋਰੀਓਗਰਾਫੀਆਂ** : ਸਮਾਗਮ ਵਿੱਚ ਨਾਟਕ ਤੋਂ ਇਲਾਵਾ ਦੋ ਕੋਰੀਓਗਰਾਫੀਆਂ ਵੀ ਪੇਸ਼ ਕੀਤੀਆਂ ਗਈਆਂ। ਗਾਇਕ ਕਰਮਜੀਤ ਅਨਮੋਲ ਦੇ ਹਾਲ ਹੀ ਵਿੱਚ ਰਿਲੀਜ਼ ਹੋਏ ਗੀਤ 'ਮੇਰਾ ਪਿੰਡ ਵਿਕਾਊ ਹੈ' ਦੇ ਆਧਾਰਿਤ ਇੱਕ ਕੋਰਿਓਗਰਾਫੀ ਪੇਸ਼ ਕੀਤੀ ਗਈ ਜਿਸ ਵਿੱਚ ਕੈਨੇਡਾ ਦੇ ਜੰਮਪਲ਼ 25 ਦੇ ਕਰੀਬ ਬੱਚਿਆਂ ਨੇ ਭਾਗ ਲਿਆ। ਇਸ ਕੋਰੀਓਗਰਾਫੀ ਵਿੱਚ ਪੰਜਾਬ ਦੇ ਪਿੰਡਾਂ ਦੀ ਅਜੋਕੀ ਹਾਲਤ ਦਾ





Reliance /Legal Group LLP
FORMERLY KNOWN AS SINGH & PARTNERS LAW OFFICE
Commonwealth Centre
Unit 1101, 3961-52nd Ave.N.E.
Calgary, AB T3J 0J7
Barristers, Solicitors and Notary Public
Tel. : 403-285-7070
Our law group practices in
IMMIGRATION
Applications for Family Class and APPEALS,
Skilled Workers, Investors,
Refugee Claims
REAL ESTATE
Buying and Selling
Commercial and Residential
Land Development
Condominium Projects
WILLS & ESTATE
CRIMINAL LAW
SMALL BUSINESS
Buying and Selling
Franchises, Shareholder
Agreements and Incorporations
FORMATION OF
PUBLIC COMPANIES
PERSONAL INJURY (Car Accident Claims)
NO LEGAL FEES UNTIL RECOVERY
Our clients include small businesses, public companies, builders, land developers, charitable organizations and individuals.
We donate part of our fees to Alberta Children Hospital.
* Experienced lawyers, caring, confidential
* Reasonable fees
* Free Initial Consultation
* Weekend & Evening Appointments (available upon request)

FOR ALL YOUR REAL ESTATE NEEDS
Contact Long time trusted name in the community
Gurbachan Singh Brar
MULTIPLE LISTING SERVICE
REALTOR
* RESIDENTIAL * BUSINESS * LAND
* COMMERCIAL * INDUSTRIAL * INVESTMENT
403-470-2628
gsbrar@gsbrar.com
www.gsbrar.com
ਰੀਅਲ ਅਸਟੇਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਜ਼ਰੂਰਤਾਂ ਲਈ ਸੰਪਰਕ ਕਰੋ।
* Free no obligation evaluation
* Full time commitment
* Assistance to arrange best mortgage rates
urban
1A-4101 19 ST N.E, CALGARY, AB T2E 6X8
Ph: 403-590-2233 Fax: 403-776-1942





1996 ਤੋਂ ਨਿਰਵਿਘਨ ਮਾਂ ਬੋਲੀ ਪੰਜਾਬੀ, ਗੁਰਬਾਣੀ ਦੀ ਵਿਚਾਰਧਾਰਾ ਅਤੇ ਮਾਨਵੀ ਕਦਰਾਂ-ਕੀਮਤਾਂ ਦੀ ਤਰਜ਼ਮਾਨੀ ਕਰਦਾ ਮਾਸਿਕ ਮੈਗਜ਼ੀਨ...
ਸਿੱਖ ਵਿਰਸਾ
ਸਾਡਾ ਵਿਰਸਾ
24 ਘੰਟੇ ਆਨ ਲਾਇਨ
ਰੇਡੀਓ ਸਾਂਝ
www.radiosanjh.com
Ph: 403-250-8898 Fax: 403-250-8825
Website : www.sikhvirsa.com, Email : virsa@sikhvirsa.com



ਵਰਨਣ ਕੀਤਾ ਗਿਆ। ਇਸ ਗੀਤ ਰਾਹੀਂ ਕਰਜ਼ੇ ਹੇਠ ਡੁੱਬੀ ਛੋਟੀ ਕਿਰਸਾਨੀ ਦੀ ਹਾਲਤ, ਨਸ਼ਿਆਂ ਵਿੱਚ ਗਲਤਾਨ ਜਵਾਨੀ ਦੀ ਗੱਲ ਕੀਤੀ ਗਈ। ਦੂਜੀ ਕੋਰੀਓਗਰਾਫੀ 5 ਸਤੰਬਰ (ਲੇਬਰ ਡੇਅ) ਉਪਰ ਆਧਾਰਿਤ ਸੀ। ਅਲਬਰਟਾ ਸਰਕਾਰ ਵਲੋਂ ਘੱਟੋ-ਘੱਟ ਉਜਰਤ 15 ਡਾਲਰ ਪ੍ਰਤੀ ਘੰਟਾ ਕਰਨ ਪਿੱਛੋਂ ਪੈਦਾ ਹੋਏ ਵਿਰੋਧ ਦੇ ਸਦੰਰਭ ਵਿੱਚ ਲੋਕ ਹੱਕਾਂ ਦੀ ਗੱਲ ਕਰਦੀ ਇਹ ਕੋਰੀਓਗਰਾਫੀ ਕਾਫੀ ਪਸੰਦ ਕੀਤੀ ਗਈ। ਬੱਚਿਤਰ ਗਿੱਲ, ਸੁਰਿੰਦਰ ਗੀਤ, ਹਰਨੇਕ ਬੱਧਣੀ ਤੇ ਸੁਖਦੀਪ ਚਹਿਲ ਨੇ ਉਸਾਰੂ ਕਵਿਤਾਵਾਂ ਪੇਸ਼ ਕੀਤੀਆਂ। ਪ੍ਰਧਾਨ ਸੋਹਣ ਸਿੰਘ ਮਾਨ ਅਤੇ ਤਰਲੋਚਨ ਦੂਹੜਾ ਨੇ ਵਿਚਾਰ ਰੱਖੇ। ਸ਼ਹੀਦ ਭਗਤ ਸਿੰਘ ਲਾਇਬਰੇਰੀ ਦੀ ਕਮਾਨ ਹੇਠ ਸੁਰਿੰਦਰ ਗਿੱਲ ਦੀ ਨਿਗਰਾਨੀ ਹੇਠ ਕਿਤਾਬਾਂ ਦੀ ਇੱਕ ਨੁਮਾਇਸ਼ ਵੀ ਲਗਾਈ ਗਈ। ਹਰਦੀਪ ਦੇਵਗਣ ਦੁਆਰਾ ਤਿਆਰ ਕੀਤੇ ਸਲਾਈਡ ਸ਼ੋਅ ਰਾਹੀਂ ਜੱਥੇਬੰਦੀ ਦੀਆਂ ਪ੍ਰਾਪਤੀਆਂ ਅਤੇ ਨਾਟਕ ਦੀ ਤਿਆਰੀ ਨੂੰ ਪੇਸ਼ ਕੀਤਾ ਗਿਆ। ਮਾਸਟਰ ਭਜਨ ਨੇ ਵਲੰਟੀਅਰਾਂ ਹਰੀਪਾਲ, ਹਰਮੀਤ ਸ਼ੇਰਗਿੱਲ, ਕਮਲਜੀਤ, ਸੁੱਖ ਸੰਧੂ, ਹੈਪੀ ਤੂਰ, ਸੰਨੀ ਖੋਸਾ ਦਾ ਵਿਸ਼ੇਸ਼ ਧੰਨਵਾਦ ਕੀਤਾ। ਐਸੋਸੀਏਸ਼ਨ ਦੇ ਪ੍ਰਧਾਨ ਸੋਹਣ ਮਾਨ, ਵਿੱਤ ਸਕੱਤਰ ਜੀਤਇੰਦਰ ਪਾਲ, ਹਰਚਰਨ ਪਰਹਾਰ, ਗੋਪਾਲ ਜੱਸਲ, ਗੁਰਬਚਨ ਬਰਾੜ, ਹਰੀਪਾਲ, ਬੱਚਿਤਰ ਗਿੱਲ, ਕਮਲਪ੍ਰੀਤ, ਗੁਰਿੰਦਰ ਬਰਾੜ ਅਤੇ ਸੁਖਵੀਰ ਗਰੇਵਾਲ ਨੇ ਸਾਰੇ ਸਪਾਂਸਰਾਂ ਅਤੇ ਮੀਡੀਆ ਦਾ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ ਗਿਆ।

**ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ)**
**ਅਤੇ ਸੁਖਵੀਰ ਗਰੇਵਾਲ**

# ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਦੋ ਰੋਜ਼ਾ ਪੁਸਤਕ ਮੇਲੇ ਨੂੰ ਭਰਵਾਂ ਹੁੰਗਾਰਾ




ਕੈਲਗਰੀ : ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਦੀ ਕਮਾਨ ਹੇਠ ਦੋ ਰੋਜ਼ਾ ਪੰਜਾਬੀ ਪੁਸਤਕ ਮੇਲਾ ਕੈਲਗਰੀ ਦੇ ਗਰੀਨ ਪਲਾਜ਼ਾ ਵਿੱਚ ਲਗਾਇਆ ਗਿਆ। 24 ਅਤੇ 25 ਸਤੰਬਰ ਨੂੰ ਲਗਾਏ ਗਏ ਇਸ ਮੇਲੇ ਦੀ ਅਗਵਾਈ ਮਾਸਟਰ ਭਜਨ ਅਤੇ ਉਹਨਾਂ ਦੀ ਟੀਮ ਨੇ ਕੀਤੀ। ਵਰਾਂਡੇ ਵਿੱਚ ਲਾਗਾਏ ਇਸ ਮੇਲੇ ਦੇ ਦੋਵੇਂ ਦਿਨ ਸਾਹਿਤ ਦਾ ਲੰਗਰ ਖੁੱਲ੍ਹ ਕੇ ਵਰਤਿਆ।

ਕਾਮਗਾਟਾਮਾਰੂ ਜਹਾਜ਼ ਦੀ ਘਟਨਾ ਬਾਰੇ ਅੰਗਰੇਜ਼ੀ ਵਿੱਚ ਨਾਟਕ ਲਿਖਣ ਵਾਲ਼ੀ ਸ਼ੈਰਨ ਪਲਕ ਨੇ ਇਸ ਮੇਲੇ ਦਾ ਉਦਘਾਟਨ ਕੀਤਾ। ਉਹਨਾਂ ਇਸ ਮੌਕੇ ਕਿਹਾ ਕਿ ਕਿਤਾਬਾਂ ਦੇ ਜ਼ਰੀਏ ਚੰਗੀ ਸੋਚ ਪੈਦਾ ਕਰਨਾ ਬਹੁਤ ਵੱਡਾ ਉਦਮ ਹੈ। ਆਪਣੇ ਨਾਟਕ ਬਾਰੇ ਉਹਨਾਂ ਕਿਹਾ ਕਿ ਕੈਨੇਡੀਅਨ ਸਾਹਿਤ ਵਿੱਚ ਇਸ ਘਟਨਾ ਨੂੰ ਬਹੁਤਾ ਵੱਡਾ ਕਰਕੇ ਨਹੀਂ ਦੇਖਿਆ ਜਾਂਦਾ ਸਗੋਂ ਇਸ ਘਟਨਾ ਨੂੰ ਇੱਕ ਹਾਸੋਹੀਣੀ ਜਿਹੀ ਕਿਹਾ ਗਿਆ ਹੈ। ਇਸ ਘਟਨਾ ਬਾਰੇ ਕੈਨੇਡਾ ਦੀ ਸਰਕਾਰ ਵਲੋਂ ਮੰਗੀ ਮਾਫੀ ਨੂੰ ਨਾਕਾਫੀ ਦੱਸਦਿਆਂ ਉਹਨਾਂ ਕਾਮਗਾਟਾਮਾਰੂ ਦੀ ਘਟਨਾ ਨੂੰ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਯਾਦ ਰੱਖਣ ਲਈ ਵਿਦਿਆਰਥੀਆਂ ਲਈ ਵਜ਼ੀਫਾ ਸ਼ੁਰੂ ਕਰਨ ਦੀ ਮੰਗ ਕੀਤੀ। ਉਹਨਾਂ ਦੇ ਭਾਸ਼ਣ ਨੂੰ ਕਮਲਪ੍ਰੀਤ ਪੰਧੇਰ ਨੇ ਪੰਜਾਬੀ ਵਿੱਚ ਅਨੁਵਾਦ ਕੀਤਾ। ਇਸ ਮੇਲੇ ਦੇ ਸੰਚਾਲਕ ਮਾਸਟਰ ਭਜਨ ਨੇ ਕਿਹਾ ਕਿ ਕੈਨੇਡਾ ਵਰਗੇ ਅਗਾਂਹਵਧੂ ਮੁਲਕ ਵਿੱਚ ਵੀ ਲੋਕਾਂ ਨੂੰ ਚੇਤੰਨਤਾ ਦੀ ਲੋੜ ਹੈ ਤੇ ਕਿਤਾਬਾਂ ਤੋਂ ਵਧੀਆ ਇਹ ਕੋਈ ਹੋਰ ਨਹੀਂ ਕਰ ਸਕਦਾ। ਉਹਨਾਂ ਕੈਲਗਰੀ ਵਾਸੀਆਂ ਦਾ ਵੱਡੇ ਹੁੰਗਾਰੇ ਲਈ ਧੰਨਵਾਦ ਕੀਤਾ।

ਇਸ ਪੁਸਤਕ ਮੇਲੇ ਵਿੱਚ ਜ਼ਿਆਦਾਤਰ ਕਿਤਾਬਾਂ ਤਰਕਸ਼ੀਲ ਸਨ ਪਰ ਹਰ ਵਰਗ ਦੀਆਂ ਕਿਤਾਬਾਂ ਨੂੰ ਜਗ੍ਹਾ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਮਾਸਟਰ ਭਜਨ ਪਿਛਲੇ ਕਈ ਸਾਲਾਂ ਤੋਂ ਇਸ ਦੇ ਪੁਸਤਕ ਮੇਲੇ ਕੈਲਗਰੀ ਵਿੱਚ ਲਗਾ ਰਹੇ ਹਨ। ਉਹ ਪੱਲਿਓਂ ਖਰਚਾ ਕਰਕੇ ਪੰਜਾਬ ਤੋਂ ਕਿਤਾਬਾਂ ਮੰਗਵਾਉਂਦੇ ਹਨ ਤੇ ਫਿਰ ਬਿਨਾਂ ਕਿਸੇ ਮੁਨਾਫੇ ਦੇ ਕਿਤਾਬਾਂ ਪਾਠਕਾਂ ਤੱਕ ਪੁੱਜਦੀਆਂ ਕਰਦੇ ਹਨ। ਮਾਸਿਕ ਰਾਸਲੇ ਸਿੱਖ ਵਿਰਸਾ ਦੇ ਸੰਪਾਦਕ ਹਰਚਰਨ ਸਿੰਘ ਪਰਹਾਰ ਨੇ ਕਿਹਾ ਕਿ ਪਿਛਲੇ ਕਈ ਸਾਲਾਂ ਤੋਂ ਲਗਾਏ ਜਾ ਰਹੇ ਇਸ ਮੇਲੇ ਵਿੱਚ ਲੋਕਾਂ ਦੀ ਰੁਚੀ ਸਾਲ ਵੱਧ ਰਹੀ ਹੈ। ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ, ਕੈਲਗਰੀ ਦੇ ਪ੍ਰਧਾਨ ਸੋਹਣ ਮਾਨ, ਜੀਤਇੰਦਰ, ਗੁਰਚਰਨ ਕੌਰ ਥਿੰਦ, ਹਰੀਪਾਲ, ਤਰਲੋਚਨ ਸੈਹਿੰਬੀ, ਬਲਜਿੰਦਰ ਸੰਘਾ, ਸਤਵਿੰਦਰ ਸਿੰਘ (ਜੱਗ ਪੰਜਾਬੀ) ਅਤੇ ਪਰਸ਼ੋਤਮ ਸ਼ਰਮਾ ਨੇ ਵੀ ਹਾਜ਼ਰੀ ਭਰੀ।

**ਹਰਚਰਨ ਸਿੰਘ ਪਰਹਾਰ (ਸਿੱਖ ਵਿਰਸਾ)**
**ਅਤੇ ਸੁਖਵੀਰ ਗਰੇਵਾਲ**












# ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਹੈ

**ਕਮਲਪ੍ਰੀਤ ਪੰਧੇਰ ਲੋਕ ਕਲਾ ਮੰਚ ਮੰਡੀ ਮੁਲਾਂਪੁਰ (ਲੁਧਿਆਣਾ) ਦੀ ਰੰਗ ਕਰਮੀ ਹੁਣ ਕੈਲਗਰੀ ਕੈਨੇਡਾ ਵਿਚ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਨਾਲ ਜੁੜ ਕੇ ਅਗਾਂਹਵਧੂ ਨਾਟਕ ਕਰ ਰਹੀ ਹੈ। ਕਾਲਜ ਪੜ੍ਹਾਈ ਤੋਂ ਲੈ ਕੇ ਵਿਆਹੁਤਾ ਜ਼ਿੰਦਗੀ ਵਿਚ ਵੀ ਘਰ ਦੀਆਂ ਜ਼ਿੰਮੇਵਾਰੀਆਂ ਦੇ ਨਾਲ ਨਾਲ ਕਮਲਪ੍ਰੀਤ ਨੇ ਪ੍ਰੋਗਰੈਸਿਵ ਕਲਾ ਮੰਚ ਦੀ ਅਗਵਾਈ ਨੂੰ ਆਪਣਾ ਬਹੁਤਾ ਸਮਾਂ ਸਮਰਪਿਤ ਕੀਤਾ ਹੈ। ਪੇਸ਼ ਹੈ ਉਸ ਨਾਲ ਕੀਤੀ ਮੁਲਾਕਾਤ ਦੇ ਕੁਝ ਅੰਸ਼ :**

**ਹਰੀਪਾਲ ਕੈਲਗਰੀ, 403-714-4816**



**ਕਮਲਪ੍ਰੀਤ ਤੁਸੀਂ ਨਾਟਕ ਨਾਲ ਕਦੋਂ ਅਤੇ ਕਿਵੇਂ ਜੁੜੇ?**

ਨਾਟਕ ਨਾਲ ਜੁੜਨਾ ਤਾਂ ਦਸਵੀਂ ਕਲਾਸ ਤੋਂ ਬਾਅਦ ਹੋਇਆ, ਪਰ ਨਾਟਕ ਨਾਲ ਜੁੜੀ ਬਚਪਨ ਤੋਂ ਹੋਈ ਸੀ। ਮੇਰੇ ਪਿਤਾ ਮਾਸਟਰ ਭਜਨ ਪੰਜਾਬ ਦੀ ਇਨਕਲਾਬੀ ਲਹਿਰ ਨਾਲ ਜੁੜੇ ਹੋਏ ਸਨ। ਨਾਟਕ ਖੱਬੀ ਲਹਿਰ ਦਾ ਅਟੁੱਟ ਹਿੱਸਾ ਸੀ। ਜਦੋਂ ਤੋਂ ਹੋਸ਼ ਸੰਭਾਲੀ, ਉਦੋਂ ਤੋਂ ਹੀ ਧਰਨੇ, ਰੈਲੀਆਂ, ਨਾਟਕ, ਕਿਤਾਬਾਂ ਜ਼ਿੰਦਗੀ ਦਾ ਹਿੱਸਾ ਹੋ ਨਿਬੜੀਆਂ।

**ਤੁਸੀਂ ਕਿਹੜੀਆਂ-ਕਿਹੜੀਆਂ ਨਾਟਕ ਟੀਮਾਂ ਵਿਚ ਕੰਮ ਕੀਤਾ?**

– ਮੈਂ ਨਾਟਕ ਦੀ ਸ਼ੁਰੂਆਤ ਹੀਰਾ ਰੰਧਾਵਾ ਦੀ ਟੀਮ ਨਾਲ ਲੁਧਿਆਣਾ ਤੋਂ ਕੀਤੀ। ਪਰ ਮੈਂ ਸਥਾਈ ਤੌਰ 'ਤੇ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਨਾਲ 7 ਸਾਲ ਤੋਂ ਉਪਰ ਸਮਾਂ ਕੰਮ ਕੀਤਾ।

**ਕਾਲਜ ਦੀ ਪੜ੍ਹਾਈ ਸਮੇਂ ਨਾਟਕ ਕਰਨ 'ਚ ਬਹੁਤ ਮੁਸ਼ਕਿਲਾਂ ਆਈਆਂ ਹੋਣਗੀਆਂ। ਤੁਸੀਂ ਉਨ੍ਹਾਂ ਨੂੰ ਕਿਵੇਂ ਹੱਲ ਕਰਦੇ ਸੀ?**

– ਮੇਰੀ ਪੜ੍ਹਾਈ ਅਕਾਊਂਟਿੰਗ ਦੀ ਹੋਣ ਕਰਕੇ, ਥੋੜ੍ਹੀ ਮੁਸ਼ਕਿਲ ਅਤੇ ਜ਼ਿਆਦਾ ਸਮਾਂ ਮੰਗਦੀ ਸੀ। ਪਰ ਮੈਂ ਨਾਟਕ ਹੀ ਇਸ ਸ਼ਿੱਦਤ ਨਾਲ ਕਰਨਾ ਚਾਹੁੰਦੀ ਸੀ ਕਿ ਸਮਾਂ ਕੱਢ ਹੀ ਲੈਂਦੀ। ਮੈਨੂੰ ਰਿਹਰਸਲ ਲਈ ਲਗਭਗ ਹਰ ਦੂਸਰੇ ਦਿਨ ਮੁਲਾਂਪੁਰ ਜਾਣਾ ਪੈਂਦਾ ਸੀ। ਰਸਤੇ ਵਿਚ ਆਉਂਦੀ ਜਾਂਦੀ ਵੀ ਪੜ੍ਹਦੀ ਰਹਿੰਦੀ ਸੀ। ਪਿਤਾ ਜੀ ਦੀ ਸ਼ਰਤ ਸੀ ਕਿ ਨਾਟਕ ਤਾਂ ਹੀ ਕਰ ਸਕਦੀ ਹਾਂ ਜੇ ਚੰਗੇ ਨੰਬਰਾਂ 'ਚ ਪਾਸ ਹੋ ਸਕਦੀ ਹੋਵਾਂ।

**ਨਾਟਕ 'ਚ ਕੰਮ ਕਰਨ ਲਈ ਪਰਿਵਾਰਕ ਪਿਛੋਕੜ ਦਾ ਕਿੰਨਾ ਕੁ ਰੋਲ ਹੈ?**

– ਮੇਰੀ ਨਾਟਕ ਵਲ ਖਿਚ ਦਾ ਕਾਰਨ ਮੇਰਾ ਪਰਿਵਾਰਕ ਮਾਹੌਲ ਹੀ ਸੀ। ਮੈਂ ਇਕ ਅਗਾਂਹਵਧੂ ਪਰਿਵਾਰ ਵਿਚ ਪੈਦਾ ਹੋਈ। ਬਚਪਨ ਤੋਂ ਹੀ ਆਪਣੇ ਆਲੇ-ਦੁਆਲੇ ਨੂੰ ਹਮੇਸ਼ਾ ਸਮਾਜ ਦੇ ਦੱਬੇ-ਕੁਚਲੇ ਲੋਕਾਂ ਲਈ ਚਿੰਤਤ ਤੇ ਉਨ੍ਹਾਂ ਦੇ ਚੰਗੇ ਭਵਿੱਖ ਲਈ ਸੰਘਰਸ਼ ਕਰਦੇ ਦੇਖਿਆ। ਪਰਿਵਾਰ ਵਿਚੋਂ ਮਿਲੀ ਗੁੜਤੀ ਨੇ ਹੀ ਮੈਨੂੰ ਨਾਟਕ ਕਰਨ ਲਈ ਪ੍ਰੇਰਿਆ। ਪਹਿਲੇ ਦਿਨ ਤੋਂ ਹੀ ਜਿਵੇਂ ਨਾਟਕ ਨੇ ਮੇਰੇ ਦਿਲ ਨੂੰ ਟੁੰਬਿਆ, ਮੈਨੂੰ ਜ਼ਰੂਰ ਲੱਗਦਾ ਸੀ ਕਿ ਕਲਾ ਬਹੁਤ ਪ੍ਰਭਾਵਸ਼ਾਲੀ ਹੈ। ਇਸ ਮਾਧਿਅਮ ਰਾਹੀਂ ਸਮਾਜਿਕ ਤਬਦੀਲੀ ਲਈ ਵਧੀਆ ਯੋਗਦਾਨ ਪਾਇਆ ਜਾ ਸਕਦਾ ਹੈ।





**-ਵਿਆਹ ਤੋਂ ਬਾਅਦ ਕੈਨੇਡਾ ਆਉਣ ਤੇ ਤੁਸੀਂ ਨਾਟਕ ਨਾਲ ਕਿਵੇਂ ਜੁੜੇ? ਇਥੇ ਦੀ ਰੁਝੇਵੇਂ ਭਰੀ ਜ਼ਿੰਦਗੀ 'ਚ ਤੁਹਾਡਾ ਨਾਟਕ ਬਾਰੇ ਕੀ ਅਨੁਭਵ ਹੈ। ਤੁਹਾਡੇ ਜੀਵਨ ਸਾਥੀ ਅਤੇ ਪਰਿਵਾਰ ਵਲੋਂ ਤੁਹਾਨੂੰ ਕਿੰਨੇ ਕੁ ਸਹਿਯੋਗ ਹੈ?**

– ਕੈਨੇਡਾ ਆ ਕੇ ਲਗਭਗ 4 ਸਾਲ ਸਭ ਜਿਵੇਂ ਰੁਕ ਜਿਹਾ ਗਿਆ। ਵਿਆਹੁਤਾ ਜੀਵਨ, ਬੱਚੇ, ਨਵਾਂ ਦੇਸ਼, ਕੰਮਕਾਰ ਵਿਚ ਰੁਝ ਗਈ। ਇਥੇ ਆ ਕੇ ਹੋਰ ਪੜ੍ਹਨਾ ਪਿਆ, ਪਰ ਘਰ, ਕੰਮ ਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਬਿਨਾਂ ਵੀ ਸੀ, ਕੁਝ ਜੋ ਮੈਂ ਮਿਸ ਕਰ ਰਹੀ ਸੀ। ਪਾਸ਼ ਦੇ ਲਫ਼ਜ਼ਾਂ 'ਚ (ਘਰ ਤੋਂ ਕੰਮ ਤੇ ਕੰਮ ਤੋਂ ਘਰ ਜਾਣਾ, ਸਭ ਤੋਂ ਖ਼ਤਰਨਾਕ....) ਮਾਸਟਰ ਭਜਨ ਦੇ ਆਉਣ ਨਾਲ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਨੇ 2009 ਤੋਂ ਸਲਾਨਾ ਤਰਕਸ਼ੀਲ ਸਭਿਆਚਾਰਕ ਨਾਟਕ ਸਮਾਗਮ ਸ਼ੁਰੂ ਕੀਤਾ ਤਾਂ ਅੰਦਰ ਦਾ ਸੁਪਨਾ ਜਾਗ ਪਿਆ ਤੇ ਫੇਰ ਬੱਸ ਹੋ ਗਏ ਸ਼ੁਰੂ ਅਤੇ ਹੁਣ ਇਸ ਸਾਲ 4 ਸਤੰਬਰ 2016 ਨੂੰ 7ਵਾਂ ਸਫ਼ਲ ਨਾਟਕ ਸਮਾਗਮ ਕਰਕੇ ਹਟੇ ਹਾਂ। ਮੇਰੇ ਜੀਵਨ ਸਾਥੀ ਰੁਪਿੰਦਰਪਾਲ ਪੰਧੇਰ ਅਤੇ ਸਮੁੱਚੇ ਪਰਿਵਾਰ ਦਾ ਬਹੁਤ ਵੱਡਾ ਸਹਿਯੋਗ ਮਿਲ ਰਿਹਾ ਹੈ। ਮੇਰੇ ਬੱਚੇ ਵੀ ਨਾਟਕ ਟੀਮ 'ਚ ਸ਼ਾਮਲ ਹਨ।

**ਤੁਹਾਡੇ ਅਨੁਸਾਰ ਨਾਟਕ ਦਾ ਸਮਾਜਿਕ ਤਬਦੀਲੀ 'ਚ ਕਿੰਨਾ ਕੁ ਰੋਲ ਹੈ?**

– ਨਾਟਕ ਸੂਖਮ ਕਲਾ ਹੈ, ਤੁਹਾਡੇ ਧੁਰ ਅੰਦਰ ਤੱਕ ਦਸਤਕ ਦਿੰਦੀ ਹੈ। ਮੈਂ ਸਮਝਦੀ ਹਾਂ ਕਿ ਇਸ ਕਲਾ ਰਾਹੀਂ ਜਿਥੇ ਤੁਸੀਂ ਬਰਾਬਰ ਦਾ ਸਭਿਆਚਾਰ ਸਿਰਜਦੇ ਹੋ ਉਥੇ ਤੁਸੀਂ ਲੋਕਾਂ ਨੂੰ ਸਮਾਜਿਕ ਤਬਦੀਲੀ ਲਈ ਪ੍ਰੇਰਿਤ ਕਰਦੇ ਹੋ। ਇਹ ਅਸਰ ਤੁਸੀਂ ਥੀਏਟਰ ਵਿਚ ਤੁਰੰਤ ਦੇਖਦੇ ਹੋ, ਜਦੋਂ ਲੋਕ ਨਾਟਕ ਖਤਮ ਹੁੰਦਿਆਂ ਹੀ ਤੁਹਾਨੂੰ ਨਾ ਜਾਣਦੇ ਹੋਏ ਵੀ ਗਲਵਕੜੀ 'ਚ ਲੈ ਕੇ ਪਿਆਰ ਦਿੰਦੇ ਹਨ। ਤੁਸੀਂ ਉਨ੍ਹਾਂ ਦੇ ਹਾਵ ਭਾਵ, ਅੱਖਾਂ ਤੇ ਸ਼ਬਦਾਂ 'ਚੋਂ ਇਸ ਪ੍ਰਭਾਵ ਨੂੰ ਪ੍ਰਤੱਖ ਦੇਖਦੇ ਹੋ। ਮੈਂ ਸਮਝਦੀ ਹਾਂ ਕਿ ਨਾਟਕ ਸਮਾਜਿਕ ਤਬਦੀਲੀ ਲਈ ਇਕ ਸੂਖਮ ਤੇ ਕਾਰਗਰ ਹਥਿਆਰ ਹੈ। ਨਾਟਕ ਉਸ ਸਮਾਜ ਨੂੰ ਸਿਰਜਣ ਵਿਚ ਸਹਾਈ ਹੋਵੇਗਾ ਜਿਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋ ਜਾਵੇਗੀ।

**ਪੰਜਾਬ ਅਤੇ ਕੈਨੇਡਾ ਦੇ ਨਾਟਕ 'ਚ ਕੀ ਫਰਕ ਨੋਟ ਕਰਦੇ ਹੋ?**

– ਪੰਜਾਬ ਅਤੇ ਕੈਨੇਡਾ, ਦੋਨਾਂ ਦਾ ਨਾਟਕ ਹੀ ਦੱਬੇ ਕੁਚਲੇ ਤੇ ਲੁੱਟੇ ਜਾ ਰਹੇ ਲੋਕਾਂ ਦੀ ਗੱਲ ਕਰਦਾ ਹੈ, ਸਿਆਸੀ ਚੋਟਾਂ ਕਰਦਾ ਹੈ। ਹਾਲਤ ਭਾਵੇਂ ਦੋਨਾਂ ਦੇਸ਼ਾਂ ਦੇ ਵੱਖਰੇ ਹੋਣ, ਪਰ ਸਰਮਾਏਦਾਰੀ ਦੇ ਪ੍ਰਭਾਵ ਹਰ ਥਾਂ 'ਤੇ ਮਾਰੂ ਹਨ। ਭਾਵੇਂ ਕੈਨੇਡਾ ਵਿਚ ਨਾਟਕ ਕਰਨ ਲਈ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕੈਨੇਡਾ ਦੇ ਹਾਲਾਤਾਂ ਵਿਚ ਨਾਟਕ ਕਰਨਾ, ਪੰਜਾਬ ਨਾਲੋਂ ਔਖਾ ਹੈ ਪਰ ਸੁਹਿਰਦ ਤੇ ਪ੍ਰਤੀਬੱਧ ਲੋਕ ਆਪਣੇ ਰੁਝੇਵਿਆਂ ਭਰੇ ਜੀਵਨ ਵਿਚੋਂ ਸਮਾਂ ਕੱਢ ਹੀ ਲੈਂਦੇ ਹਨ।

**ਤੁਸੀਂ ਨਾਟਕਾਂ ਦੀ ਚੋਣ ਕਿਵੇਂ ਕਰਦੇ ਹੋ? ਕੀ ਉਹ ਕੈਨੇਡਾ ਦੀ ਜ਼ਿੰਦਗੀ ਨਾਲ ਵੀ ਮੇਲ ਖਾਂਦੇ ਹਨ?**

– ਅਸੀਂ ਨਾਟਕਾਂ ਦੀ ਧਰਾਤਲ ਅੰਤਰਾਸ਼ਟਰੀ ਅਤੇ ਲੋਕਲ ਮੁੱਦਿਆਂ 'ਤੇ ਚੁਣਦੇ ਹਾਂ। ਸਾਡੇ ਨਾਟਕ ਕੈਨੇਡਾ ਵਿਚ ਰਹਿੰਦੇ ਪੰਜਾਬੀ ਪਰਿਵਾਰਾਂ ਦੀ ਵੀ ਬਾਤ ਪਾਉਂਦੇ ਹਨ। ਅਸੀਂ 2014 ਵਿਚ ਨਾਟਕ ਪੇਸ਼ ਕੀਤਾ ਜਿਸ ਦਾ ਨਾਮ ਸੀ ਹੈਲੋ ਕੈਨੇਡਾ (Hello Canada) ਇਹ ਨਾਟਕ ਆਮ ਘਰਾਂ ਦੀ ਤਿੰਨ ਪੀੜ੍ਹੀਆਂ ਦੀ ਕਸਮਕਸ਼ ਦੀ ਕਹਾਣੀ ਸੀ। ਕੈਲਗਰੀ ਨਿਵਾਸੀਆਂ ਵਲੋਂ ਇਹ ਨਾਟਕ ਬੇਹੱਦ ਪਸੰਦ ਕੀਤਾ ਗਿਆ ਅਤੇ ਸਲਾਹਿਆ ਗਿਆ।

**ਪ੍ਰੋਗਰੈਸਿਵ ਕਲਾ ਮੰਚ ਦੀ ਟੀਮ 'ਚ ਕਿੰਨੇ ਕੁ ਕਲਕਾਰ ਹਨ? ਕੀ ਉਨ੍ਹਾਂ 'ਚ ਸਥਿਰਤਾ ਦੀ ਘਾਟ ਰੜਕਦੀ ਹੈ? ਪ੍ਰਤੀਬੱਧ ਅਤੇ ਸਮਾਜ ਨਾਲ**

"ਜੇਕਰ ਘਰ ਵੇਚਣਾ ਹੈ ਜਾਂ ਨਵੇਂ ਘਰ ਦੀ ਕਰ ਰਹੇ ਹੋ ਭਾਲ ਤਾਂ ਭਰੋਸੇਯੋਗ ਸੇਵਾਵਾਂ ਲਈ ਬਲਜਿੰਦਰ ਸੰਘਾ ਨੂੰ ਕਰੋ ਕਾਲ"

urban Real Estate Services Ltd.

BALJINDER SANGHA (B.Com)
MLS Real Estate Associate

Cell :403-680-3212 Fax :587-472-7530

"All our buyers Get 2 year Purchase Guarantee"
"Buy or Sell Home with 1 year Home Warranty"
(call for more detail)

Urban Real Estate Services Ltd.
Email : baljindersangha@urban-realty.ca www.urban-realty.ca
Call for all your house BUYING and SELLING needs
Office : 4101-19 St NE, Calgary,T2E6X8, AB,Canada,



Century 21 Green Realty Inc. Brokerage
Each Office Independently Owner and Operated

Sohan Mann
Sales Representative


Dir: 416-564-1699
Off: 905-565-9565

6980 Maritz Dr., Unit 8
Mississauga, ON L5W 1Z3
Fax: 905-565-9522
Email: sohanmann@hotmail.com
Buy Green, Build Green, Save Environment!!!

www.SohanMann.com



## ਛਪ ਕੇ ਆ ਰਹੀ ਕਿਤਾਬ




'ਸਰੋਕਾਰਾਂ ਦੀ ਆਵਾਜ਼' ਵਲੋਂ ਜਲਦੀ ਹੀ ਪਾਠਕਾਂ ਦੀ ਸੱਥ ਵਿਚ ਇਕ ਪ੍ਰਸਿੱਧ ਪੁਸਤਕ ਜੋ ਕਿ ਕੈਨੇਡੀਅਨ ਲੇਖਕ Hugh J.M. Johnston ਵਲੋਂ ਅੰਗਰੇਜ਼ੀ ਵਿਚ The Voyage of The Kamagata Maru ਦੀ ਇਤਿਹਾਸਕ ਯਾਤਰਾ ਜਿਸ ਦਾ ਪੰਜਾਬੀ ਰੂਪ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ, ਸੋ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਕਿਤਾਬ ਦੁਆਰਾ ਕਾਮਾਗਾਟਾ ਦੇ ਦੁਖਾਂਤ ਦੀ ਅਸਲੀਅਤ ਨੂੰ ਵੱਧ ਤੋਂ ਵੱਧ ਪੰਜਾਬੀ ਪਾਠਕਾਂ ਤੱਕ ਪਹੁੰਚਾਉਣ ਲਈ ਆਰਥਿਕ ਮਦਦ ਲਈ ਅੱਗੇ ਆਓ ਤਾਂ ਕਿ ਵੱਧ ਗਿਣਤੀ ਵਿਚ ਪ੍ਰਕਾਸ਼ਤ ਕੀਤੀ ਜਾ ਸਕੇ।

| ਹਰਬੰਸ ਸਿੰਘ | ਦੇਵਿੰਦਰ ਤੂਰ | ਮਾਸਟਰ ਭਜਨ |
|---|---|---|
| 416-817-7142 | 416-902-9372 | 403-455-4220 |

ISBN : 978-93-83904-48-8

ਕਾਮਾਗਾਟਾ ਮਾਰੂ ਦੀ ਇਤਿਹਾਸਕ ਯਾਤਰਾ ਪੁਸਤਕ ਦੀ ਪ੍ਰਕਾਸ਼ਨਾ ਵਾਸਤੇ ਜਿਨ੍ਹਾਂ ਆਰਥਿਕ ਮਦਦ ਕੀਤੀ ਉਨ੍ਹਾਂ ਦਾ 'ਸਰੋਕਾਰਾਂ ਦੀ ਆਵਾਜ਼' ਅਦਾਰੇ ਵਲੋਂ ਦਿਲੋਂ ਧੰਨਵਾਦੀ ਹੈ : ਸੰਪਾਦਕ

**ਇਸ ਸਬੰਧ ਵਿਚ ਕੈਨੇਡੀਅਨ ਸਰਕਾਰ ਮੁਆਫ਼ੀ ਵੀ ਮੰਗ ਚੁੱਕੀ ਹੈ**

**ਸਰੋਕਾਰ ਰੱਖਣ ਵਾਲੇ ਪਾਤਰ ਕਿੰਨੇ ਕੁ ਹਨ ?**

– ਸਾਡੀ ਟੀਮ 'ਚ ਅੱਜ ਲਗਭਗ 18 ਵੱਡੇ ਕਲਾਕਾਰ ਹਨ ਤੇ 20 ਦੇ ਕਰੀਬ ਬਾਲ ਕਲਾਕਾਰ ਹਨ। ਸ਼ੁਰੂਆਤ ਦੇ ਦਿਨਾਂ ਵਿਚ ਕਲਾਕਾਰ ਬਹੁਤੇ ਸਥਾਈ ਨਹੀਂ ਸਨ, ਪਰ ਅੱਜ ਸਾਡੀ ਟੀਮ ਵਿਚ ਪ੍ਰਤੀਬੱਧ ਕਲਾਕਾਰ ਹਨ, ਜੋ ਮਿਸ਼ਨਰੀ ਹਨ, ਜੋ ਕਲਾਕਾਰ ਬਣਨ ਲਈ ਜਾਂ ਵਾਲੀਵੁੱਡ ਮੂਵੀਜ਼ ਵਿਚ ਜਾਣ ਲਈ ਨਹੀਂ ਬਲਕਿ ਇਸ ਨਾ-ਬਰਾਬਰੀ ਵਾਲੇ ਸਮਾਜ ਨੂੰ ਬਦਲਣ ਲਈ ਆਪਣੀ ਕਲਾ ਨੂੰ ਹਥਿਆਰ ਵਜੋਂ ਵਰਤ ਰਹੇ ਹਨ। ਉਹ ਸਮਝਦੇ ਹਨ ਕਿ ਇਸ ਪੂੰਜੀਵਾਦੀ ਪ੍ਰਬੰਧ ਵਿਚ ਗੰਭੀਰ ਸਮੱਸਿਆਵਾਂ ਹਨ। ਇਸ ਨੂੰ ਬਦਲਣ 'ਚ ਆਪਣੇ ਢੰਗ ਨਾਲ ਵਿਰੋਧ ਜਤਾ ਰਹੇ ਹਨ।

**ਤੁਸੀਂ ਨਾਟਕਾਂ ਵਿਚ ਲੰਮਾ ਸਮਾਂ ਪਾਤਰ ਦਾ ਰੋਲ ਨਿਭਾਇਆ। ਇਸ ਵਾਰੀ ਤੁਹਾਨੂੰ ਨਾਟਕ ਡਾਇਰੈਕਟ ਕਰਨਾ ਪਿਆ। ਕਿਹੋ ਜਿਹਾ ਤਜਰਬਾ ਰਿਹਾ ?**

– ਨਾਟਕਾਂ 'ਚ 14 ਕੁ ਸਾਲ ਪਾਤਰ ਦਾ ਰੋਲ ਹੀ ਕੀਤਾ ਹੈ। ਇਸ ਸਾਲ ਕੁਝ ਮੁਸ਼ਕਿਲਾਂ ਕਾਰਨ ਨਿਰਦੇਸ਼ਕ ਅਤੇ ਲੇਖਕ ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੰਡੀ ਮੁਲਾਂਪੁਰ ਨਹੀਂ ਆ ਸਕੇ ਜਿਸ ਕਾਰਨ ਮੈਨੂੰ ਇਹ ਜ਼ਿੰਮੇਵਾਰੀ ਨਿਭਾਉਣੀ ਪਈ। ਨਾਟਕ ਨੂੰ ਡਾਇਰੈਕਟ ਕਰਨ ਬਹੁਤਾ ਯੋਗਦਾਨ ਹਰਕੇਸ਼ ਚੌਧਰੀ ਦਾ ਹੀ ਹੈ। ਫੋਨ ਅਤੇ live video's ਰਾਹੀਂ ਉਨ੍ਹਾਂ ਅਗਵਾਈ ਦਿੱਤੀ। ਜਿੰਨਾ ਵੀ ਕੰਮ ਮੈਂ ਕੀਤਾ, ਡਾਇਰੈਕਟਰ ਦੇ ਤੌਰ 'ਤੇ ਬਿਨਾਂ ਸ਼ੱਕ ਮੁਸ਼ਕਿਲ ਸੀ ਪਰ ਇਸ ਮੌਕੇ ਨੇ ਬਹੁਤ ਕੁਝ ਨਵਾਂ ਸਿਖਾਇਆ। ਸਾਰੀ ਟੀਮ ਦੇ ਕਲਾਕਾਰਾਂ ਨੇ ਜਿੰਨੀ ਜ਼ਿੰਮੇਵਾਰੀ ਨਿਭਾਈ ਉਹ ਕਮਾਲ ਦੀ ਸੀ। ਸਭ ਦੇ ਸਹਿਯੋਗ ਨੇ ਹੀ ਨਾਟਕ ਨੂੰ ਸਿਖਰਾਂ 'ਤੇ ਪੁਚਾਇਆ।

**ਅੱਜ ਕੱਲ੍ਹ ਜਿਵੇਂ ਬਹੁਤੇ ਪਾਤਰਾਂ ਦਾ ਰੁਝਾਨ ਟੀ.ਵੀ. ਤੇ ਨਾਟਕ ਕਰਨ ਜਾਂ ਫ਼ਿਲਮਾਂ 'ਚ ਜਾਣ ਦਾ ਰੁਝਾਨ ਭਾਰੂ ਹੈ ਤੁਸੀਂ ਇਸ ਬਾਰੇ ਕਿਵੇਂ ਸੋਚਦੇ ਹੋ ? ਕੀ ਤੁਹਾਨੂੰ ਵੀ ਕਦੇ ਅਜਿਹੇ ਸੱਦੇ ਆਏ ਨੇ ?**

ਮੈਂ ਜਦੋਂ ਕਾਲਜ ਦੇ ਦਿਨਾਂ 'ਚ ਨਾਟਕ ਕਰਦੀ ਸੀ ਬਹੁਤ ਵਾਰ ਟੈਲੀਵਿਜ਼ਨ ਤੇ ਨਾਟਕ ਅਤੇ ਫ਼ਿਲਮਾਂ ਵਿਚ ਕੰਮ ਕਰਨ ਦੇ ਸੁਨੇਹੇ ਆਉਂਦੇ ਰਹੇ। ਪਰ ਮੈਂ ਕਦੇ ਵੀ ਥੀਏਟਰ ਨੂੰ ਪ੍ਰੋਫੈਸ਼ਨ ਵਜੋਂ ਨਹੀਂ ਸੋਚਿਆ। ਮੇਰਾ ਨਾਟਕ ਕਰਨ ਦਾ ਮਕਸਦ ਇਕ ਕਲਾਕਾਰ ਬਣਨਾ ਕਦੇ ਵੀ ਨਹੀਂ ਸੀ। ਮੈਂ ਕਿੱਤੇ ਦੇ ਤੌਰ 'ਤੇ ਅਕਾਊਂਟੈਂਟ ਹਾਂ। ਪ੍ਰੰਤੂ ਨਾਟਕ ਰਾਹੀਂ ਮੈਂ ਦੁਨੀਆ ਨੂੰ ਮੈਸੇਜ ਦੇਣਾ ਚਾਹੁੰਦੀ ਹਾਂ।

**ਖਾਸ ਕਰਕੇ ਪੰਜਾਬੀ ਬੋਲੀ, ਪੰਜਾਬੀ ਕਲਚਰ ਦੇ ਨਾਂ 'ਤੇ ਲੱਚਰਤਾ ਦਾ ਬਲਬਾਲਾ ਹੈ। ਕੈਨੇਡਾ ਦੇ ਵਿਚ ਵੀ ਇਸ ਦਾ ਮਾਰੂ ਅਸਰ ਵਧੇਰੇ ਦੇਖਣ ਨੂੰ ਮਿਲਦਾ ਹੈ। ਤੁਹਾਡੇ ਨਾਟਕਾਂ ਦਾ ਲੱਚਰਤਾ ਨੂੰ ਠੱਲ੍ਹ ਪਾਉਣ 'ਚ ਕਿੰਨਾ ਕੁ ਯੋਗਦਾਨ ਹੈ ? ਤੁਸੀਂ ਇਸ ਪ੍ਰਤੀ ਕਿੰਨੇ ਕੁ ਆਸ਼ਮੰਦ ਹੈ ?**

ਪੰਜਾਬੀ ਕਲਚਰ ਦੇ ਨਾਂ 'ਤੇ ਪੂਰੇ ਕੈਨੇਡਾ ਵਿਚ ਲੱਚਰ ਮੇਲਿਆਂ ਦੀ ਭਰਮਾਰ ਹੈ। ਹਰ ਸਾਲ ਅਨੇਕਾਂ ਕਲਾਕਾਰ ਪੰਜਾਬ ਤੋਂ ਆ ਕੇ ਇਨ੍ਹਾਂ ਮੇਲਿਆਂ ਵਿਚ 'ਪੰਜਾਬੀ ਬੋਲੀ' ਦੀ ਸੇਵਾ ਕਰ ਰਹੇ ਹਨ, ਉਹ ਸੇਵਾ ਜਿਸ ਵਿਚ ਉਹ ਕੁੜੀਆਂ ਨੂੰ ਟੋਟੇ, ਪੁਰਜੇ ਆਦਿ ਕਹਿ ਕੇ ਸੰਬੋਧਨ ਕਰਦੇ ਹਨ ਤੇ ਬੜੀ ਬੇਸ਼ਰਮੀ ਨਾਲ ਪੰਜਾਬੀ ਬੋਲੀ ਦੀ ਸੇਵਾ ਕਰ ਰਹੇ ਹਨ। ਅਸੀਂ ਮਾਣ ਮਹਿਸੂਸ ਕਰਦੇ ਹਾਂ ਅਸੀਂ ਇਸ ਤਰ੍ਹਾਂ ਦੀ ਸੇਵਾ ਤੋਂ ਬਹੁਤ ਪਰ੍ਹੇ ਹਾਂ। ਅਸੀਂ ਜਦੋਂ ਕੈਲਗਰੀ ਵਿਚ ਨਾਟਕ ਕਰਨਾ ਸ਼ੁਰੂ ਕੀਤਾ ਤਾਂ ਹਾਲ 250 ਕੁ ਸੌ ਸੀਟਾਂ ਦਾ ਸੀ ਅੱਜ ਅਸੀਂ ਨਾਟਕ ਕਰਦੇ ਹਾਂ ਤਾਂ 500 ਤੋਂ ਉਪਰ ਸੀਟਾਂ ਦਾ ਹਾਲ ਇਕ ਆਵਾਜ਼ 'ਤੇ ਭਰ ਜਾਂਦਾ ਹੈ। ਇਹ ਸਾਡੇ ਨਾਟਕ ਦੀ ਪ੍ਰਾਪਤੀ ਹੈ। ਸਭਿਆਚਾਰ ਦੇ ਨਾਂ 'ਤੇ ਜੋ ਗੰਦ ਲੋਕਾਂ ਨੂੰ ਪਰੋਸਿਆ ਜਾ ਰਿਹਾ ਹੈ ਉਹ ਉਸ ਤੋਂ ਅੱਕੇ ਹੋਏ ਹਨ। ਪ੍ਰੋਗਰੈਸਿਵ ਕਲਾ ਮੰਚ ਨੂੰ ਕੈਲਗਰੀ ਦੇ ਬਹੁਤ ਸਾਰੇ ਮਿਆਰੀ ਪ੍ਰੋਗਰਾਮਾਂ 'ਚ ਸੱਦਾ ਆਉਂਦਾ ਹੈ। ਲੋਕ ਹਰ ਹਾਲਤ 'ਚ ਮਿਆਰੀ ਚੀਜ਼ ਦੀ ਸ਼ਲਾਘਾ ਕਰਦੇ ਹਨ ਤੇ ਪ੍ਰਮਾਣ ਤੁਹਾਡੇ ਸਾਹਮਣੇ ਹੈ। ਇਸ ਵਾਰ ਸਾਡੇ ਨਾਟਕ ਸ਼ੋਅ ਦਾ 5 ਦਿਨ ਪਹਿਲਾਂ ਹੀ Sold out ਹੋਣਾ ਹੋਣਾ ਉਦਾਹਰਣ ਹੈ।

**ਕੈਨੇਡਾ ਵਿਚ ਰਹਿੰਦਿਆਂ ਸਾਨੂੰ ਇਥੇ ਦੀ ਲੇਬਰ ਮੂਵਮੈਂਟ ਜਾਂ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਵਿਰੁੱਧ ਕਿਸ ਤਰ੍ਹਾਂ ਵਿਰੋਧ ਕਰਨਾ ਚਾਹੀਦਾ ਹੈ ?**

ਵਿਰੋਧ ਕਰਨ ਦੇ ਕਈ ਢੰਗ ਤਰੀਕੇ ਹੋ ਸਕਦੇ ਹਨ। ਨਾਟਕ ਰਾਹੀਂ, ਧਰਨੇ ਮੀਟਿੰਗਾਂ ਮੀਡੀਆ ਰਾਹੀਂ ਅਤੇ ਉਨ੍ਹਾਂ ਦੇ ਸੰਘਰਸ਼ਾਂ ਵਿਚ ਸ਼ਾਮਲ ਹੋ ਕੇ ਅਸੀਂ ਆਪਣੀ ਐਸੋਸੀਏਸ਼ਨ ਅਤੇ ਮੰਚ ਵਲੋਂ ਇਹ ਅਮਲੀ ਰੂਪ 'ਚ ਕਰ ਰਹੇ ਹਾਂ।

**ਕੀ ਤੁਸੀਂ ਨਾਟਕ ਕਰਨ ਦੇ ਨਾਲ-ਨਾਲ ਇਥੋਂ ਦੀਆਂ ਮੇਨ ਸਟਰੀਮ (ਅਗਾਂਹਵਧੂ) ਸੰਸਥਾਵਾਂ ਨਾਲ ਜੁੜਨ ਬਾਰੇ ਤੁਸੀਂ ਕਿਵੇਂ ਸੋਚਦੇ ਹੋ ?**

ਮੈਂ ਸਮਝਦੀ ਹਾਂ ਕਿ ਸਾਡੇ ਸਭਿਆਚਾਰ ਵਿਚ ਜੋ ਚੰਗਾ ਹੈ ਉਸ ਨੂੰ ਅਪਣਾ ਲਈਏ ਜੋ ਮਨੁੱਖਤਾਵਾਦੀ ਨਹੀਂ ਉਸ ਨੂੰ ਤਿਆਗ ਦੇਈਏ। ਇਸੇ ਕਰਕੇ ਅਸੀਂ ਕੋਸ਼ਿਸ਼ ਕਰ ਰਹੇ ਹਾਂ ਮੇਨ ਸਟਰੀਮ ਨਾਲ ਜੁੜਨ ਦੀ ਤਾਂ ਹੀ ਆਪਣੀ ਸ਼ਕਤੀ ਦਾ ਵੱਧ ਹਿੱਸਾ ਬੱਚਿਆਂ 'ਤੇ ਲਗਾ ਰਹੇ ਹਾਂ। ਅਸੀਂ ਕੈਨੇਡੀਅਨ ਸਮਾਜ ਦਾ ਹਿੱਸਾ ਹਾਂ। ਮੈਨੂੰ ਲੱਗਦਾ ਹੈ ਕਿ ਅੱਜ ਦੇ ਯੁੱਗ ਵਿਚ ਮਨੁੱਖ ਨੂੰ ਜਾਤਾਂ-ਗੋਤਾਂ, ਇਲਾਕਿਆਂ, ਦੇਸ਼ਾਂ, ਧਰਮਾਂ, ਬੋਲੀਆਂ ਆਦਿ ਦੀਆਂ ਤੰਗ ਸੋਚਾਂ ਨੂੰ ਤਿਆਗ ਕੇ ਸੰਸਾਰ ਪੱਧਰ 'ਤੇ ਸੋਚਣਾ ਪਵੇਗਾ। ਅਸੀਂ ਇਸ ਸੋਚ ਨੂੰ ਲੈ ਕੇ ਚੱਲ ਰਹੇ ਹਾਂ। ਅਗਾਂਹਵਧੂ ਸੰਸਥਾਵਾ ਨਾਲ ਨੇੜਤਾ ਇਸ ਤਰ੍ਹਾਂ ਹੋਣੀ ਸੁਭਾਵਿਕ ਹੈ।

**ਕੈਲਗਰੀ ਅਤੇ ਕੈਨੇਡੀ ਨਿਵਾਸੀਆਂ ਨੂੰ ਨਸ਼ਿਆਂ, ਭਰੂਣ ਹੱਤਿਆ ਆਦਿ ਅਲਾਮਤਾਂ ਤੋਂ ਬਚਣ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਵਧੀਆ ਸਮਾਜ ਸਿਰਜਕ ਬਣਾਉਣ ਲਈ ਕੀ ਕਹਿਣਾ ਚਾਹੋਗੇ ?**

ਕੈਨੇਡਾ ਨਿਵਾਸੀਆਂ ਨੂੰ ਮੈਂ ਇਹ ਕਹਿਣਾ ਚਾਹੁੰਦੀ ਹਾਂ ਕਿ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡੇ ਬੱਚੇ ਨਸ਼ਿਆਂ ਵਰਗੀਆਂ ਅਲਾਮਤਾਂ ਤੋਂ ਬਚੇ ਰਹਿਣ ਤਾਂ ਤੁਹਾਨੂੰ ਆਪਣੇ ਬੱਚਿਆਂ ਨੂੰ ਚੰਗੇ ਸਭਿਆਚਾਰ, ਚੰਗੀਆਂ ਕਿਤਾਬਾਂ ਅਤੇ ਉਸਾਰੂ ਪ੍ਰੋਗਰਾਮਾਂ ਵਿਚ ਲਿਜਾਣਾ ਪਵੇਗਾ। ਜੇ ਤੁਸੀਂ ਉਨ੍ਹਾਂ ਨੂੰ ਉਸ ਭੀੜ ਦਾ ਹਿੱਸਾ ਬਣਾਉਂਦੇ ਰਹੇ ਜਿਥੇ ਇਹ ਗਾਇਆ ਜਾਂਦਾ ਹੋਵੇ "ਮੈਨੂੰ ਸੋਹਣਿਆ ਫੀਮ ਦੇ ਵਰਗੀ ਨੂੰ, ਰੱਖ ਚਾਂਦੀ ਦੀ ਡੱਬੀ ਦੇ ਵਿਚ ਪਾ ਕੇ" ਤਾਂ ਉਹ ਸਮਾਂ ਦੂਰ ਨਹੀਂ ਜਦੋਂ ਹੱਥਾਂ ਵਿਚੋਂ ਰੇਤ ਵਾਂਗੂ ਸਭ ਕਿਰ ਜਾਵੇਗਾ। ਸਾਨੂੰ ਚਾਹੀਦਾ ਹੈ ਕਿ ਅਸੀਂ ਲੱਚਰ ਕਲਚਰ ਤੇ ਨਸ਼ਿਆਂ ਵਿਰੁੱਧ ਠੋਸ ਕਦਮ ਉਠਾਈਏ ਤੇ ਮਿਆਰੀ ਸੰਸਥਾਵਾਂ ਨਾਲ ਆਪ ਜੁੜੀਏ ਆਪਣੇ ਬੱਚਿਆਂ ਨੂੰ ਜੋੜੀਏ। ਘਰ ਘਰ ਵਿਚ ਸਾਹਿਤਕ, ਉਸਾਰੂ, ਵਿਗਿਆਨਕ ਅਤੇ ਤਰਕਸ਼ੀਲ ਕਿਤਾਬਾਂ ਪੜ੍ਹਨ-ਪੜ੍ਹਾਉਣ ਦਾ ਮਾਹੌਲ ਸਿਰਜੀਏ। ਉਨ੍ਹਾਂ ਨੂੰ ਇਸ ਸਰਮਾਏਦਾਰੀ ਸਮਾਜ ਦੀ ਮਾਨਸਿਕਤਾ ਤੋਂ ਜਾਣੂ ਕਰਾਈਏ, ਜਿਥੇ ਹਰ ਚੀਜ਼ ਵਿਕਾਊ ਹੈ। ਉਨ੍ਹਾਂ ਨੂੰ ਸਮਾਜਿਕ ਸਰੋਕਾਰਾਂ ਨਾਲ ਜੋੜੀਏ।

**ਪ੍ਰੋਗਰੈਸਿਵ ਕਲਾ ਮੰਚ ਦੀ ਭਵਿੱਖ 'ਚ ਕੀ ਯੋਜਨਾ ਹੈ?**

– ਅਸੀਂ ਇਸ ਨਾਟਕ ਕਲਾ ਨੂੰ ਜਿਉਂਦੀ ਰੱਖਣ ਲਈ ਵਚਨਬੱਧ ਹਾਂ। ਅਸੀਂ ਲੋਕਲ ਲੈਵਲ ਤੇ ਹੋਰ ਮੁੱਦਿਆਂ ਨੂੰ ਛੂਹਣਾ ਚਾਹੁੰਦੇ ਹਾਂ, ਇਥੋਂ ਦੀ ਲਾਈਫ਼ ਮੁਤਾਬਕ ਭਾਵੇਂ ਸਮਾਂ ਕੱਢਣਾ ਕਾਫ਼ੀ ਮੁਸ਼ਕਿਲ ਹੈ ਪਰ ਜੇ ਸਮਾਜ ਪ੍ਰਤੀ ਤੁਹਾਡਾ ਦ੍ਰਿਸ਼ਟੀਕੋਣ ਠੀਕ ਹੋਵੇ ਤਾਂ ਇਹ ਵੀ ਅਸਾਨ ਬਣ ਜਾਂਦਾ ਹੈ। ਅਸੀਂ ਸਮਾਜ ਨਾਲ ਇਸ ਵਾਅਦੇ ਨੂੰ ਦੁਹਰਾਉਂਦੇ ਹੋਏ ਸਮਾਜ ਦੇ ਸਰੋਕਾਰਾਂ ਨਾਲ ਜੁੜੇ ਰਹਾਂਗੇ। ਪੰਜਾਬੀ ਨਾਟਕ ਦੇ ਬਾਬਾ ਬੋਹੜ ਗੁਰਸ਼ਰਨ ਭਾਅ ਜੀ ਦੀ ਕਹੀ "ਜੇ ਲੋਕਾਂ ਦੀ ਗੱਲ ਨੀ ਕਰਨੀ, ਤਾਂ ਨਾਟਕ ਕਾਹਦੇ ਲਈ ਕਰਨਾ" ਗੱਲ ਤੇ ਅਮਲ ਕਰਾਂਗੇ।



# ਫੇਫੜਿਆਂ ਦੀ ਬੀਮਾਰੀ ਨਾਲ ਮਰਦੇ ਕਿਰਤੀ ਕਾਮੇ



ਡਾ. ਅਜੀਤਪਾਲ ਸਿੰਘ ਬਠਿੰਡਾ
98156-29301

*ਕੰਮ ਦੇ ਦੌਰਾਨ ਨਾ ਤਾਂ ਮਜ਼ਦੂਰਾਂ ਨੂੰ ਮਾਸਿਕ ਮਿਲਦਾ ਹੈ, ਨਾ ਹੀ ਮੁਫਲੇ ਇਲਾਜ ਦੀ ਕੋਈ ਸਹੂਲਤ ਹੀ ਦਿੱਤੀ ਜਾਂਦੀ ਹੈ। ਕਿਉਂਕਿ ਪ੍ਰਮੁੱਖ ਨਿਯੋਕਤਾ ਸੀਨ ਤੋਂ ਗਾਇਬ ਹੋਇਆ ਰਹਿੰਦਾ ਹੈ।*

"ਭਾਰਤ 'ਚ ਖੁਦਾਈ, ਉਸਾਰੀ ਤੇ ਹੋਰ ਵੱਖ ਵੱਖ ਸਨਅਤਾਂ 'ਚ ਲੱਗੇ ਕਰੀਬ ਇਕ ਕਰੋੜ ਮਜ਼ਦੂਰ ਫੇਫੜਿਆਂ ਦੀ ਬੀਮਾਰੀ ਸਿਲਿਕੋਸਿਸ ਦੀ ਮਾਰ ਹੇਠ ਆ ਸਕਦੇ ਹਨ" ਇਹ ਗੱਲ ਕੌਮਾਂਤਰੀ ਕਿਰਤ ਸੰਗਠਨ (ਆਈ ਐਲ ਓ) ਦੀ ਰਿਪੋਰਟ ਦਰਸਾਉਂਦੀ ਹੈ। ਇੰਡੀਅਨ ਕੌਂਸਲ ਫਾਰ ਮੈਡੀਕਲ ਰਿਸਰਚ ਦੀ ਇਕ ਰਿਪੋਰਟ ਅਨੁਸਾਰ ਖੁਦਾਈ ਅਤੇ ਖਾਣਾ ਦੇ 17 ਲੱਖ, ਕੰਚ ਤੇ ਅਬਰਕ ਉਦਯੋਗ ਦੇ 6.3 ਲੱਖ, ਧਾਤੂ ਉਦਯੋਗ ਦੇ 6.7 ਲੱਖ ਅਤੇ ਉਸਾਰੀ ਵਿਚ ਲੱਗੇ 53 ਲੱਖ ਮਜ਼ਦੂਰਾਂ 'ਤੇ ਸਿਲਿਕੋਸਿਸ (ਫੇਫੜਿਆਂ ਦੀ ਮਰਜ਼) ਦਾ ਖਤਰਾ ਮੰਡਰਾ ਰਿਹਾ ਹੈ। ਇਕ ਅਧਿਐਨ ਮੁਤਾਬਕ ਸਲੇਟ-ਪੈਂਸਿਲ ਬਣਾਉਣ 'ਚ ਲੱਗੇ ਮਜ਼ਦੂਰਾਂ 'ਚ ਸਿਲਿਕੋਸਿਸ ਮੌਜੂਦ ਹੋਣ ਦੀ ਦਾਰ 54.6 ਫੀਸਦੀ ਤੇ ਪੱਥਰ ਕਟਾਈ ਵਿਚ ਲੱਗੇ ਮਜ਼ਦੂਰਾਂ 'ਚ ਇਹ ਦਰ 35.2 ਫੀ ਸਦੀ ਹੈ। ਇਸ ਸਲੇਟ ਪੈਂਸਿਲ ਸਨਅਤ 'ਚ ਜ਼ਿਆਦਾਤਰ ਬਾਲ ਮਜ਼ਦੂਰ ਹੀ ਕੰਮ ਕਰਦੇ ਹਨ। ਸਿਲਿਕਾ ਨਾਲ ਜੁੜੇ ਉਦਯੋਗਾਂ ਦਾ ਕੰਮ ਮੁੱਖ ਤੌਰ 'ਤੇ ਰਾਜਸਥਾਨ, ਗੁਜਰਾਤ, ਮੱਧ ਪ੍ਰਦੇਸ਼, ਹਰਿਆਣਾ, ਦਿੱਲੀ, ਹੈਦਰਾਬਾਦ ਤੇ ਝਾਰਖੰਡ ਆਦਿ ਸੂਬਿਆਂ ਵਿਚ ਹੁੰਦਾ ਹੈ। ਰਾਜਸਥਾਨ ਦੇ 19 ਜ਼ਿਲ੍ਹਿਆਂ ਵਿਚ ਹਜ਼ਾਰਾਂ ਖਾਣਾ ਹਨ ਜਿਨ੍ਹਾਂ 'ਚ ਕਰੀਬ 20 ਲੱਖ ਮਜ਼ਦੂਰ ਕੰਮ ਕਰਦੇ ਹਨ। ਕਰੀਬ 10-12 ਲੱਖ ਮਜ਼ਦੂਰ ਸਿਲਿਕੋਸਿਸ ਰੋਗ ਦਾ ਵੱਖ-ਵੱਖ ਪੜਾਵਾਂ ਵਿਚ ਹਨ। ਗੁਜਰਾਤ 'ਚ ਗੋਧਰਾ ਸਥਿਤ ਕੁਆਰਟਰਜ਼ ਅਤੇ ਪੱਥਰ ਤੁੜਵਾਈ ਸਨਅਤ ਵਿਚ 2000-05 ਦਰਮਿਆਨ ਸਿਲਿਕੋਸਿਸ ਦੇ ਕਾਰਨ ਹੋਈ 238 ਮਜ਼ਦੂਰਾਂ ਦੀ ਮੌਤ ਪਿਛਲੇ ਦਿਨੀਂ ਕੁਝ ਕੁ ਅੰਗਰੇਜ਼ੀ ਅਖ਼ਬਾਰਾਂ 'ਚ ਛਾਈ ਰਹੀ। ਇਕ ਸਰਵੇਖਣ ਅਨੁਸਾਰ ਪੱਛਮੀ ਮੱਧ ਪ੍ਰਦੇਸ਼ ਵਿਚ ਇਸ ਸਾਲ ਦੇ ਸ਼ੁਰੂਆਤ ਤੱਕ 571 ਲੋਕਾਂ ਦੀ ਮੌਤ ਸਿਲਿਕੋਸਿਸ ਨਾਲ ਹੋਈ ਜਦਕਿ 14 ਬਲਾਕਾਂ ਦੇ 102 ਪਿੰਡਾਂ ਵਿਚ ਕਰੀਬ 1700 ਲੋਕ ਸਿਲਿਕੋਸਿਸ ਨਾਲ ਪੀੜਤ ਹਨ। ਦਿੱਲੀ ਦਾ ਲਾਲ ਕੂੰਆਂ ਇਲਾਕਾ ਜੋ ਕਿ ਇਕ ਸਮੇਂ ਪੱਥਰ ਦੀਆਂ ਗਿਟੀਆਂ ਦੀ ਪੈਦਾਵਾਰ ਤੇ ਸਪਲਾਈ ਲਈ ਮਸ਼ਹੂਰ ਸੀ। ਅੱਜ ਸਿਰਫ਼ ਉਨ੍ਹਾਂ ਮਹਿਰੂਮ ਖਾਣ ਮਜ਼ਦੂਰਾਂ ਦਾ ਬਸੇਰਾ ਬਣ ਕੇ ਰਹਿ ਗਿਆ ਹੈ ਜੋ ਸਿਲਿਕੋਸਿਸ ਨਾਲ ਪੀੜਤ ਸਨ। ਪਿਛਲੇ 14 ਸਾਲਾਂ ਵਿਚ ਕਰੀਬ 4000 ਲੋਕਾਂ ਦੀ ਮੌਤ ਸਿਲਿਕੋਸਿਸ ਤੇ ਟੀਬੀ ਨਾਲ ਹੋਈ ਹੈ। ਹਾਲ ਦੀ ਘੜੀ ਅੰਕੜਿਆਂ ਦੀ ਇਹ ਲਿਸਟ ਕਾਫ਼ੀ ਲੰਬੀ ਹੋ ਸਕਦੀ ਹੈ ਜੋ ਗੱਲ ਇਨ੍ਹਾਂ ਅੰਕੜਿਆਂ ਜ਼ਰੀਏ ਦੱਸਣੀ ਚਾਹੁੰਦੇ ਹਾਂ ਉਹ ਇਹ ਹੈ ਕਿ ਕਾਰਜ ਦੀਆਂ ਹਾਲਤਾਂ ਤੋਂ ਪੈਦਾ ਹੋਣ ਵਾਲੀ ਇਹ ਬੀਮਾਰੀ ਕਿੰਨੀ ਵੱਡੀ ਪੱਧਰ 'ਤੇ ਮਜ਼ਦੂਰਾਂ ਨੂੰ ਅਸਹਿ ਮੌਤ ਦੇ ਰਹੀ ਹੈ। ਗੌਰ ਕਰਨ ਲਾਇਕ ਤੱਥ ਇਹ ਵੀ ਹੈ ਕਿ ਕੰਮ ਛੱਡਣ 'ਤੇ ਸਿਲਿਕਾ ਧੂੜ ਨਾਲ ਸੰਪਰਕ ਖਤਮ ਹੋਣ ਤੋਂ ਪਿਛੋਂ ਵੀ ਸਿਲਿਕੋਸਿਸ ਅੰਦਰ ਹੀ ਅੰਦਰ ਵਧਦਾ ਰਹਿੰਦਾ ਹੈ। ਇਸ ਬੀਮਾਰੀ ਦਾ ਕੋਈ ਸਥਾਈ ਹੱਲ ਸੰਭਵ ਨਹੀਂ ਹੈ। ਹਾਲਾਂਕਿ ਇਸ ਰੋਗ ਨੂੰ ਪੂਰੀ ਤਰ੍ਹਾਂ ਨਾਲ ਰੋਕਣਾ ਲਾਜ਼ਮੀ ਸੰਭਵ ਹੈ ਬਸ਼ਰਤੇ ਮਜ਼ਦੂਰਾਂ ਦੀ ਸਿਹਤ ਤੇ ਸੁਰੱਖਿਆ ਵੱਲ ਧਿਆਨ ਦਿੱਤਾ ਜਾਵੇ। ਪੱਥਰ ਦੀਆਂ ਖਾਣਾ ਦਾ ਕੰਮ ਗੈਰ ਜਥੇਬੰਦ ਖੇਤਰ ਦੇ ਤਹਿਤ ਹੁੰਦਾ ਹੈ। ਮਜ਼ਦੂਰ ਠੇਕੇਦਾਰਾਂ ਵਲੋਂ ਰੱਖੇ ਜਾਂਦੇ ਹਨ ਅਤੇ ਜ਼ਿਆਦਾਤਰ ਉਹ ਆਪਣੇ ਅਸਲੀ ਨਿਯੋਕਤਾ ਨੂੰ ਜਾਣਦੇ ਤੱਕ ਨਹੀਂ। ਨਿਯੋਕਤਾ ਦੇ ਰਜਿਸਟਰ 'ਤੇ ਉਸ ਦਾ ਨਾਂ ਤੱਕ ਦਰਜ ਨਹੀਂ ਹੁੰਦਾ। ਕੰਮ ਦੇ ਦੌਰਾਨ ਨਾ ਤਾਂ ਮਜ਼ਦੂਰਾਂ ਨੂੰ ਮਾਸਿਕ ਮਿਲਦਾ ਹੈ, ਨਾ ਹੀ ਮੁਫਲੇ ਇਲਾਜ ਦੀ ਕੋਈ ਸਹੂਲਤ ਹੀ ਦਿੱਤੀ ਜਾਂਦੀ ਹੈ। ਕਿਉਂਕਿ ਪ੍ਰਮੁੱਖ ਨਿਯੋਕਤਾ ਸੀਨ ਤੋਂ ਗਾਇਬ ਹੋਇਆ ਰਹਿੰਦਾ ਹੈ। ਇਸ ਲਈ ਉਹ ਹਰ ਕਿਸਮ ਦੀ ਜ਼ਿੰਮੇਵਾਰੀ ਤੋਂ ਬਰੀ ਹੋਇਆ ਰਹਿੰਦਾ ਹੈ। ਉਂਜ ਤਾਂ ਕਹਿਣ ਨੂੰ ਖਾਣਾ ਦੇ ਮਜ਼ਦੂਰਾਂ ਲਈ ਮਾਈਨਸ ਐਕਟ 1952 ਕਾਨੂੰਨ ਬਣਿਆ ਹੋਇਆ ਏ ਜਿਸ ਵਿਚ ਕੰਮ ਦੀ ਥਾਂ 'ਤੇ ਪੀਣ ਦੇ ਸਾਫ਼ ਪਾਣੀ ਦਾ ਪ੍ਰਬੰਧ, ਮੁਫਲੀ ਡਾਕਟਰੀ ਸਹਾਇਤਾ, ਮੁਫ਼ਤ ਹੈਲਥ ਚੈਕਅਪ ਆਰਾਮ ਲਈ ਸੈਡ ਹਫ਼ਤਾਵਾਰੀ ਛੁੱਟੀ ਆਦਿ ਦੀਆਂ ਵਿਵਸਥਾਵਾਂ ਮੌਜੂਦ ਹਨ ਪਰ ਇਹ ਸਾਰੇ ਪ੍ਰਬੰਧ ਸਿਰਫ਼ ਕਾਗਜ਼ੀ ਹਨ। ਇਹੀ ਨਹੀਂ ਸਿਲਿਕੋਸਿਸ 'ਚ ਮਾਈਨਸ ਐਕਟ 1952 ਅਤੇ ਫੈਕਟਰ ਐਕਟ 1948 ਦੇ ਤਹਿਤ ਇਕ ਪੇਸ਼ਾਗਤ ਬੀਮਾਰੀ ਵਜੋਂ ਦਰਜ ਹੈ ਜੋ ਸਿਲਿਕੋਸਿਸ ਤੋਂ ਪੀੜਤ ਮਜ਼ਦੂਰ ਨੂੰ ਵਰਕਰਜ਼ ਕੰਮਪਨਸੇਸ਼ਨ ਐਕਟ ਤਹਿਤ ਮੁਆਵਜ਼ੇ ਦਾ ਹੱਕਦਾਰ ਬਣਾਉਂਦਾ ਹੈ, ਹਾਲਾਂਕਿ ਮਜ਼ਦੂਰ ਇਸ ਮੁਆਵਜ਼ੇ ਨੂੰ ਹਾਸਲ ਕਰਨ ਵਿਚ ਕਦੀ ਸਫ਼ਲ ਨਹੀਂ ਹੁੰਦੇ ਕਿਉਂਕਿ ਉਨ੍ਹਾਂ ਕੋਲ ਨਾ ਤਾਂ ਕੋਈ ਸਰਟੀਫਿਕੇਟ, ਨਾ ਈ. ਐਸ. ਆਈ. ਕਾਰਡ, ਨਾ ਹੋਰ ਕੋਈ ਦਸਤਾਵੇਜ਼ ਹੁੰਦੇ ਹਨ ਜਿਨ੍ਹਾਂ ਨਾਲ ਉਹ ਸਾਬਤ ਕਰ ਸਕੇ ਕਿ ਉਹ ਕਿਸ ਨਿਯੋਕਤਾ ਲਈ ਕੰਮ ਕਰ ਰਹੇ ਸਨ। ਸਰਕਾਰਾਂ ਤੇ ਖਾਣਾ ਦੇ ਮਾਲਕ ਵੀ ਅਕਸਰ ਇਸੇ ਕੁਤਰਕ ਦਾ ਸਹਾਰਾ ਲੈ ਕੇ ਆਪਣੀ ਜ਼ਿੰਮੇਵਾਰੀ ਤੋਂ ਪੂਰੀ ਤਰ੍ਹਾਂ ਮੂੰਹ ਮੋੜ ਲੈਂਦੇ ਹਨ। ਇਹੀ ਨਹੀਂ ਇਨ੍ਹਾਂ ਖਾਣਾ 'ਚ ਕੰਮ ਕਰਨ ਵਾਲੇ ਬਹੁਤੇ ਮਜ਼ਦੂਰ ਪ੍ਰਵਾਸੀ ਹੁੰਦੇ ਹਨਅਤੇ ਸਰਕਾਰ ਇਸ ਗੱਲ ਦਾ ਪੂਰਾ ਫਾਇਦਾ ਉਠਾ ਕੇ ਆਪਣੀ ਜ਼ਿੰਮੇਵਾਰੀ ਤੋਂ ਪੱਲਾ ਝਾੜ ਲੈਂਦੀ ਹੈ। ਇਸ ਪੂਰੇ ਮਾਮਲੇ ਵਿਚ ਕਿਰਤ ਵਿਭਾਗ ਦਾ ਨਜ਼ਰੀਆ ਇਸ ਗੱਲ ਨਾਲ ਸਮਝ ਵਿਚ ਆਉਂਦਾ ਹੈ ਕਿ ਫੈਕਟਰੀ ਇੰਸਪੈਕਟਰ ਕੰਮ ਵਾਲੀ ਥਾਂ ਦਾ ਨਿਰੀਖਣ ਕਰਨ ਲਈ ਕਦੀ ਪਹੁੰਚਦਾ ਤੱਕ ਨਹੀਂ। ਜਾਇਜ਼-ਨਜਾਇਜ਼ ਖਾਣਾ ਦਾ ਵਪਾਰ ਕਿਸ ਤਰ੍ਹਾਂ ਰਾਜਸੀ ਨੇਤਾਵਾਂ, ਜ਼ਿਲ੍ਹੇ ਦੇ ਉਚ ਅਫ਼ਸਰਾਂ ਤੇ ਕਿਰਤ ਵਿਭਾਗ ਦੀ ਸ਼ਹਿ ਵਿਚ ਚਲਦਾ ਹੈ, ਇਹ ਕਿਸੇ ਤੋਂ ਛੁਪਿਆ ਹੋਇਆ ਨਹੀਂ ਹੈ। ਮਾੜੀ ਗੱਲ ਤਾਂ ਇਹ ਹੈ ਕਿ ਪੂੰਜੀਵਾਦ ਦੇ ਸੇਵਾ 'ਚ ਲੱਗੇ ਇਨ੍ਹਾਂ ਨੁਮਾਇੰਦਿਆਂ ਤੋਂ ਮਜ਼ਦੂਰ ਆਪਣੀ ਬਿਹਤਰੀ ਦੀ ਉਮੀਦ ਲਾਈ ਰੱਖਦੇ ਹਨ (ਸ਼ਵੇਤਾ)

(ਕਰਟਸੀ ਮਜ਼ਦੂਰ ਬਿਗਲ)

**Balkar Bajwa**

**Certified Translator**

(English into Punjabi and Punjabi into English)
33 Eaglesprings Cresent
Brampton ON L6P 2V8, 647-402-2170
20 Kohinoor Park, Gunna House, Ferozepur Road
Barewal Awana, Ludhiana, Punjab, India, Pin 141012
Mobile - 011-91-95305-17132

# ਕਸ਼ਮੀਰ ਦਾ ਸੰਖੇਪ ਇਤਿਹਾਸ



- ਮੋਹਨ ਸਿੰਘ


ਕਸ਼ਮੀਰ ਦੀ ਆਪਣੀ ਬੋਲੀ, ਆਪਣਾ ਇਤਿਹਾਸ, ਆਪਣਾ ਸੱਭਿਆਚਾਰ, ਆਪਣਾ ਭੂਗੋਲਿਕ ਖਿੱਤਾ, ਆਪਣੀ ਪਹਿਚਾਣ ਅਤੇ ਆਪਣੀ ਇੱਕ-ਜੁੱਟ ਮੰਡੀ ਹੋਣ ਕਰਕੇ ਇਹ ਇੱਕ ਸੰਪੂਰਨ ਕੌਮ ਬਣਦੀ ਹੈ। ਕਸ਼ਮੀਰ ਦਾ ਭੂਗੋਲਕ ਇਤਿਹਾਸ ਲੱਖਾਂ ਸਾਲ ਪੁਰਾਣਾ ਹੈ। ਪੁਰਾਤੱਤਵ ਵਿਭਾਗ ਦੀਆਂ ਖੋਜਾਂ ਮੁਤਾਬਿਕ ਇਸ ਦਾ ਮਨੁੱਖੀ ਇਤਿਹਾਸ ਪੰਜ ਹਜਾਰ ਸਾਲ ਪੁਰਾਣਾ ਹੈ। ਪਰ ਇਸ ਦਾ ਲਿਖਤੀ ਇਤਿਹਾਸ ਦੋ ਹਜਾਰ ਸਾਲ ਤੱਕ ਦਾ ਹੀ ਮੌਜੂਦ ਹੈ। ਕਸ਼ਮੀਰ 'ਤੇ ਅਨੇਕਾਂ ਰਾਜਿਆਂ ਨੇ ਰਾਜ ਕੀਤਾ। 3000 ਸਾਲ ਈ: ਪੂਰਬ ਮਹਾਂਭਾਰਤ ਵਿੱਚ ਕਸ਼ਮੀਰ ਕਬੀਲੇ ਨੂੰ ਕਸ਼ਮੀਰ ਦਾ ਨਾਂ ਦਿੱਤਾ ਗਿਆ। ਕਸ਼ਮੀਰ 'ਤੇ ਅਸ਼ੋਕ ਮੌਰੀਆ ਦਾ ਰਾਜ ਵੀ ਰਿਹਾ ਅਤੇ ਸ੍ਰੀਨਗਰ ਸ਼ਹਿਰ ਅਸ਼ੋਕ ਮਹਾਰਾਜ ਨੇ ਵਸਾਇਆ ਸੀ। ਇਸ ਤੋਂ ਬਾਅਦ ਕਸ਼ਮੀਰ ਵਿੱਚ ਹਿੰਦੂ ਰਾਜਿਆਂ ਦਾ ਰਾਜ ਰਿਹਾ। 1339 ਵਿੱਚ ਕਸ਼ਮੀਰ 'ਚ ਹਿੰਦੂ ਰਾਜਿਆਂ ਦਾ ਰਾਜ ਖ਼ਤਮ ਹੋ ਗਿਆ ਅਤੇ ਇਸ ਉਪਰ ਮੁਸਲਮਾਨ ਸੁਲਤਾਨ ਸਮਸ-ਉਦ-ਦੀਨ ਦੇ ਬੰਸ ਦਾ ਰਾਜ 222 ਸਾਲ ਤੱਕ ਚਲਦਾ ਰਿਹਾ। ਇਸ ਬੰਸ ਦਾ ਸਭ ਤੋਂ ਪ੍ਰਸਿੱਧ ਰਾਜਾ ਸੁਲਤਾਨ-ਉਦ-ਅਬਦਿਨ ਸੀ ਜਿਸ ਦੇ ਰਾਜ ਅੰਦਰ ਕਸ਼ਮੀਰ ਸਿਆਸੀ, ਆਰਥਿਕ ਅਤੇ ਸੱਭਿਆਚਾਰਕ ਤੌਰ 'ਤੇ ਆਪਣੀ ਸਿਖਰ 'ਤੇ ਸੀ ਅਤੇ ਇਹ ਹੋਰ ਦੇਸ਼ਾਂ ਤੋਂ ਵੀ ਟੈਕਸ ਅਤੇ ਲਗਾਨ ਵਸੂਲਦਾ ਸੀ। ਇਸ ਤੋਂ ਬਾਅਦ 1586 ਵਿੱਚ ਕਸ਼ਮੀਰ 'ਤੇ ਮੁਗਲਾਂ ਦੇ ਕਬਜੇ ਨਾਲ ਇਸ ਦੀ ਅਲੱਗ ਹੈਸੀਅਤ ਖ਼ਤਮ ਹੋ ਗਈ। 1839 ਵਿੱਚ ਮਹਾਰਾਜਾ ਰਣਜੀਤ ਸਿੰਘ ਨੇ ਇਸ ਨੂੰ ਆਪਣੇ ਰਾਜ ਵਿੱਚ ਮਿਲਾ ਲਿਆ ਅਤੇ ਉਸ ਤੋਂ ਬਾਅਦ '1846 ਦੀ ਅੰਮ੍ਰਿਤਸਰ ਦੀ ਸੰਧੀ' ਰਾਹੀਂ ਅੰਗਰੇਜਾਂ ਨੇ 75 ਲੱਖ ਰੁਪਏ ਅਤੇ ਹੋਰ ਸ਼ਰਤਾਂ ਤਹਿਤ ਕਸ਼ਮੀਰ ਨੂੰ ਰਾਜਾ ਗੁਲਾਬ ਸਿੰਘ ਦੇ ਸਪੁਰਦ ਕਰ ਦਿੱਤਾ। ਉਸ ਤੋਂ ਬਾਅਦ ਰਾਜਾ ਰਨਬੀਰ ਸਿੰਘ ਅਤੇ ਫਿਰ 1825-1925 ਤੱਕ ਮਹਾਰਾਜਾ ਪ੍ਰਤਾਪ ਸਿੰਘ ਗੱਦੀ ਨਸ਼ੀਨ ਰਹੇ ਅਤੇ ਅੰਤ ਵਿੱਚ 1925-1950 ਤੱਕ ਮਹਾਰਾਜਾ ਹਰੀ ਸਿੰਘ ਕਸ਼ਮੀਰ ਦੇ ਰਾਜਾ ਰਹੇ। 21 ਜੂਨ 1931 ਨੂੰ ਮੀਰ ਵੇਜ਼ ਯੂਸਫ ਸ਼ਾਹ, ਸੇਖ ਅਬਦੁੱਲਾ, ਚੌਧਰੀ ਗੁਲਾਮ ਅਬਾਸ ਆਦਿ ਨੇ ਜੰਮੂ-ਕਸ਼ਮੀਰ ਮੁਸਲਿਮ ਕਾਨਫਰੰਸ ਦੀ ਨੀਂਹ ਰੱਖੀ। 13 ਜੁਲਾਈ 1931 ਨੂੰ ਮਹਾਰਾਜਾ ਹਰੀ ਸਿੰਘ ਦੇ ਰਾਜ ਵਿਰੁੱਧ ਜਦੋਜਹਿਦ ਕਰਦਿਆਂ ਸ੍ਰੀਨਗਰ ਵਿੱਚ 20 ਬੰਦੇ ਗੋਲੀਆਂ ਨਾਲ ਮਾਰੇ ਗਏ। ਇਸ ਦਿਨ ਨੂੰ ਜੰਮੂ-ਕਸ਼ਮੀਰ ਵਿੱਚ 'ਸ਼ਹੀਦਾਂ ਦੇ ਦਿਨ' ਦੇ ਤੌਰ 'ਤੇ ਮਨਾਇਆ ਜਾਂਦਾ ਹੈ। 1932 ਵਿੱਚ ਮੁਸਲਿਮ ਕਾਨਫਰੰਸ ਵੱਲੋਂ 'ਸਿਵਲ ਨਾ ਫੁਰਮਾਨੀ' ਲਹਿਰ ਸ਼ੁਰੂ ਕੀਤੀ ਗਈ। 28 ਜੂਨ 1938 ਨੂੰ ਮੁਸਲਿਮ ਕਾਨਫਰੰਸ ਵੱਲੋਂ ਹਰ ਜਾਤ, ਧਰਮ ਅਤੇ ਅਕੀਦੇ ਵਾਲੇ ਲੋਕਾਂ ਨੂੰ ਮੈਂਬਰਸ਼ਿਪ ਦੇਣੀ ਸ਼ੁਰੂ ਕਰ ਦਿੱਤੀ ਗਈ ਅਤੇ ਮੁਸਲਿਮ ਕਾਨਫਰੰਸ ਦਾ ਨਾਂ ਬਦਲ ਕੇ ਨੈਸ਼ਨਲ ਕਾਨਫਰੰਸ ਕਰ ਦਿੱਤਾ ਗਿਆ ਅਤੇ ਇਸ ਦਾ ਪ੍ਰੋਗਰਾਮ ਧਰਮ-ਨਿਰਲੇਪ, ਜਮਹੂਰੀ ਅਤੇ ਸਮਾਜਵਾਦੀ ਕਰ ਦਿੱਤਾ ਗਿਆ। 3 ਅਗਸਤ 1945 ਨੂੰ ਸੇਖ ਅਬਦੁੱਲਾ ਦੀ ਅਗਵਾਈ ਵਿੱਚ ਨੈਸ਼ਨਲ ਕਾਨਫਰੰਸ ਵੱਲੋਂ ਜੰਮੂ-ਕਸ਼ਮੀਰ ਦੇ ਸਰਵਪੱਖੀ ਵਿਕਾਸ ਲਈ ਸੋਪੋਰ, ਬਾਰਾਮੁਲਾ ਵਿੱਚ 'ਨਵੇਂ ਕਸ਼ਮੀਰ' ਦੇ ਪ੍ਰੋਗਰਾਮ ਦੀ ਨੀਂਹ ਰੱਖੀ ਗਈ ਅਤੇ 9 ਮਈ 1946 ਨੂੰ ਇਸ ਵੱਲੋਂ ਰਾਜਾ ਹਰੀ ਸਿੰਘ ਵਿਰੁੱਧ 'ਜੰਮੂ-ਕਸ਼ਮੀਰ ਛੱਡੋ' ਅੰਦੋਲਨ ਸ਼ੁਰੂ ਕੀਤਾ ਗਿਆ ਅਤੇ ਇੱਕ ਲੋਕ ਪੱਖੀ ਸਰਕਾਰ ਬਣਾਉਣ ਲਈ ਅੰਦੋਲਨ ਸ਼ੁਰੂ ਕੀਤਾ ਗਿਆ। 18 ਜੁਲਾਈ 1947 ਨੂੰ ਬਰਤਾਨਵੀ ਪਾਰਲੀਮੈਂਟ ਨੇ 'ਭਾਰਤ ਆਜ਼ਾਦ ਕਾਨੂੰਨ' ਨੂੰ ਮਨਜ਼ੂਰੀ ਦੇ ਦਿੱਤੀ। ਬਰਤਾਨਵੀ ਹਕੂਮਤ ਨੇ 'ਪਾੜੋ ਅਤੇ ਰਾਜ ਕਰੋ' ਦੀ ਨੀਤੀ ਤਹਿਤ ਭਾਰਤ ਦੀ ਮਜ਼ਬੀ ਅਧਾਰ 'ਤੇ ਭਾਰਤ ਅਤੇ ਪਾਕਿਸਤਾਨ ਵਿੱਚ ਵੰਡ ਕਰ ਦਿੱਤੀ। ਇਸ ਤੋਂ ਅੱਗੇ ਹੋਰ ਵੀ ਬਖੇੜੇ ਖੜੇ ਕਰਨ ਲਈ ਬਰਤਾਨੀਆਂ ਨੇ ਭਾਰਤ ਅੰਦਰ ਆਪਣੀਆਂ ਪਿੱਠੂ 562 ਰਿਆਸਤਾਂ ਨੂੰ ਭਾਰਤ ਜਾਂ ਪਾਕਿਸਤਾਨ ਵਿੱਚ ਸ਼ਾਮਿਲ ਹੋਣ ਲਈ ਖੁੱਲਾ ਛੱਡ ਦਿੱਤਾ। ਜਿੱਥੇ ਭਾਰਤ ਨੇ ਇਨਾਂ ਰਿਆਸਤਾਂ ਦੇ ਆਤਮ ਨਿਰਣੇ ਦੇ ਹੱਕ ਨੂੰ ਲਿਤਾੜਦਿਆਂ ਉਨਾਂ ਨੂੰ ਧੱਕੇ ਨਾਲ ਭਾਰਤ ਵਿੱਚ ਮਿਲਾਉਣਾ ਸ਼ੁਰੂ ਕਰ ਦਿੱਤਾ, ਉਥੇ ਪਾਕਿਸਤਾਨ ਨੇ ਵੀ ਅਜਿਹੇ ਹੀ ਹੱਥਕੰਡੇ ਅਪਣਾਏ। 15 ਅਗਸਤ 1947 ਨੂੰ ਰਾਜਾ ਹਰੀ ਸਿੰਘ ਦੀ ਜੰਮੂ-ਕਸ਼ਮੀਰ ਸਰਕਾਰ ਨੇ ਭਾਰਤ ਅਤੇ ਪਾਕਿਸਤਾਨ ਨਾਲ ਯਥਾਸਥਿਤੀ (ਸਟੈਂਡ ਸਟਿਲ) ਸਮਝੌਤੇ ਦੀ ਪੇਸ਼ਕਸ ਕੀਤੀ। 14 ਅਗਸਤ 1947 ਨੂੰ ਪਾਕਿਸਤਾਨ ਨੂੰ 'ਆਜ਼ਾਦ' ਘੋਸ਼ਤ ਕੀਤਾ ਗਿਆ ਅਤੇ ਪਾਕਿਸਤਾਨ ਨੇ ਜੰਮੂ-ਕਸ਼ਮੀਰ ਨਾਲ ਯਥਾਸਥਿਤੀ ਸਮਝੌਤੇ ਨੂੰ ਮਨਜ਼ੂਰੀ ਦੇ ਦਿੱਤੀ। 20 ਅਕਤੂਬਰ 1947 ਨੂੰ ਪਾਕਿਸਤਾਨ ਦੇ ਕਬਾਇਲੀਆਂ ਨੇ ਜੰਮੂ-ਕਸ਼ਮੀਰ 'ਤੇ ਹਮਲਾ ਬੋਲ ਦਿੱਤਾ। 23 ਅਕਤੂਬਰ ਨੂੰ ਪਾਕਿਸਤਾਨ ਨੇ ਕਬਾਇਲੀਆਂ ਨੂੰ ਬਕਾਇਦਾ ਸ਼ਹਿ ਅਤੇ ਮਦਦ ਦੇਣੀ ਸ਼ੁਰੂ ਕਰ ਦਿੱਤੀ। ਇੱਕ ਪਾਸੇ ਪਾਕਿਸਤਾਨ ਦੀ ਮਦਦ ਅਤੇ ਸ਼ਹਿ ਨਾਲ ਕਬਾਇਲੀ ਹਮਲੇ, ਦੂਜਾ ਸ਼ੇਖ ਅਬਦੁਲਾ ਦੀ ਨੈਸ਼ਨਲ ਕਾਨਫਰੰਸ ਦੀ ਰਾਜੇ ਖ਼ਿਲਾਫ਼ ਜਦੋਜਹਿਦ ਅਤੇ ਤੀਜਾ ਭਾਰਤ ਵੱਲੋਂ ਕਸ਼ਮੀਰ ਨੂੰ ਭਾਰਤ ਵਿੱਚ ਸ਼ਾਮਿਲ ਕਰਨ ਦਾ ਮਹਾਰਾਜਾ ਹਰੀ ਸਿੰਘ 'ਤੇ ਦਬਾਅ ਕਾਰਨ 26 ਅਕਤੂਬਰ 1947 ਨੂੰ ਮਹਾਰਾਜਾ ਹਰੀ ਸਿੰਘ ਨੂੰ ਭਾਰਤ ਵਿੱਚ ਸ਼ਾਮਲ ਹੋਣ ਦਾ ਸਮਝੋਤਾ ਕਰਨਾ ਪਿਆ। 27 ਅਕਤੂਬਰ 1947 ਨੂੰ ਭਾਰਤੀ ਫ਼ੌਜ ਨੇ ਕਸ਼ਮੀਰ 'ਤੇ ਕਬਜ਼ੇ ਲਈ ਪਾਕਿਸਤਾਨੀ ਫ਼ੌਜੀ ਹਮਲੇ ਨੂੰ ਪਛਾੜਨ ਲਈ ਸਿੱਧਾ ਹਮਲਾ ਕਰ ਦਿੱਤਾ ਅਤੇ ਭਾਰਤ ਦੀਆਂ ਫ਼ੌਜਾਂ ਸ੍ਰੀਨਗਰ ਵਿੱਚ ਦਾਖਲ ਹੋ ਗਈਆਂ। ਇਸ ਤਰਾਂ ਭਾਰਤ-ਪਾਕਿਸਤਾਨ ਵਿੱਚ ਵਧਦੇ ਰੱਫੜ ਕਾਰਨ ਜੰਮੂ-ਕਸ਼ਮੀਰ ਦਾ ਮਸਲਾ ਯੂ. ਐਨ. ਓ. 'ਚ ਚਲਾ ਗਿਆ। ਯੂ. ਐਨ. ਓ. ਨੇ ਕਸ਼ਮੀਰ ਵਿੱਚ ਰਾਇਸ਼ੁਮਾਰੀ ਕਰਾਉਣ ਦਾ ਮਤਾ ਪਾਸ ਕਰ ਦਿੱਤਾ। ਰਾਇਸ਼ੁਮਾਰੀ ਕਰਾਉਣ ਤੋਂ ਪਹਿਲਾਂ ਪਾਕਿਸਤਾਨ ਨੇ ਕਬਾਇਲੀ ਘੁਸਪੈਠੀਆਂ ਨੂੰ 'ਆਜ਼ਾਦ' ਕਸ਼ਮੀਰ ਵਿੱਚੋਂ ਵਾਪਿਸ ਬੁਲਾਉਣਾ ਸੀ ਅਤੇ ਭਾਰਤ ਨੇ ਘੱਟ ਤੋਂ ਘੱਟ ਲੋੜੀਂਦੇ ਬਲ ਛੱਡ ਕੇ ਬਾਕੀ ਵਾਪਿਸ ਬੁਲਾਉਣੇ ਸਨ ਤਾਂ ਜੋ ਨਿਰਪੱਖ ਰਾਇਸ਼ੁਮਾਰੀ ਹੋ ਸਕੇ। ਰਾਇਸ਼ੁਮਾਰੀ ਲਈ ਯੂ. ਐਨ. ਓ. ਵਿੱਚ ਕਈ ਵਾਰ ਮਤੇ ਪਾਸ ਹੋਏ। 1951 ਅਤੇ 1954 ਵਿੱਚ ਭਾਰਤ-ਪਾਕਿਸਤਾਨ ਰਾਇਸ਼ੁਮਾਰੀ ਲਈ ਸਹਿਮਤ ਹੋਏ ਪਰ ਦੋਨਾਂ ਦੇਸ਼ਾਂ ਨੇ ਆਨੇ-ਬਹਾਨੇ ਬਣਾ ਕੇ ਰਾਇਸ਼ੁਮਾਰੀ ਨਹੀਂ ਕਰਾਈ।

ਭਾਰਤ ਅਤੇ ਪਾਕਿਸਤਾਨ ਦੋਵੇਂ ਦੇਸ਼ ਕਸ਼ਮੀਰ 'ਚ ਰਾਇਸ਼ੁਮਾਰੀ ਤੋਂ ਇਸ ਕਰਕੇ ਡਰਦੇ ਸਨ ਕਿ ਜੇ ਕਸ਼ਮੀਰੀ ਲੋਕਾਂ ਤੋਂ ਰਾਇਸ਼ੁਮਾਰੀ ਕਰਾਈ ਗਈ ਤਾਂ ਕਿਤੇ ਕਸ਼ਮੀਰੀ ਲੋਕ ਭਾਰਤ ਅਤੇ ਪਾਕਿਸਤਾਨ ਦੋਨਾਂ ਤੋਂ ਆਜ਼ਾਦ ਇੱਕ ਵੱਖਰੇ ਦੇਸ਼ ਦੇ ਹੱਕ ਵਿੱਚ ਵੋਟਾਂ ਨਾ ਦੇ ਦੇਣ। ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਨੂੰ ਸ਼ਾਂਤ ਕਰਨ ਲਈ ਭਾਰਤ ਵੱਲੋਂ ਸੰਵਿਧਾਨ ਵਿੱਚ ਧਾਰਾ 370 ਪਾਈ ਗਈ। ਇਸ ਧਾਰਾ ਅਨੁਸਾਰ ਭਾਰਤੀ ਪਾਰਲੀਮੈਂਟ ਨੂੰ ਸਿਰਫ਼ ਤਿੰਨ ਖੇਤਰਾਂ ਸੁਰੱਖਿਆ, ਵਿਦੇਸ਼ੀ ਮਾਮਲੇ ਅਤੇ ਸੰਚਾਰ ਬਾਰੇ ਕਾਨੂੰਨ ਘੜਨ ਦੀ ਇਜਾਜ਼ਤ ਸੀ। ਜੰਮੂ-ਕਸ਼ਮੀਰ ਅੰਦਰ ਪ੍ਰਸ਼ਾਸਨ ਚਲਾਉਣ ਸਬੰਧੀ ਅਧਿਕਾਰ ਜੰਮੂ-ਕਸ਼ਮੀਰ ਨੂੰ ਦਿੱਤਾ ਗਿਆ ਸੀ ਅਤੇ ਜੇ ਕਰ ਭਾਰਤ ਸਰਕਾਰ ਨੂੰ ਕੋਈ ਜੰਮੂ-ਕਸ਼ਮੀਰ ਲਈ ਕਾਨੂੰਨ ਬਣਾਉਣਾ ਸੀ ਤਾਂ ਉਸ ਦੀ ਪੁਸ਼ਟੀ 'ਸੰਵਿਧਾਨ ਸਭਾ' ਤੋਂ ਕਰਾਉਣੀ ਸੀ। ਇਹ ਹੱਕ ਵੀ ਕੇਂਦਰ ਨੂੰ ਸਿਰਫ਼ ਉਦੋਂ ਤੱਕ ਸੀ ਜਦੋਂ ਤੱਕ ਜੰਮੂ-ਕਸ਼ਮੀਰ ਦਾ ਸੰਵਿਧਾਨ ਨਹੀਂ ਬਣ ਜਾਂਦਾ। ਧਾਰਾ 370 ਮੁਤਾਬਿਕ ਗਵਰਨਰ ਦੀ ਥਾਂ 'ਸਦਰ-ਏ-ਰਿਆਸਤ' ਅਤੇ ਮੁੱਖ ਮੰਤਰੀ ਦੀ ਥਾਂ ਵਜੀਰ-ਏ-ਆਜਮ' ਹੋਣਾ ਸੀ। ਇਸ ਤੋਂ ਇਲਾਵਾ ਧਾਰਾ 352 ਤਹਿਤ ਅੰਦਰੂਨੀ ਗੜਬੜ ਸਮੇਂ ਐਮਰਜੈਂਸੀ ਜੰਮੂ-ਕਸ਼ਮੀਰ ਦੀ ਸਰਕਾਰ ਦੀ ਸਹਿਮਤੀ ਨਾਲ ਲਾਈ ਜਾਣੀ ਸੀ। ਪਰ ਨਾ ਭਾਰਤ ਸਰਕਾਰ ਅਤੇ ਨਾ ਹੀ ਪਾਕਿਸਤਾਨ ਸਰਕਾਰ ਆਪਣੇ ਵਾਅਦੇ ਉੱਪਰ ਖਰਾ ਉੱਤਰੀਆਂ। ਭਾਰਤ ਸਰਕਾਰ ਨੇ 1953 ਵਿੱਚ ਸ਼ੇਖ ਅਬਦੁੱਲਾ ਨੂੰ ਗ੍ਰਿਫ਼ਤਾਰ ਕਰਕੇ ਜੇਲ ਅੰਦਰ ਸੁੱਟ ਦਿੱਤਾ ਗਿਆ ਅਤੇ ਉਸ ਨੂੰ 11 ਸਾਲਾਂ ਬਾਅਦ ਉਦੋਂ ਛੱਡਿਆ ਗਿਆ ਜਦੋਂ ਉਸ ਨੇ ਭਾਰਤ ਦੇ ਸੰਵਿਧਾਨ ਨੂੰ ਕਬੂਲ਼ ਕਰ ਲਿਆ। ਸਦਰ-ਏ-ਰਿਆਸਤ ਅਤੇ ਵਜੀਰ-ਏ-ਆਜਮ ਦੀਆਂ ਪਦਵੀਆਂ ਖ਼ਤਮ ਕਰ ਦਿੱਤੀਆਂ ਗਈਆਂ ਅਤੇ ਭਾਰਤੀ ਸੰਵਿਧਾਨ ਦੀ ਰਾਸ਼ਟਰਪਤੀ ਰਾਜ ਲਾਗੂ ਕਰਨ ਵਾਲੀ ਧਾਰਾ 356 ਦਾ ਘੇਰਾ ਕਸ਼ਮੀਰ ਤੱਕ ਵਧਾ ਦਿੱਤਾ ਗਿਆ। ਇਸ ਤਰਾਂ ਧਾਰਾ 370 ਨੂੰ ਭਾਰਤ ਸਰਕਾਰ ਭਾਵੇਂ ਪੂਰਨ ਰੂਪ 'ਚ ਖ਼ਤਮ ਨਹੀਂ ਕਰ ਸਕੀ ਪਰ ਇਸ ਧਾਰਾ ਨੂੰ ਖੋਖਲਾ ਕਰ ਦਿੱਤਾ ਗਿਆ। ਭਾਰਤੀ ਹਕੂਮਤ ਵੱਲੋਂ ਸਮੇਂ-ਸਮੇਂ ਹੋਈਆਂ ਚੋਣਾਂ ਵਿੱਚ ਧਾਂਦਲੀਆਂ ਕੀਤੀਆਂ ਗਈਆਂ। ਜਿਸ ਨੇ ਵੱਡੀ ਪੱਧਰ 'ਤੇ ਕਸ਼ਮੀਰੀ ਲੋਕਾਂ ਵਿੱਚ ਭਾਰਤ ਸਰਕਾਰ ਪ੍ਰਤੀ ਬੇਭਰੋਸਗੀ ਪੈਦਾ ਕਰ ਦਿੱਤੀ। ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਨੇ 1987 ਵਿੱਚ ਵੱਡੇ ਪੱਧਰ 'ਤੇ ਧਾਂਦਲੀਆਂ ਕਰਕੇ ਜੰਮੂ-ਕਸ਼ਮੀਰ ਵਿੱਚ ਸਰਕਾਰ ਬਣਾਈ। ਇਨਾਂ ਧਾਦਲੀਆਂ ਕਰਕੇ ਕਸ਼ਮੀਰੀ ਲੋਕਾਂ ਵਿੱਚ ਭਾਰਤੀ ਸਰਕਾਰ ਪ੍ਰਤੀ ਹੋਰ ਵੀ ਬੇਭਰੋਸਗੀ ਦਾ ਮਾਹੌਲ ਪੈਦਾ ਹੋਇਆ। 1990







ਤੱਕ ਆਉਂਦਿਆਂ ਕਸ਼ਮੀਰੀ ਲੋਕਾਂ ਵਿੱਚ ਇਸ ਹੱਦ ਤੱਕ ਭਾਰਤੀ ਸਰਕਾਰ ਪ੍ਰਤੀ ਬੇਗਾਨਗੀ ਅਤੇ ਬੇਵਿਸ਼ਵਾਸੀ ਪੈਦਾ ਹੋ ਗਈ ਕਿ ਫਰਵਰੀ 1990 ਦੇ ਅਖੀਰ ਵਿੱਚ 4 ਲੱਖ ਅਤੇ ਫਿਰ ਇੱਕ ਮਾਰਚ 1990 ਨੂੰ ਲੱਖਾਂ ਲੋਕਾਂ ਨੇ ਮਾਰਚ ਕਰਕੇ ਰਾਇਸ਼ੁਮਾਰੀ ਦੀ ਮੰਗ ਕੀਤੀ। ਭਾਰਤ ਸਰਕਾਰ ਨੇ 1990ਵਿਆਂ ਵਿੱਚ ਫੌਜ ਨੂੰ ਵਿਸ਼ੇਸ਼ ਅਧਿਕਾਰ ਦੇ ਕੇ 'ਆਰਮਡ ਫੋਰਸਜ ਸਪੈਸ਼ਲ ਪਾਵਰ ਐਕਟ' ('ਅਫਸਪਾ') ਨਾਲ ਲੈਸ ਕਰ ਦਿੱਤਾ ਜਿਸ ਤਹਿਤ ਸੈਨਿਕ ਬਲ ਸਿਰਫ ਸ਼ੱਕ ਦੇ ਆਧਾਰ ਉਪਰ ਲੋਕਾਂ ਦੇ ਗੋਲੀ ਚਲਾ ਸਕਦੇ ਹਨ। ਉਸ ਤੋਂ ਬਾਅਦ ਸ਼ਹਿਰਾਂ, ਪਿੰਡਾਂ ਅਤੇ ਚੌਕਾਂ 'ਤੇ ਕਸ਼ਮੀਰੀ ਲੋਕਾਂ ਨੂੰ ਸੈਨਿਕ ਬਲ ਹੀ ਦਿਖਾਈ ਦਿੰਦੇ ਹਨ। ਲੋਕਾਂ ਲਈ ਅਸੈਂਬਲੀ, ਪਾਰਲੀਮੈਂਟ ਅਤੇ ਕੋਰਟ ਕਚਹਿਰੀਆਂ ਦੀ ਥਾਂ ਫੌਜ ਅਤੇ ਪੁਲੀਸ ਦਾ ਰਾਜ ਦਿਖਾਈ ਦਿੰਦਾ ਹੈ। ਦੁਨੀਆਂ ਦੀ ਜੰਨਤ ਕਹੀ ਜਾਂਦੀ ਕਸ਼ਮੀਰ ਵਾਦੀ ਅੱਜ ਮਿਲਟਰੀ ਦੇ ਬੂਟਾਂ ਹੇਠ ਲਿਤਾੜੀ ਹੋਈ ਹੈ। ਇਹ ਭਾਰਤ ਦਾ ਉਹ ਅਟੁੱਟ ਅੰਗ ਹੈ ਜਿਸ ਬਾਰੇ ਕਸ਼ਮੀਰ ਦੀ ਹਾਈ ਕੋਰਟ ਨੂੰ ਵੀ ਕਹਿਣਾ ਪੈ ਰਿਹਾ ਹੈ ਕਿ ਭਾਰਤੀ ਫੌਜ ਨੂੰ ਕਸ਼ਮੀਰੀ ਲੋਕਾਂ ਨਾਲ ਭਾਰਤ ਵਾਸੀਆਂ ਵਾਂਗ ਵਰਤਾਓ ਕਰਨਾ ਚਾਹੀਦਾ ਹੈ। ਕਸ਼ਮੀਰ ਦਾ ਹਰ ਜਿਲਾ, ਹਰ ਤਹਿਸੀਲ ਅਤੇ ਹਰ ਪਿੰਡ ਫੌਜੀ ਕਮਾਂਡਰਾਂ ਵਿੱਚ ਵੰਡਿਆ ਹੋਇਆ ਹੈ। ਝੂਠੇ ਪੁਲੀਸ ਮੁਕਾਬਲੇ ਬਣਾਉਣੇ, ਔਰਤਾਂ ਨਾਲ ਬਲਾਤਕਾਰ ਕਰਨੇ, ਲੋਕਾਂ ਦੇ ਘਰ ਢਾਹ ਦੇਣੇ, ਘਰਾਂ ਨੂੰ ਅੱਗ ਲਾ ਦੇਣੀ ਅਤੇ ਪੈਲਟ ਗੋਲੀਆਂ ਨਾਲ ਲੋਕਾਂ ਨੂੰ ਛਣਨੀ ਕਰ ਦੇਣਾ ਕਸ਼ਮੀਰ ਵਿੱਚ ਆਮ ਵਰਤਾਰਾ ਬਣਿਆ ਹੋਇਆ ਹੈ। ਕਸ਼ਮੀਰੀ ਲੋਕ ਸੈਨਿਕ ਬਲਾਂ ਦਾ ਜ਼ੁਲਮ ਪਿਛਲੇ ਢਾਈ ਦਹਾਕਿਆਂ ਤੋਂ ਝੱਲ ਰਹੇ ਹਨ। ਹੁਰੀਅਤ ਕਾਨਫਰੰਸ ਅਤੇ ਕਸ਼ਮੀਰੀ ਪਾਰਟੀਆਂ ਦੇ ਆਗੂ ਪੁਰਾਣੇ ਮਹੌਲ 'ਚ ਪਲੇ ਹੋਣ ਕਰਕੇ ਉਹ ਸ਼ਾਂਤਮਈ ਸ਼ਕਲਾਂ ਨਾਲ ਜਦੋਜਹਿਦ ਕਰਨ ਦੇ ਆਦੀ ਹੋਣ ਕਰਕੇ ਹੁਣ ਦੇ ਨੌਜੁਆਨਾਂ ਸਾਹਮਣੇ ਵੇਲਾ ਵਿਹਾ ਚੁੱਕੇ ਹਨ। ਕਸ਼ਮੀਰ ਦੀ ਹੁਣ ਵਾਲੀ ਨਵੀਂ ਪੀੜੀ ਫੌਜ ਅਤੇ ਪੁਲੀਸ ਦੀਆਂ ਲਾਠੀਆਂ ਗੋਲੀਆਂ ਅਤੇ ਤਸ਼ੱਦਦ ਵਾਲੇ ਮਹੌਲ ਦੀਆਂ ਪੈਦਾਇਸ਼ ਹਨ ਅਤੇ ਇਹ ਹਾਲਾਤ ਉਨਾਂ ਦੀ ਜਿੰਦਗੀ ਜਿਓਣ ਦਾ ਅੰਗ ਬਣ ਚੁੱਕੇ ਹਨ। ਬੇਗੈਰਤ ਅਤੇ ਜਲਾਲਤ ਵਾਲੀ ਜਿੰਦਗੀ ਦੀ ਥਾਂ ਉਹ ਸਵੈਮਾਣ ਨਾਲ ਜਿੰਦਗੀ ਜਿਉਣਾ ਲੋਚਦੇ ਹਨ ਅਤੇ ਇਸ ਵਾਸਤੇ ਉਹ ਆਪਣੀ ਜਾਨ ਵੀ ਕੁਰਬਾਨ ਕਰਨ ਨੂੰ ਤਿਆਰ ਹਨ। ਭਾਰਤੀ ਰਾਜ ਵਿਰੁੱਧ ਕਸ਼ਮੀਰੀ ਲੋਕਾਂ ਦੇ ਉੱਠੇ ਵਿਦਰੋਹ ਦੀ ਮੁੱਖ ਮੰਗ ਆਜ਼ਾਦੀ ਬਣ ਕੇ ਉੱਭਰੀ ਹੈ। ਕਸ਼ਮੀਰੀ ਲੋਕਾਂ ਨੇ ਪਿਛਲੇ ਡੇਢ ਮਹੀਨੇ ਤੋਂ ਵੱਧ ਲੰਬੇ ਕਰਫਿਊ ਵਾਲੀ ਹਾਲਤ ਵਿੱਚ ਹਥਿਆਰਬੰਦ ਜਦੋਜਹਿਦ ਨਾਲੋ ਵੀ ਔਖੀ ਲੜਾਈ ਜਾਰੀ ਰੱਖੀ ਹੈ ਅਤੇ ਕਰਫਿਊਆਂ ਦੇ ਲੰਬੇ ਇਤਿਹਾਸ ਦਾ ਇਕ ਰਿਕਾਰਡ ਕਾਇਮ ਕੀਤਾ ਹੈ। ਉਹ ਜਾਨਾਂ ਦੀ ਬਾਜੀ ਲਾ ਕੇ ਵੀ ਆਪਣੇ ਬੇਮੇਚੇ ਦੁਸ਼ਮਣ ਨਾਲ ਪੱਥਰ ਅਤੇ ਰੋੜਿਆਂ ਨਾਲ ਪੁਲੀਸ ਅਤੇ ਫੌਜ ਦੀਆਂ ਵਰਦੀਆਂ ਪੈਲਟ ਅਤੇ ਬਰੂਦ ਦੀਆਂ



ਗੋਲੀਆਂ ਦਾ ਟਾਕਰਾ ਕਰ ਰਹੇ ਹਨ। ਉਨਾਂ ਦੀ ਇਹ ਲੜਾਈ ਆਪਣੀ ਹੋਣੀ ਆਪ ਤੈਅ ਕਰਨ ਵਾਸਤੇ ਰਾਇਸ਼ੁਮਾਰੀ ਰਾਹੀਂ 'ਆਤਮ ਨਿਰਣੇ' ਲਈ ਲੜਾਈ ਹੈ। ਉਨਾਂ ਦੀ ਇਸ ਹੱਕੀ ਲੜਾਈ ਦਾ ਸਾਰੇ ਇਨਸਾਫ਼ ਅਤੇ ਜਮਹੂਰੀਪਸੰਦ ਲੋਕਾਂ ਨੂੰ ਹਰ ਤਰਾਂ ਨਾਲ ਸਾਥ ਦੇਣਾ ਚਾਹੀਦਾ ਹੈ।

647-924-9087

# ਨਹਿਰੂ ਕਾਲਜ ਵਿੱਚ ਵਿਦਿਆਰਥੀ ਜਥੇਬੰਦੀਆਂ ਨੇ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਮਨਾਇਆ



ਅੱਜ ਮਾਨਸਾ ਦੇ ਨਹਿਰੂ ਮੈਮੋਰੀਅਲ ਸਰਕਾਰੀ ਕਾਲਜ ਵਿੱਚ ਵਿਦਿਆਰਥੀ ਜਥੇਬੰਦੀਆਂ ਪੰਜਾਬ ਸਟੂਡੈਂਟਸ ਯੂਨੀਅਨ (ਲਲਕਾਰ), ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ ਤੇ ਡੈਮੋਕ੍ਰੇਟਿਕ ਸਟੂਡੈਂਟਸ ਆਰਗੇਨਾਈਜੇਸ਼ਨ ਵੱਲੋਂ ਸ਼ਹੀਦੇ ਆਜਮ ਭਗਤ ਸਿੰਘ ਦੀ ਯਾਦ ਵਿੱਚ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਮਸ਼ਹੂਰ ਸਾਹਿਤ ਆਲੋਚਕ ਤੇ ਮਾਰਕਸਵਾਦੀ ਚਿੰਤਕ ਡਾ. ਸੁਰਜੀਤ ਭੱਟੀ ਮੁੱਖ ਬੁਲਾਰੇ ਵਜੋਂ ਸ਼ਾਮਲ ਹੋਏ। ਸ਼ਹੀਦ ਭਗਤ ਸਿੰਘ ਦੀ ਫੋਟੋ ਤੇ ਫੁੱਲਾਂ ਦੀ ਮਾਲਾ ਚੜਾਉਣ ਤੋਂ ਮਗਰੋਂ ਡਾ. ਸੁਰਜੀਤ ਸਿੰਘ ਭੱਟੀ ਨੇ ਸ਼ਹੀਦ ਭਗਤ ਸਿੰਘ ...ਦੇ ਜੀਵਨ ਤੇ ਵਿਚਾਰਧਾਰਾ ਸਬੰਧੀ ਵਿਸਥਾਰਪੂਰਵਕ ਗੱਲਾਂ ਕੀਤੀਆਂ। ਉਹਨਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅੱਜ ਸ਼ਹੀਦ ਭਗਤ ਸਿੰਘ ਦੇ ਸਹੀ ਅਕਸ ਨੂੰ ਲੋਕਾਂ ਸਾਹਮਣੇ ਪੇਸ਼ ਕਰਨ ਦੀ ਬਹੁਤ ਲੋੜ ਹੈ, ਕਿਉਂਕਿ ਅਜੋਕੇ ਮੀਡੀਆ ਤੇ ਗੰਧਲੇ ਸੱਭਿਆਚਾਰਕ ਹਨੇਰੀ ਦੇ ਮਹੌਲ ਵਿੱਚ ਭਗਤ ਸਿੰਘ ਦਾ ਅਕਸ ਕਿਤੇ ਧੁੰਦਲਾ ਹੋ ਗਿਆ ਹੈ ਤੇ ਪੜਨ ਲਿਖਣ ਤੇ ਵਿਚਾਰਵਾਨ, ਬੁੱਧੀਜੀਵੀ ਭਗਤ ਸਿੰਘ ਦੀ ਥਾਂ ਅੱਜਕੱਲ ਕੁੰਡੀਆਂ ਮੁੱਛਾਂ ਤੇ ਪੱਗਾਂ ਵਾਲੇ ਭਗਤ ਸਿੰਘ ਨੇ ਲੈ ਲਈ ਹੈ। ਭਗਤ ਸਿੰਘ ਨੂੰ ਅੱਜਕੱਲ ਵੈਲੀ ਬਣਾਕੇ ਪੇਸ਼ ਕੀਤਾ ਜਾ ਰਿਹਾ ਹੈ। ਜਦੋਂ ਕਿ ਉਹ ਨਿੱਕੀ ਉਮਰੇ ਇੱਕ ਵਿਦਵਾਨ ਕਿਸਮ ਦਾ ਨੌਜਵਾਨ ਸੀ, ਜਿਸਨੇ ਆਵਦੀਆਂ ਸਮੁਚੀਆਂ ਲਿਖਤਾਂ ਵਿੱਚ ਪੂਰੀ ਦੁਨੀਆਂ ਵਿੱਚ ਚੱਲਣ ਵਾਲੀ ਹਰੇਕ ਲਹਿਰ ਦਾ ਜਿਕਰ ਕੀਤਾ ਹੈ ਤੇ ਸਮਾਜ ਦੀ ਹਰੇਕ ਸਮੱਸਿਆ ਬਾਰੇ ਲਿਖਿਆ ਹੈ। ਉਹਨਾਂ ਕਿਹਾ ਕਿ ਭਗਤ ਸਿੰਘ ਦੁਆਰਾ ਲਿਖੇ ਫਿਰਕਾਪ੍ਰਸਤੀ, ਜਾਤ ਪਾਤ ਤੇ ਰਾਜਨੀਤੀ ਨਾਲ ਸਬੰਧਿਤ ਲੇਖ ਅੱਜ ਵੀ ਬੇਹੱਦ ਪ੍ਰਸੰਗਕ ਹਨ। ਸੰਬੋਧਨ ਕਰਦਿਆਂ ਡਾ. ਭੱਟੀ ਨੇ ਇਹ ਵੀ ਕਿਹਾ ਕਿ ਭਗਤ ਸਿੰਘ ਦੁਆਰਾ ਗਰੀਬੀ, ਅਨਿਆਂ ਤੇ ਲੁੱਟ ਦੇ ਵਿਰੁੱਧ ਵਿੱਢੀ ਲੜਾਈ ਅੱਜ ਵੀ ਜਾਰੀ ਰਹਿਣੀ ਚਾਹੀਦੀ ਹੈ, ਕਿਉਂਕਿ ਸ਼ਹੀਦਾਂ ਦੇ ਸੁਪਨਿਆਂ ਦੇ ਸਮਾਜ ਅੱਜ ਵੀ ਨਹੀਂ ਬਣਿਆ। ਇਸਤੋਂ ਇਲਾਵਾ ਵਿਚਾਰ ਪੇਸ਼ ਕਰਦਿਆਂ ਮੁੱਖ ਬੁਲਾਰੇ ਨੇ ਸ਼ਹੀਦ ਭਗਤ ਦੇ ਜੀਵਨ ਦੇ ਕਈ ਪਹਿਲੂਆਂ ਤੇ ਚਾਨਣਾ ਪਾਇਆ ਤੇ ਨਾਲ ਨਾਲ ਅਜੋਕੇ ਸਮੇਂ ਚ ਆਮ ਕਿਰਤੀ ਲੋਕਾਂ ਦੇ ਹਾਲਤ ਬਾਰੇ ਵੀ ਵਿਚਾਰ ਪੇਸ਼ ਕੀਤੇ। ਇਸ ਮੌਕੇ ਮਾਤਾ ਸੁੰਦਰੀ ਕਾਲਜ ਦੇ ਪ੍ਰਿੰਸੀਪਲ ਡਾ. ਵਰਿੰਦਰ ਕੌਰ, ਡਾ. ਅਵਤਾਰ ਸਿੰਘ ਤੇ ਪ੍ਰੋ. ਬਿੱਕਰਜੀਤ ਸਿੰਘ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ। ਅੰਤ ਵਿੱਚ ਡਾ. ਸੁਰਜੀਤ ਭੱਟੀ ਨੂੰ ਸਨਮਾਨ ਚਿੰਨ ਤੇ ਕਿਤਾਬਾਂ ਦਾ ਸੈੱਟ ਦੇਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨਹਿਰੂ ਕਾਲਜ ਦੇ ਡਾ. ਇੰਦਰਪਾਲ ਕੌਰ, ਪ੍ਰਿੰਸੀਪਲ ਚਰਨਜੀਤ ਸਿੱਧੂ ਤੋਂ ਇਲਾਵਾ ਕਾਲਜ ਦਾ ਸਾਰਾ ਸਟਾਫ ਹਾਜਰ ਸੀ। ਵਿਦਿਆਰਥੀਆਂ ਨੇ ਸੈਮੀਨਾਰ ਵਿੱਚ ਭਰਵੀਂ ਸ਼ਮੂਲੀਅਤ ਕੀਤੀ। ਸਟੇਜ ਸੰਚਾਲਨ ਦੀ ਭੂਮਿਕਾ ਆਇਸਾ ਦੇ ਪ੍ਰਦੀਪ ਗੁਰੂ ਨੇ ਨਿਭਾਈ। ਸੈਮੀਨਾਰ ਦੌਰਾਨ ਕਾਲਜ ਦੇ ਵਿਦਿਆਰਥੀਆਂ ਵੱਲੋਂ ਇਨਕਲਾਬੀ ਗੀਤਾਂ ਦੀ ਪੇਸ਼ਕਾਰੀ ਵੀ ਕੀਤੀ ਗਈ। ਅੰਤ 'ਚ ਪੀਐਸਯੂ(ਲਲਕਾਰ) ਦੇ ਛਿੰਦਰਪਾਲ ਤੇ ਡੀਐਸਓ ਦੇ ਕ੍ਰਿਸ਼ਨ ਚੌਹਾਨ ਨੇ ਮੁੱਖ ਬੁਲਾਰੇ ਸਮੇਤ ਸਾਰੇ ਸਟਾਫ ਤੇ ਵਿਦਿਆਰਥੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਗੁਲਾਬ ਸਿੰਘ, ਗਗਨਦੀਪ ਬੱਬੂ, ਧਰਮਪਾਲ ਸਿੰਘ, ਮਨਪ੍ਰੀਤ ਮਾਨਸਾ ਤੇ ਗਗਨਦੀਪ ਗਿੱਲ ਸਮੇਤ ਤਿੰਨਾਂ ਜਥੇਬੰਦੀਆਂ ਦੇ ਹੋਰ ਵੀ ਕਾਰਕੁੰਨ ਹਾਜਰ ਸਨ।

-ਸਰੋਕਾਰਾਂ ਦੀ ਆਵਾਜ਼







# "ਕਵਿਤਾ ਦੀ ਲਾਟ ਦਾ ਜਸ਼ਨ" ਦੀ ਸੰਪਾਦਨਾ







**ਡਾ. ਗੁਰੂਮੇਲ ਸਿੱਧੂ**

ਭੂਪਿੰਦਰ ਧਾਲੀਵਾਲ ਵਲੋਂ ਸੰਪਾਦਿਤ ਸੁਰਿੰਦਰ ਧੰਜਲ ਦੀ ਪੁਸਤਕ, "ਕਵਿਤਾ ਦੀ ਲਾਟ" ਬਾਰੇ ਲਿਖੇ ਲੇਖਾਂ ਨੂੰ ਵਾਚਣ ਦਾ ਮੌਕਾ ਮਿਲਿਆ। ਸੁਰਿੰਦਰ ਅਤੇ ਭੂਪਿੰਦਰ ਨੂੰ ਮੈਂ ਤਕਰੀਬਨ 40 ਸਾਲਾਂ ਤੋਂ ਜਾਣਦਾ ਹਾਂ; ਸੁਰਿੰਦਰ ਇਕ ਦੋਸਤ ਹੈ ਅਤੇ ਭੂਪਿੰਦਰ ਮੇਰਾ ਛੋਟਾ ਵੀਰ। ਇਹ ਦੋਵੇਂ ਮੇਰੇ ਸੰਪਰਕ ਵਿਚ ਓਦੋਂ ਆਏ ਜਦ ਮੈਂ ਯੂ. ਬੀ. ਸੀ. ਵਿਚ ਪੀਐਚ.ਡੀ. ਦਾ ਵਿਦਿਆਰਥੀ ਸੀ। ਕੁਝ ਚਿਰ ਸਾਇਮਨ ਫਰੇਜ਼ਰ ਯੂਨੀਵਰਸਿਟੀ ਵਿਚ ਪੜ੍ਹਾਉਣ ਉਪਰੰਤ ਮੈਂ 1980 ਵਿਚ ਅਮਰੀਕਾ ਆ ਗਿਆ। ਭੂਪਿੰਦਰ ਨਾਲ ਮੇਰਾ ਨਾਤਾ ਨਿਰੰਤਰ ਬਣਿਆਂ ਰਿਹਾ, ਪਰ ਸੁਰਿੰਦਰ ਨਾਲ ਮੇਰਾ ਸੰਪਰਕ ਕੁਝ ਚਿਰ ਲਈ ਟੁੱਟ ਗਿਆ। ਇਹ ਨਾਤਾ ਓਦੋਂ ਫੇਰ ਸਥਾਪਤ ਹੋ ਗਿਆ ਜਦ ਧੰਜਲ, ਪਾਸ਼ ਲਈ ਸ਼ਰਧਾਂਜਲੀ ਸਮਾਰੋਹ ਅਯੋਜਤ ਕਰਨ ਅਮਰੀਕਾ ਆਉਂਦਾ-ਜਾਂਦਾ ਰਿਹਾ।

ਮੈਨੂੰ ਇਹ ਤਾਂ ਪਤਾ ਸੀ ਕਿ ਭੂਪਿੰਦਰ ਇਕ ਗੁਣਵਾਨ ਨਾਟਕਕਾਰ ਹੈ, ਲੇਖਕ ਵਜੋਂ ਵੀ ਤੇ ਖੇਡਣ ਵਿਚ ਵੀ। ਪਰ ਉਸ ਦੀ ਸੰਪਾਦਕੀ ਸੂਝ-ਬੂਝ ਬਾਰੇ "ਕਵਿਤਾ ਦੀ ਲਾਟ ਦਾ ਜਸ਼ਨ" ਪੜ੍ਹ ਕੇ ਪਤਾ ਲਗਿਆ। ਵਿਹੜੇ ਦੇ ਭਾਗ ਬਨੇਰੇ ਤੋਂ ਦਿਸ ਪੈਂਦੇ ਹਨ, ਭੂਪਿੰਦਰ ਦੀ ਸੰਪਾਦਕੀ ਕਲਾਕੌਸ਼ਲਤਾ ਬਾਰੇ ਪੁਸਤਕ ਦੇ ਨਾਮਕਰਨ ਤੋਂ ਪਤਾ ਲੱਗ ਗਿਆ। "ਕਵਿਤਾ ਦੀ ਲਾਟ ਦਾ ਜਸ਼ਨ" ਪੜ੍ਹ ਕੇ ਮੈਂ ਭੁਲੇਖਾ ਖਾ ਗਿਆ ਕਿ ਸ਼ਾਇਦ ਇਹ ਸੁਰਿੰਦਰ ਦੀ ਪੁਸਤਕ ਦਾ ਨਾਂ ਹੈ। ਪੜ੍ਹਨ ਉਪਰੰਤ ਮਾਲੂਮ ਹੋਇਆ ਕਿ ਇਹ ਤਾਂ, "ਕਵਿਤਾ ਦੀ ਲਾਟ", ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਪੁਸਤਕ ਦੇ ਨਾਂ ਨਾਲ ਸ਼ਬਦ 'ਜਸ਼ਨ' ਜੋੜ ਕੇ ਭੂਪਿੰਦਰ ਨੇ ਇਸ ਪੁਸਤਕ ਦੇ ਸਰਵਰਕ ਨੂੰ ਹੀ ਆਕਰਸ਼ਕ ਨਹੀਂ ਬਣਾਇਆ, ਇਸ ਨੂੰ ਪੜ੍ਹਨ ਦੀ ਰੁਚੀ ਵਿਚ ਵੀ ਇਜ਼ਾਫਾ ਕੀਤਾ ਹੈ। ਇਸ ਜਸ਼ਨ ਵਿਚ ਪੰਜਾਬੀ ਦੇ ਨਾਮਵਰ ਆਲੋਚਕਾਂ ਤੋਂ ਛੁੱਟ, ਨਵੇਂ ਲੇਖਕ ਵੀ ਆਪਣੀ-ਆਪਣੀ ਰਾਏ ਲੈ ਕੇ ਸ਼ਾਮਿਲ ਹੋਏ ਹਨ। ਇਕ ਪ੍ਰਕਾਰ ਨਾਲ ਇਹ ਪੁਸਤਕ ਵੰਨ-ਸੁਵੰਨੇ ਲੇਖਾਂ ਦਾ ਗੁਲਦਸਤਾ ਹੈ ਜਿਸ ਦੀ ਤਰਤੀਬ ਬੜੇ ਸਾਰਥਿਕ ਢੰਗ ਨਾਲ ਕੀਤੀ ਗਈ ਹੈ। ਭੂਪਿੰਦਰ ਨੇ ਪੁਸਤਕ ਦੇ ਤਤਕਰੇ ਨੂੰ ਪੰਜ ਭਾਗਾਂ ਵਿਚ ਵੰਡਿਆ ਹੈ: ਸ਼ਖ਼ਸੀਅਤ, ਕਾਵਿ-ਲੋਕ, ਵਿਸ਼ੇਸ਼ ਸੰਦਰਭ, ਭਾਸ਼ਾ ਦੇ ਆਰ-ਪਾਰ ਅਤੇ ਸ਼ੁਭ-ਇੱਛਾਵਾਂ। ਹਰ ਸਿਰਲੇਖ ਹੇਠਾਂ ਦਰਜ ਕੀਤੀ ਗਈ ਸਮੱਗਰੀ, ਸੰਬੰਧਤ ਵਿਸ਼ੇ ਤੇ ਕੇਂਦ੍ਰਿਤ ਹੈ। ਤਤਕਰੇ ਤੋਂ ਬਾਅਦ ਹਰ ਸਿਰਲੇਖ ਹੇਠ ਲੇਖਕ-ਸੂਚੀ ਦਿੱਤੀ ਹੈ। ਪੁਸਤਕ ਦੀ ਸਮੱਗਰੀ ਦਾ ਆਰੰਭ ਭੂਪਿੰਦਰ ਵਲੋਂ ਲਿਖੀਆਂ ਦੋ ਸੰਪਾਦਕੀਆਂ ਨਾਲ ਹੁੰਦਾ ਹੈ। ਇਨ੍ਹਾਂ ਸੰਪਾਦਕੀਆਂ ਨੇ ਮੈਨੂੰ ਬਹੁਤ ਪ੍ਰਭਾਵਤ ਕੀਤਾ।

ਪਹਿਲੀ ਸੰਪਾਦਕੀ ਦੇ ਸ਼ੀਰਸ਼ਕ, "ਹਰਫ਼-ਮੁਸਾਫ਼ਰ" ਨੇ ਮੇਰੀ ਸੋਚ ਨੂੰ ਅਜੇਹਾ ਝੂਣਿਆਂ ਕਿ ਮਨ ਵਿਚ ਥਰਥਰਾਹਟ ਪੈਦਾ ਹੋ ਗਈ। 'ਹਰਫ਼' ਤੇ 'ਮੁਸਾਫ਼ਰ' ਸ਼ਬਦਾਂ ਦੀ ਅਨੋਖੀ ਸੰਧੀ ਤੋਂ ਭੂਪਿੰਦਰ ਦੀ ਭਾਸ਼ਾਈ ਸੂਝਬੂਝ ਦਾ ਵੀ ਪਤਾ ਲੱਗਿਆ। ਇਸ ਸੰਪਾਦਕੀ ਵਿਚ ਭੂਪਿੰਦਰ ਨੇ ਵਿਦਿਆਰਥੀ ਦਿਨਾਂ ਦੌਰਾਨ ਸੁਰਿੰਦਰ ਨਾਲ ਸਬੱਬੀਂ ਮਿਲਣ ਨੂੰ ਬੜੇ ਨਾਟਕੀ ਢੰਗ ਨਾਲ ਚਿਤਰਿਆ ਹੈ। ਉਹ ਲਿਖਦਾ ਹੈ, "1970ਵਿਆਂ ਦੇ ਨੇੜੇ-ਤੇੜੇ ਮੈਂ ਗੁਰੂ ਹਰ ਗੋਬਿੰਦ ਖ਼ਾਲਸਾ ਕਾਲਜ ਗੁਰੂਸਰ ਸੁਧਾਰ ਦਾ ਵਿਦਿਆਰਥੀ ਸਾਂ। ਗੁਰੂ ਨਾਨਕ ਇੰਜਨੀਅਰਿੰਗ ਕਾਲਜ, ਲੁਧਿਆਣੇ ਦਾ ਤਿੱਖੇ-ਤਿੱਖੇ ਨਕਸ਼ਾਂ ਵਾਲਾ ਮਾੜਕੂ ਜਿਹਾ ਇਕ ਵਿਦਿਆਰਥੀ ਪੋਲੇ-ਪੋਲੇ ਪੱਬੀਂ ਬੜੀ ਸਹਿਜਤਾ ਨਾਲ ਸਟੇਜ 'ਤੇ ਆਇਆ, ਮਾਇਕ 'ਤੇ ਖੜੋਇਆ, ਸਰੋਤਿਆਂ ਨੂੰ ਤੋਲਿਆ ਤੇ ਫਿਰ ਬਾਂਹ ਉੱਚੀ ਕਰਕੇ ਬੋਲਣਾ ਸ਼ੁਰੂ ਕੀਤਾ। ਸ਼ਹੀਦ ਭਗਤ ਸਿੰਘ ਬਾਰੇ ਨਜ਼ਮ ਸੀ। ਫ਼ੌਲਾਦੀ ਆਵਾਜ਼ ਤੇ ਲਫ਼ਜ਼ ਨਿਰਾ ਬਰੂਦ! ਮੇਲਾ ਲੁੱਟ ਕੇ ਲੈ ਜਾਣ ਵਾਲਾ ਇਹ ਵਿਦਿਆਰਥੀ ਸੀ, ਸੁਰਿੰਦਰ ਧੰਜਲ।" ਦੋਹਾਂ ਦੀ ਦੋਸਤਾਨਾ ਕਿਗੜੀ ਕੈਨੇਡਾ ਆ ਕੇ ਉਸ ਵੇਲੇ ਪੱਕੀ ਹੋਈ ਜਦ ਸੁਰਿੰਦਰ ਨੇ ਹੱਥ-ਲਿਖਤ ਪਰਚਾ "ਵਤਨੋ-ਦੂਰ" ਸ਼ੁਰੂ ਕੀਤਾ। ਇਸ ਪਰਚੇ ਦਾ ਪਹਿਲਾ ਸਹਾਇਕ ਸੰਪਾਦਕ ਭੂਪਿੰਦਰ ਧਾਲੀਵਾਲ ਸੀ । ਦੂਜੀ ਸੰਪਾਦਕੀ, 'ਚੋਣਵੇਂ ਕਥਨ', ਵਿਚ ਭੂਪਿੰਦਰ ਨੇ ਧੰਜਲ ਦੀ ਸਾਹਿਤਕਾਰੀ ਬਾਰੇ ਵੱਖ ਵੱਖ ਲੇਖਕਾਂ ਦੇ ਵਿਚਾਰਾਂ ਦਾ ਖੁਲਾਸਾ ਪੇਸ਼ ਕੀਤਾ ਹੈ। ਮੇਰੇ






ਲਈ ਇਹ ਸੰਪਾਦਕੀ ਬਹੁਤ ਲਾਭਦਾਇਕ ਸਿੱਧ ਹੋਈ। ਨਾਮਵਰ ਲੇਖਕਾਂ ਦੇ ਵਿਚਾਰ ਤਾਂ ਮੈਂ ਉਨ੍ਹਾਂ ਦੇ ਲੇਖਾਂ ਚੋਂ ਸਿੱਧੇ ਕਸ਼ੀਦ ਕਰ ਲਏ ਅਤੇ ਨਵੇਂ ਲੇਖਕਾਂ ਦੇ ਵਿਚਾਰਾਂ ਬਾਰੇ ਇਸ ਸੰਪਾਦਕੀ ਤੋਂ ਪਤਾ ਲੱਗ ਗਿਆ। ਕਿਸੇ ਲੰਬੇ ਲੇਖ ਚੋਂ ਕੇਂਦਰੀ ਬਿੰਦੂ ਨੂੰ ਕਸ਼ੀਦ ਕਰਨਾ, ਭੂਪਿੰਦਰ ਦੀ ਸੰਪਾਦਕੀ ਕਲਾਕੌਸ਼ਲਤਾ ਵਲ ਸੰਕੇਤ ਕਰਦਾ ਹੈ। ਸੰਪਾਦਨਾ ਦੀ ਇਹ ਵਿਉਂਤ ਮੈਂ ਪਹਿਲੀ ਵਾਰ ਦੇਖੀ ਹੈ।'ਚੋਣਵੇਂ ਕਥਨ' ਵਿਚੋਂ ਕੁਝ ਲੇਖਕਾਂ ਦੇ ਸੰਖੇਪ ਜਹੇ ਵਿਚਾਰ ਦੇਣ ਦੀ ਖੁੱਲ ਲਵਾਂਗਾ।

ਨਾਮਵਰ ਕਹਾਣੀਕਾਰ ਗੁਰਬਚਨ ਭੁੱਲਰ ਲਿਖਦਾ ਹੈ ਕਿ, ਲੰਮੇ ਸੰਘਰਸ਼ੀ ਜੀਵਨ ਵਿਚ ਜੋ ਅਨੁਭਵ ਸੁਰਿੰਦਰ ਨੇ ਗ੍ਰਹਿਣ ਕੀਤਾ ਹੈ, ਉਹ ਉਜਲੇ-ਨਿਖਰੇ-ਹਿਤੈਸ਼ੀ ਰੰਗ ਵਿਚ ਕਵਿਤਾ ਰਾਹੀਂ ਸਾਡੇ ਪਾਸ ਪੁਜਿਆ ਹੈ।ਗ਼ਜ਼ਲਗੋ ਜਸਵਿੰਦਰ ਅਨੁਸਾਰ ਧੰਜਲ ਦੀ ਕਵਿਤਾ ਜੁਝਾਰਵਾਦੀ ਕਵਿਤਾ ਦੇ ਉਤਰਾਵਾਂ ਚੜ੍ਹਾਵਾਂ ਦੀ ਗਵਾਹ ਹੈ ਜੋ ਅੱਜ ਵੀ ਸੰਤਾਪੇ ਸਮਿਆਂ ਦੀ ਹਿੱਕ ਵਿਚ ਗਹਿਰਾ ਉਤਰ ਕੇ ਵਹਿ ਰਹੀ ਹੈ। ਸਮਰੱਥ ਕਵੀ ਰਾਮੂਵਾਲੀਆ ਅਨੁਸਾਰ "ਕਵਿਤਾ ਦੀ ਲਾਟ" ਚੋਂ ਨਿੱਘ ਦਾ ਸੇਕ ਆਉਂਦਾ ਹੈ; ਸੁਰਿੰਦਰ ਦੀ ਕਵਿਤਾ ਬੇਈਮਾਨ ਤੇ ਮੱਕਾਰੀ ਰਾਜਸੀ ਤਾਕਤਾਂ ਨੂੰ ਲਲਕਾਰਦੀ ਹੈ। ਸਮਰੱਥ ਸੰਪਾਦਕ ਰਘਬੀਰ ਸਿੰਘ ਸਿਰਜਣਾ ਅਨੁਸਾਰ, ਧੰਜਲ ਦੀ ਕਵਿਤਾ ਚਾਹੇ ਕ੍ਰਾਂਤੀਕਾਰੀ ਚੇਤਨਾ ਨਾਲ ਬਾਵਸਤਾ ਹੋਵੇ ਜਾਂ ਕਿਸੇ ਵਿਸ਼ੇਸ ਪ੍ਰਕਾਰ ਦੀ ਚੇਤਨਾ ਦੀ ਤਰਜਮਾਨੀ ਕਰਦੀ ਹੋਵੇ, ਇਹ ਕਾਵਿ-ਸੋਹਜ ਨੂੰ ਉਰੇ-ਪਰੇ ਨਹੀਂ ਹੋਣ ਦਿੰਦੀ। ਧੰਜਲ ਦੀ ਕਵਿਤਾ ਬਾਰੇ ਜੋਗਿੰਦਰ ਕੈਰੋਂ, ਮੋਹਨਜੀਤ, ਸੁਖਦੇਵ ਸਿੰਘ ਸਿਰਸਾ ਅਤੇ ਸੁਰਜੀਤ ਭੱਟੀ ਵਰਗੇ ਆਲੋਚਕਾਂ ਦੀਆਂ ਰਾਵਾਂ ਵੀ ਸ਼ਲਾਘਾ ਯੋਗ ਹਨ। ਨਵੀਂ ਆਲੋਚਕ ਡਾ. ਜਸਪਾਲ ਕੌਰ ਦੇ ਵਿਚਾਰਾਂ ਨੇ ਮੈਨੂੰ ਕਾਫੀ ਪ੍ਰਭਾਵਤ ਕੀਤਾ ਹੈ। ਉਸ ਅਨੁਸਾਰ, "ਕਵਿਤਾ ਦੀ ਲਾਟ ਸ਼ਬਦਾਂ ਦੇ ਜਸ਼ਨ ਰਾਹੀਂ ਲਾਟ ਤਕ ਦਾ ਸਫ਼ਰ ਤੈਅ ਕਰਦੀ ਹੈ ਜੋ ਸ਼ਾਇਰ ਦੀ ਅੰਦਰਲੀ ਬਹੁਨਾਦੀ ਚੇਤਨਾਂ ਦੇ ਆਤਮ-ਮੰਥਨ ਰਾਹੀਂ ਆਲੇ-ਦੁਆਲੇ ਨੂੰ ਰੁਸ਼ਨਾ ਰਹੀ ਹੈ।"

ਪੁਸਤਕ ਦੇ ਆਖੀਰ ਵਿਚ ਕੁਝ ਲੇਖਕਾਂ ਦੀਆਂ ਸ਼ੁਭ-ਇੱਛਾਵਾਂ ਵੀ ਅੰਕਿਤ ਹਨ। ਇਨ੍ਹਾਂ ਵਿਚ ਇਕ ਰਾਏ ਪ੍ਰਸਿੱਧ ਕਵੀ ਗੁਰਚਰਨ ਰਾਮਪੁਰੀ ਦੀ ਹੈ।ਉਹ ਲਿਖਦਾ ਹੈ ਕਿ, ਸੁਰਿੰਦਰ ਧੰਜਲ ਸੋਚ ਸਮਝ ਕੇ ਬੋਲਦਾ ਹੈ ਤੇ ਆਪਣੇ ਵਿਚਾਰਾਂ ਲਈ ਮੁਲਾਇਮ ਸ਼ਬਦ ਵਰਤਦਾ ਹੈ।ਇਕ ਵੱਡੇ ਕਵੀ ਵਲੋਂ ਇਸ ਤਰਾਂ ਦੀ ਸ਼ਲਾਘਾ ਧੰਜਲ ਲਈ ਵਰਦਾਨ ਹੈ। ਪੁਸਤਕ ਦੇ ਸਰਵਰਕ ਦੇ ਪਿਛਲੇ ਪਾਸੇ ਭੂਪਿੰਦਰ ਧਾਲੀਵਾਲ ਨੇ ਇਕ ਬਹੁਤ ਹੀ ਸ਼ਲਾਘਾ ਯੋਗ ਗੱਲ ਕਹੀ ਹੈ ਜੋ ਪੰਜਾਬੀਆਂ ਦੇ ਸੁਭਾ ਤੇ ਕਰਾਰੀ ਚੋਟ ਕਰਦੀ ਹੈ। ਉਹ ਲਿਖਦਾ ਹੈ, ਕਿ ਅਸੀਂ ਪੰਜਾਬੀ ਲੋਕ ਜਿਉਂਦਿਆਂ ਨੂੰ ਅਣਡਿੱਠ ਜਾਂ ਬੇਕਦਰੀ ਕਰਨ ਅਤੇ ਜਾਂ ਮੋਇਆਂ ਦੀ ਯਾਦ ਵਿਚ ਮਗਰਮੱਛੀ ਹੰਝੂ ਵਹਾਉਣ ਅਤੇ ਸ਼ਰਧਾ ਦੇ ਫੁੱਲ ਚੜ੍ਹਾਉਣ ਲਈ ਮਸ਼ਹੂਰ ਹਾਂ; ਲੇਕਿਨ ਸੁਰਿੰਦਰ ਧੰਜਲ ਅਤੇ ਉਸ ਵਰਗੇ ਹੋਰ ਲੇਖਕਾਂ/ਕਲਾਕਾਰਾਂ ਦੀ ਜਿਉਂਦਿਆਂ ਜੀਅ ਕਦਰਦਾਨੀ ਨਹੀਂ ਕਰਦੇ, ਜੋ ਹੋਣੀ ਚਾਹੀਦੀ ਹੈ।

ਭੂਪਿੰਦਰ ਨੇ ਅਜੇ ਤੱਕ ਆਪਣੀ ਕੋਈ ਮੌਲਕ ਪੁਸਤਕ ਨਹੀਂ ਛਪਵਾਈ। "ਕਵਿਤਾ ਦੀ ਲਾਟ ਦਾ ਜਸ਼ਨ" ਦੀ ਸੰਪਾਦਨਾ ਕਰਕੇ ਇਸ ਰਾਹ ਵਲ ਪਹਿਲਾ ਕਦਮ ਜ਼ਰੂਰ ਪੁੱਟਿਆ ਹੈ। ਉਹ ਕਾਫੀ ਚਿਰ ਤੋਂ ਨਾਟਕ ਅਤੇ ਕਵਿਤਾ ਲਿਖ ਰਿਹਾ ਹੈ; ਮੈਂ ਉਸ ਨੂੰ ਚਿਰਾਂ ਤੋਂ ਇਨ੍ਹਾਂ ਲਿਖਤਾਂ ਨੂੰ ਪੁਸਤਕੀ ਰੂਪ ਦੇਣ ਲਈ ਕਹਿ ਰਿਹਾਂ। ਦੇਖਦੇ ਹਾਂ ਕਿ ਉਹ ਮੇਰਾ ਉਲਾਮ੍ਹਾ ਕਦੋਂ ਲਾਹੁੰਦਾ ਹੈ।

**(ਕੈਲੀਫੋਰਨੀਆ ਸਟੇਟ ਯੂਨੀਵਰਸਿਟੀ, ਫਰੇਜ਼ਨੋ, ਯੂ. ਐੱਸ. ਏ.)**

# ਮੀਡੀਏ ਉੱਤੇ ਸਰਕਾਰੀ ਦਬਾਅ ਦੇ ਦੌਰ ਵਿੱਚ

*'ਨਵਾਂ ਜ਼ਮਾਨਾ' ਪੰਜਾਬੀ ਦਾ ਅੱਗੇ ਵਧੂ ਵਿਚਾਰਾਂ ਵਾਲਾ ਅਖਬਾਰ ਹੈ। ਪੰਜਾਬੀ ਪੱਤਰਕਾਰੀ 'ਚ ਸਭ ਤੋਂ ਪਹਿਲਾਂ ਇਸੇ ਅਖ਼ਬਾਰ ਕੌਮੀ ਤੇ ਕੌਮਾਂਤਰੀ ਮੁਦਿਆਂ ਨੂੰ ਸ਼ਿੱਦਤ ਨਾਲ ਛੋਹਿਆ ਹੈ। ਕਿਸੇ ਸਮੇਂ ਇਹ ਅਖ਼ਬਾਰ ਨੂੰ ਪੱਤਰਕਾਰੀ ਦੀ ਯੂਨੀਵਰਸਿਟੀ ਕਿਹਾ ਜਾਂਦਾ ਸੀ। ਬੜੀਆਂ ਵੱਡੀਆਂ ਹਸਤੀਆਂ ਅਦਾਰੇ ਨੇ ਪੈਦਾ ਕੀਤੀਆਂ। ਅੱਜ ਵੀ 'ਨਵਾਂ ਜ਼ਮਾਨਾ' ਆਪਣੀ ਠੁੱਕਦਾਰ ਭਾਸ਼ਾ ਕਰਕੇ ਜਾਣਿਆ ਜਾਂਦਾ ਹੈ। ਅਖ਼ਬਾਰ ਦਾ ਐਤਵਾਰੀ ਅੰਕ ਸਾਹਿਤਕਾਰਾਂ ਤੇ ਚਿੰਤਕਾਂ 'ਚ ਵਿਸ਼ੇਸ਼ ਥਾਂ ਰੱਖਦਾ ਹੈ। ਇਸੇ ਹੀ ਅੰਕ 'ਚ ਸੁਕੀਰਤ ਜੀ ਨੇ ਆਪਣੇ ਕਾਲਮ ਰਾਹੀਂ ਪ੍ਰਵਾਸੀ ਮੀਡੀਆ ਦੇ ਇੱਕ ਹਿੱਸੇ ਉੱਤੇ ਵੱਧ ਰਹੀ ਸਰਕਾਰੀ ਦਖਲਅੰਦਾਜ਼ੀ 'ਤੇ (ਖਾਸ ਕਰ ਭਾਰਤੀ ਹਕੂਮਤ ਦੀ) ਚਿੰਤਾ ਪ੍ਰਗਟ ਕੀਤੀ ਹੈ। (ਸੰਪਾ.)*



**ਸੁਕੀਰਤ**

ਸਰਕਾਰਾਂ ਅਤੇ ਮੀਡੀਆ ਦਾ ਆਪਸੀ ਰਿਸ਼ਤਾ ਜਿੰਨਾ ਪੀਡਾ ਹੈ, ਓਨਾ ਹੀ ਗੁੰਝਲਦਾਰ ਵੀ। ਨਾ ਮੀਡੀਆ ਸਰਕਾਰੀ ਮਦਦ (ਮੁਖ ਤੌਰ 'ਤੇ ਇਸ਼ਤਿਹਾਰਾਂ ਦੇ ਰੂਪ ਵਿੱਚ) ਬਿਨਾ ਚੱਲ ਸਕਦਾ ਹੈ ਅਤੇ ਨਾ ਹੀ ਵੇਲੇ ਦੀ ਸਰਕਾਰ (ਭਾਵੇਂ ਕੇਡੀ ਵੀ ਮਜ਼ਬੂਤ ਕਿਉਂ ਨਾ ਹੋਵੇ) ਲੋਕ-ਰਾਏ ਬਣਾਉਣ ਵਾਲੇ ਮੀਡੀਏ ਦੀ ਤਾਕਤ ਨੂੰ ਅਣਗੌਲਿਆ ਕਰ ਸਕਦੀ ਹੈ। ਏਸੇ ਲਈ ਹਰ ਸਰਕਾਰ ਚਾਹੁੰਦੀ ਹੈ ਕਿ ਜਿੱਥੋਂ ਤੱਕ ਹੋ ਸਕੇ ਮੀਡੀਆ ਨਾਲ ਉਸਦੇ ਸਬੰਧ ਸੁਖਾਵੇਂ ਰਹਿਣ।

ਇਨ੍ਹਾਂ ਸਬੰਧਾਂ ਨੂੰ ਸੁਖਾਵੇਂ ਰੱਖਣ ਲਈ ਸਰਕਾਰਾਂ ਇਸ਼ਤਿਹਾਰਾਂ ਰਾਹੀਂ ਸਿੱਧੀ ਜਾਂ ਕਈ ਵਾਰੀ ਹੋਰ ਕਿਸਮ ਦੇ ਅਸਿੱਧੇ ਗੱਫਿਆਂ ਰਾਹੀਂ ਵੀ ਮੀਡੀਏ ਨੂੰ ਖੁਸ਼ ਕਰਕੇ ਰੱਖਣ ਦੀ ਕੋਸ਼ਿਸ਼ ਕਰਦੀ ਹੈ। ਪਰ ਕਦੇ ਕਦਾਈਂ ਕਿਸੇ ਖਾਸ ਧਿਰ ਵਲੋਂ ਆਪਣੀ ਬਹੁਤੀ ਆਲੋਚਨਾ ਨਾ ਸਹਾਰਦੀ ਹੋਈ ਸਰਕਾਰ ਅਸਿਧੇ ਹਥਕੰਡੇ ਵਰਤ ਕੇ ਦਬਾਅ ਪਾਉਣਾ ਵੀ ਜਾਣਦੀ ਹੈ: ਇਸ਼ਤਿਹਾਰ ਬੰਦ ਕਰਕੇ, ਇਨਕਮ ਟੈਕਸ ਦੇ ਛਾਪੇ ਪੁਆ ਕੇ, ਵਾਧੂ ਪੜਤਾਲਾਂ ਦੀਆਂ ਧਮਕੀਆਂ ਦੇ ਕੇ। ਸਾਡੇ ਦੇਸ ਦੇ ਇਤਿਹਾਸ ਵਿੱਚ ਇਸਦੀਆਂ ਬਹੁਤ ਸਾਰੀਆਂ ਮਿਸਾਲਾਂ ਹਨ। ਨਾ ਕਾਂਗਰਸ, ਤੇ ਨਾ ਹੁਣ ਦੀ ਸਰਕਾਰ ਨੇ ਲੋੜ ਪੈਣ ਉੱਤੇ ਅਜਿਹੇ ਹਥਕੰਡੇ ਅਪਨਾਉਣ ਤੋਂ ਕਦੇ ਗੁਰੇਜ਼ ਕੀਤਾ ਹੈ।

ਅਜੇ ਪਿਛਲੇ ਹਫ਼ਤੇ ਹੀ ਪੰਜਾਬ ਦੇ ਪ੍ਰਮੁਖ ਅੰਗਰੇਜ਼ੀ ਅਖਬਾਰ 'ਟ੍ਰਿਬਿਊਨ' ਦੇ ਸੰਪਾਦਕ ਨੇ ਆਪਣੇ ਹਫ਼ਤਾਵਾਰੀ ਲੇਖ ਵਿੱਚ ਇਸ ਗੱਲ ਦਾ ਸਪਸ਼ਟ ਇੰਕਸ਼ਾਫ਼ ਕੀਤਾ ਹੈ ਕਿ ਉਨ੍ਹਾਂ ਦੀ ਅਖਬਾਰ ਉੱਤੇ ਦਬਾਅ ਪਾਉਣ ਲਈ ਅਜੋਕੀ ਅਕਾਲੀ-ਭਾਜਪਾ ਸਰਕਾਰ ਨੇ ਉਨ੍ਹਾਂ ਦੇ ਪਰਚੇ ਨੂੰ ਇਸ਼ਤਿਹਾਰ ਨਾ ਦੇਣ ਦਾ ਫੈਸਲਾ ਲਿਆ ਹੈ। ਏਸੇ ਤਰ੍ਹਾਂ ਕੁਝ ਮਹੀਨੇ ਪਹਿਲਾਂ 'ਹਿੰਦੂ' ਅਖਬਾਰ ਦੇ ਸਾਬਕਾ ਸੰਪਾਦਕ ਸਿਧਾਰਥ ਵਰਦਰਾਜਨ ਨੇ ਇਕ ਜਨਤਕ ਸੈਮੀਨਾਰ ਵਿੱਚ ਖੁਲਾਸਾ ਕੀਤਾ ਸੀ ਕਿ ਜਦੋਂ ਦੀ ਮੋਦੀ ਸਰਕਾਰ ਆਈ ਹੈ ਕਿਵੇਂ ਅਖਬਾਰਾਂ ਨੂੰ ਨਿਰਦੇਸ਼ ਦਿਤੇ ਜਾਂਦੇ ਹਨ ਕਿ ਕਿਹੜੇ ਕਿਹੜੇ ਆਗੂ ਦੇ ਖਿਲਾਫ਼ ਇਕ ਵੀ ਨਾਂਹ-ਪੱਖੀ ਖਬਰ ਨਹੀਂ ਲਗਣੀ ਚਾਹੀਦੀ, ਵਰਨਾ ਇਸ਼ਤਿਹਾਰ ਮਿਲਣੇ ਬੰਦ ਹੋ ਜਾਣਗੇ।

ਇਹੋ ਜਿਹੇ ਦਬਾਅ ਹੇਠ ਕੁਝ ਅਖਬਾਰ (ਖਾਸ ਕਰ ਕੇ ਘਟ ਵਸੀਲਿਆਂ ਜਾਂ ਘਟ ਦਲੇਰੀ ਵਾਲੇ) ਆਪਣੀ ਸੁਰ ਬਦਲ ਵੀ ਲੈਂਦੇ ਹਨ, ਪਰ ਬਹੁਤੀ ਵੇਰ ਆਪਣੀ ਕਲਮੀ ਜਾਂ ਆਪਣੀ ਆਰਥਕ ਪੁਜਤ ਦੀ ਤਾਕਤ ਦੇ ਆਧਾਰ ਉੱਤੇ ਵੱਡੇ ਨਾਂਅ, ਜਾਂ ਵੱਡੇ ਅਖਬਾਰ ਏਡੀ ਛੇਤੀ ਹਥਿਆਰ ਵੀ ਨਹੀਂ ਸੁਟਦੇ। ਲੋਕਤੰਤਰ ਦੇ ਸੁਚਾਰੂ ਢੰਗ ਨਾਲ ਚਲਦੇ ਰਹਿਣ ਲਈ ਹੋਣਾ ਵੀ ਇੰਜ ਹੀ ਚਾਹੀਦਾ ਹੈ। ਸਰਕਾਰਾਂ ਆਂਦੀਆਂ ਹਨ, ਚਲੀਆਂ ਜਾਂਦੀਆਂ ਹਨ ਪਰ ਚੰਗੇ ਸੰਪਾਦਕ ਜਾਂ ਪੱਤਰਕਾਰ ਆਪਣੇ ਅਕੀਦੇ ਉੱਤੇ ਕਾਇਮ ਰਹਿੰਦੇ ਹਨ।

ਜੇ ਪੰਜਾਬੀ ਮੀਡੀਏ ਦੇ ਸੰਦਰਭ ਵਿੱਚ ਗਲ ਕਰੀਏ ਤਾਂ ਸਾਡੇ ਭਾਈਚਾਰੇ ਦੀ ਇਕ ਵਡੀ ਗਿਣਤੀ ਦੇ ਬਾਹਰਲੇ ਮੁਲਕਾਂ ਵਿੱਚ ਵਸੇ ਹੋਣ ਕਾਰਨ ਹੁਣ ਇਨ੍ਹਾਂ ਸਾਰੇ ਦੇਸ਼ਾਂ ਵਿੱਚ ਵੀ ਸਥਾਨਕ ਟੀ ਵੀ ਅਤੇ ਰੇਡੀਓ ਚੈਨਲ, ਅਤੇ ਹਫ਼ਤਾਵਾਰੀ ਅਖਬਾਰ ਮੌਜੂਦ ਹਨ ਜੋ ਪੰਜਾਬੀ ਭਾਈਚਾਰੇ ਵਲ ਉਨ੍ਹਾਂ ਦੀ ਬੋਲੀ ਵਿੱਚ ਹੀ ਮੁਖਾਤਬ ਹਨ। ਬਾਹਰਲੇ ਦੇਸਾਂ ਵਿੱਚ ਛਪਦੇ, ਜਾਂ ਓਥੋਂ ਪ੍ਰਸਾਰਤ ਹੋਣ ਵਾਲੇ ਮੀਡੀਏ ਦਾ ਇਤਿਹਾਸ ਪੁਰਾਣਾ ਹੈ, ਭਾਂਵੇਂ ਪਿਛਲੇ ਕੁਝ ਸਾਲਾਂ ਵਿੱਚ ਉਸ ਵਿੱਚ ਸਿਫ਼ਤੀ ਤਬਦੀਲੀਆਂ ਆਈਆਂ ਹਨ। ਸ਼ੁਰੂ ਸ਼ੁਰੂ ਵਿੱਚ ਇੰਗਲੈਂਡ ਪਹੁੰਚੇ ਪਰਵਾਸੀਆਂ ਨੇ ਆਪਣੇ ਸਥਾਨਕ ਅਖਬਾਰ ਕੱਢਣੇ ਸ਼ੁਰੂ ਕੀਤੇ ਸਨ, ਪਰ ਹੁਣ ਇਲੈਕਟ੍ਰੋਨਕੀ ਮੀਡੀਆ ਦੇ ਇਸ ਦੌਰ ਵਿੱਚ ਟੀ ਵੀ ਅਤੇ ਰੇਡੀਓ ਚੈਨਲ ਪ੍ਰਮੁਖ ਹਨ। ਕੋਈ ਵੀ ਸਰਦਾ ਪੁੱਜਦਾ ਮਨੁੱਖ ਕਿਸੇ ਟੀ ਵੀ ਜਾਂ ਐਫ਼ ਐਮ ਚੈਨਲ ਕੋਲੋਂ ਘੰਟਿਆਂ ਦੇ ਹਿਸਾਬ ਨਾਲ 'ਫ਼੍ਰੀਕੁਐਂਸੀ' ਕਿਰਾਏ ਤੇ ਲੈ ਕੇ ਆਪਣਾ ਰੇਡੀਓ ਜਾਂ ਟੀ ਵੀ ਚੈਨਲ ਖੋਲ੍ਹ ਸਕਦਾ ਹੈ। ਪਹਿਲੇ ਦੌਰ ਵਿੱਚ ਇਹ ਚੈਨਲ ਸਥਾਨਕ ਪੇਸ਼ਕਾਰਾਂ ਜਾਂ ਭਾਰਤ ਤੋਂ ਆਏ ਮਹਿਮਾਨ ਕਲਾਕਾਰਾਂ ਦੇ ਸਹਿਯੋਗ ਉੱਤੇ ਨਿਰਭਰ ਸਨ, ਪਰ ਹੁਣ ਸੰਚਾਰ ਸਾਧਨਾਂ ਦੇ ਤੇਜ਼ੀ ਨਾਲ ਹੋਏ ਵਿਕਾਸ ਕਾਰਨ ਭੂਗੋਲਿਕ ਦੂਰੀਆਂ ਵੀ ਖਤਮ ਹੋ ਗਈਆਂ ਹਨ। ਟੈਲੀਫੋਨ ਜਾਂ ਵੀਡੀਓ ਸੰਚਾਰ ਰਾਹੀਂ ਭਾਰਤ ਬੈਠੇ ਬੁਲਾਰੇ/ਤਬਸਰਾਕਾਰ ਨਾਲ ਦੀ ਨਾਲ ਹੀ ਹਜ਼ਾਰਾਂ ਮੀਲ ਦੂਰ ਤੋਂ ਪ੍ਰਸਾਰਤ ਹੋ ਰਹੇ ਪ੍ਰੋਗਰਾਮਾਂ ਵਿੱਚ ਸਿਧਾ ਹਿਸਾ ਲੈ ਸਕਦੇ ਹਨ। ਬਹੁਤੀ ਵੇਰ ਤਾਂ ਤਬਸਰਾਕਾਰ ਅਤੇ ਪ੍ਰੋਗਰਾਮ-ਸੰਚਾਲਕ ਆਪਸ ਵਿੱਚ ਕਦੇ ਮਿਲੇ ਤਕ ਨਹੀਂ ਹੁੰਦੇ।

ਹੁਣ ਉਤਰ ਅਮਰੀਕੀ ਮਹਾਂਦੀਪ ਤੋਂ ਲੈ ਕੇ ਆਸਟ੍ਰੇਲੀਆ ਦੇ ਖਿਤੇ ਤੀਕ ਅਜਿਹੇ ਦਰਜਨਾਂ ਟੀ ਵੀ ਅਤੇ ਰੇਡੀਓ ਚੈਨਲ ਚਲ ਰਹੇ ਹਨ ਜਿਨ੍ਹਾਂ ਦੇ ਤਬਸਰਾਕਾਰ ਮੁਖ ਤੌਰ 'ਤੇ ਭਾਰਤ ਬੈਠੇ ਪੱਤਰਕਾਰ ਹੀ ਹਨ। ਇਸ ਸਮੇਂ ਪੰਜਾਬ ਦੇ ਦਰਜਨਾਂ ਵੱਡੇ ਅਤੇ ਛੋਟੇ ਪੱਤਰਕਾਰ ਘਰ ਬੈਠੇ ਹੀ ਇਨ੍ਹਾਂ ਚੈਨਲਾਂ ਲਈ ਕੰਮ ਕਰ ਰਹੇ ਹਨ। ਸੰਚਾਰ ਦੀ ਇਹ ਤਰੱਕੀ ਦੁਹਾਂ ਧਿਰਾਂ ਲਈ ਲਾਹੇਵੰਦੀ ਹੈ। ਬਾਹਰੋਂ ਚਲ ਰਹੇ ਨੌਸਿਖੀਆ ਚੈਨਲਾਂ ਨੂੰ ਹੰਢੇ-ਵਰਤੇ ਪੰਜਾਬ ਬੈਠੇ ਪਤਰਕਾਰਾਂ ਦੇ ਦ੍ਰਿਸ਼ਟੀਕੋਣ ਦੀ ਮਦਦ ਮਿਲ ਜਾਂਦੀ ਹੈ ਜੋ ਬਾਹਰਲੇ ਪੰਜਾਬੀ ਭਾਈਚਾਰੇ ਦੀ ਪੰਜਾਬ ਦੇ ਹਾਲਾਤ ਨੂੰ ਜਾਨਣ ਸਮਝਣ ਦੀ ਭੁੱਖ ਨੂੰ ਵਧੇਰੇ ਸਮਝਦਾਰੀ ਨਾਲ ਪੂਰਿਆਂ ਕਰ ਸਕਦੇ ਹਨ ਅਤੇ ਏਥੇ ਬੈਠੇ ਪੱਤਰਕਾਰਾਂ ਨੂੰ ਅਜਿਹੀ ਉਜਰਤ ਮਿਲ ਜਾਂਦੀ ਹੈ, ਜੋ ਮੰਦੇ ਭਾਗੀਂ ਪੰਜਾਬ ਵਿੱਚ ਛਪ ਰਹੇ ਪਰਚੇ ਅਜੇ ਦੇਣ ਜੋਗੇ ਨਹੀਂ ਹੋਏ, ਜਾਂ ਦੇਣੋਂ ਆਰੀ ਹਨ। ਇਸ ਦੁਵੱਲੀ ਸਾਂਝ ਨੇ ਨਾ ਸਿਰਫ਼ ਪਰਦੇਸੀ ਚੈਨਲਾਂ ਦੇ ਪੱਤਰਕਾਰੀ ਦੇ ਮਿਆਰ ਨੂੰ ਉਚਿਆਇਆ ਹੈ, ਸਗੋਂ ਪਰਦੇਸ ਬੈਠੇ ਸਰੋਤਿਆਂ ਤਕ ਵਧੇਰੇ ਪ੍ਰਮਾਣਕ ਅਤੇ ਵਿਸਤਰਤ ਜਾਣਕਾਰੀ ਦੇ ਰਾਹ ਵੀ ਖੋਲ੍ਹੇ ਹਨ। ਦੂਜੇ ਪਾਸੇ, ਇਹ ਅਖਾਉਤੀ ਸਥਾਨਕ ਚੈਨਲ ਹੁਣ ਏਡੇ ਸਥਾਨਕ ਵੀ ਨਹੀਂ ਰਹੇ; ਇੰਟਰਨੈਟ ਦੇ ਵਿਕਾਸ ਨਾਲ ਹੁਣ ਕਿਸੇ ਵੀ ਰੇਡੀਓ ਜਾਂ ਟੀ ਵੀ ਚੈਨਲ ਨੂੰ ਦੁਨੀਆ ਦੇ ਕਿਸੇ ਵੀ ਕੋਨੇ ਵਿੱਚ ਬੈਠਾ ਸਰੋਤਾ ਵਾਚ-ਸੁਣ ਸਕਦਾ ਹੈ।


ਸ਼ਾਇਦ ਇਹੋ ਕਾਰਨ ਹੈ ਕਿ ਪਰਦੇਸਾਂ ਤੋਂ ਚਲ ਰਹੇ ਇਹ ਅਖਾਉਤੀ 'ਸਥਾਨਕ' ਚੈਨਲ ਹੁਣ ਭਾਰਤ ਸਰਕਾਰ ਦੀ ਨਜ਼ਰ ਹੇਠ ਵੀ ਆ ਗਏ ਹਨ। ਨਾ ਸਿਰਫ਼ ਉਨ੍ਹਾਂ ਉੱਤੇ ਨਜ਼ਰ ਰਖੀ ਜਾ ਰਹੀ ਹੈ, ਉਨ੍ਹਾਂ ਉੱਤੇ ਦਬਾਅ ਪਾਉਣ ਦੇ ਉਪਰਾਲੇ ਵੀ ਸ਼ੁਰੂ ਹੋ ਚੁਕੇ ਹਨ। ਪਿਛਲੇ ਕੁਝ ਸਮੇਂ ਤੋਂ ਇਸਦੀਆਂ ਕੁਝ ਮਿਸਾਲਾਂ ਦਿਸਣੀਆਂ ਸ਼ੁਰੂ ਹੋ ਗਈਆਂ ਸਨ ਪਰ ਹੁਣ ਕਨੇਡਾ ਦੇ ਸ਼ਹਿਰਾਂ ਵੈਨਕੂਵਰ ਅਤੇ ਕੈਲਗਰੀ ਤੋਂ ਚਲ ਰਹੇ ਰੈਡ ਐਫ਼ ਐਮ ਚੈਨਲ ਅਤੇ ਉਸਦੇ ਤਬਸਰਾਕਾਰ ਸ਼ਿਵ ਇੰਦਰ ਸਿੰਘ ਵਿੱਚਕਾਰ ਛਿੜੇ ਵਿਵਾਦ ਦੇ ਖੁਲ੍ਹ ਕੇ ਸਾਹਮਣੇ ਆਉਣ ਨਾਲ ਅਜੋਕੀ ਸਰਕਾਰ ਦੇ ਜਕੜ-ਜਾਲ ਦੀ ਤਸਵੀਰ ਨਿਖਰ ਕੇ ਸਾਹਮਣੇ ਆ ਰਹੀ ਹੈ।

ਨੌਜਵਾਨ ਪੱਤਰਕਾਰ ਸ਼ਿਵ ਇੰਦਰ ਸਿੰਘ ਵੈਬ-ਪਰਚੇ 'ਸੂਹੀ ਸਵੇਰ' ਦਾ ਸੰਪਾਦਕ ਵੀ ਹੈ ਅਤੇ ਪਿਛਲੇ ਦੋ ਸਾਲਾਂ ਤੋਂ ਰੈਡ ਐਫ਼ ਐਮ ਚੈਨਲ ਵਿੱਚ ਤਬਸਰਾਕਾਰ ਦੇ ਤੌਰ ਉੱਤੇ ਕੰਮ ਵੀ ਕਰਦਾ ਰਿਹਾ ਹੈ। ਸ਼ਿਵ ਇੰਦਰ ਸਿੰਘ ਖੱਬੀ ਵਿਚਾਰਧਾਰਾ ਦਾ ਧਾਰਨੀ ਹੈ ਜੋ ਕਿਸੇ ਕੋਲੋਂ ਵੀ ਲੁਕੀ ਗੱਲ ਨਹੀਂ। ਉਸ ਦੇ ਦਸਣ ਮੁਤਾਬਕ 27 ਜੁਲਾਈ ਦੇ ਪ੍ਰੋਗਰਾਮ ਸਮੇਂ ਕਾਰਗਿਲ ਕਾਰਵਾਈ ਬਾਰੇ ਹੋ ਰਹੀ ਗੱਲਬਾਤ ਦੌਰਾਨ ਕਨੇਡਾ ਦੇ ਸਥਾਨਕ ਹੋਸਟ ਵਿਜੈ ਵੈਭਵ ਸੈਣੀ ਨਾਲ ਉਸਦੀ ਬਹਿਸ ਹੋਈ, ਜਿਸ ਤੋਂ ਬਾਅਦ ਬਿਨਾ ਕੋਈ ਕਾਰਨ ਦਸੇ ਸ਼ਿਵ ਇੰਦਰ ਸਿੰਘ ਨੂੰ ਪ੍ਰੋਗਰਾਮ ਤੋਂ ਹੀ ਲਾਂਭੇ ਕਰ ਦਿਤਾ ਗਿਆ। ਇਸ ਬਹਿਸ ਦੌਰਾਨ ਵਿਜੈ ਵੈਭਵ ਸੈਣੀ ਨੇ ਸ਼ਿਵ ਇੰਦਰ ਸਿੰਘ ਦੇ ਕਾਰਗਿਲ ਦੀਆਂ ਘਟਨਾਵਾਂ ਨੂੰ ਜੰਗ ਨਾ ਮੰਨ ਕੇ ਮਹਿਜ਼ ਕਾਰਵਾਈ ਮੰਨਣ ਉੱਤੇ ਇਤਰਾਜ਼ ਜਤਾਇਆ। ਸ਼ਿਵ ਇੰਦਰ ਸਿੰਘ ਦੇ ਆਪਣੇ ਸ਼ਬਦਾਂ ਵਿੱਚ : ਮੈਂ ਕਿਹਾ ਸੀ , "ਅਜਿਹੇ ਦਿਨਾਂ 'ਤੇ ਸਾਨੂੰ ਸੋਚਣਾ ਬਣਦਾ ਹੈ ਕਿ ਇਹ ਘਟਨਾਵਾਂ ਫੇਰ ਕਦੇ ਨਾ ਵਾਪਰਨ, ਇਹਨਾਂ ਦੇ ਕਾਰਨਾਂ ਦੀ ਘੋਖ ਕਰਨੀ ਬਣਦੀ ਹੈ । ਕਿਸੇ ਮਾਂ ਦਾ ਪੁੱਤ ਨਾ ਮਰ" ਮੈਂ ਕਾਰਗਿਲ ਦੀ ਘਟਨਾ ਨੂੰ ਜੰਗ ਨਹੀਂ ਮੰਨਦਾ ਅਪਰੇਸ਼ਨ ਮੰਨਦਾ ਹਾਂ, ਜੋ ਕਿ ਭਾਰਤ ਦਾ ਸਥਾਪਤ ਮੀਡੀਆ ਵੀ ਇਹ ਸ਼ਬਦ ਵਰਤ ਲੈਂਦਾ; ਇਸ 'ਚ ਕਿਹੜੀ ਗੱਲ ਇਤਰਾਜ਼ਯੋਗ ਹੋਈ ਜੀ ? ਜੇ ਕਾਰਗਿਲ ਬਾਰੇ ਵੱਖ-ਵੱਖ ਬਹਿਸਾਂ ਨੂੰ ਮੈਂ ਅਸਿੱਧੇ ਰੂਪ 'ਚ ਕੇਂਦਰ ਵਿੱਚ ਲੈ ਕੇ ਆਉਂਦਾ ਹਾਂ ਇਹ ਕੋਈ ਗੁਨਾਹ ਨਹੀਂ ਪੱਤਰਕਾਰੀ ਧਰਮ ਹੈ । ਜੇ ਕਸ਼ਮੀਰ ਤੇ ਉਤਰ -ਪੂਰਬ ਦੇ ਅਵਾਮ 'ਤੇ ਸਥਾਪਤੀ ਦੇ ਜ਼ੁਲਮਾਂ ਨੂੰ ਦੱਸਦਾ ਹਾਂ ਤਾਂ ਇਸ ਵਿੱਚ ਕੀ ਬੁਰਾਈ ਹੈ ? ਸ਼ਿਵ ਇੰਦਰ ਸਿੰਘ ਦਾ ਇਹ ਵੀ ਕਹਿਣਾ ਹੈ ਕਿ ਪਿਛਲੇ 7-8 ਮਹੀਨੇ ਤੋਂ ਹੀ ਪ੍ਰੋਗਰਾਮ ਦਾ ਹੋਸਟ ਉਸ ਉੱਤੇ ਦਬਾਅ ਪਾ ਰਿਹਾ ਸੀ ਕਿ ਪ੍ਰਧਾਨ ਮੰਤਰੀ ਮੋਦੀ ਬਾਰੇ 'ਸੌਫ਼ਟ' ਰਹੋ।

ਰੈਡ ਐਫ਼ ਐਮ ਚੈਨਲ (ਜਾਂ ਕੋਈ ਵੀ ਹੋਰ ਅਖਬਾਰ ਜਾਂ ਚੈਨਲ) ਕਿਸਨੂੰ ਰੱਖੇ ਜਾਂ ਛੱਡੇ, ਇਹ ਉਨ੍ਹਾਂ ਦਾ ਨਿੱਜੀ ਨਿਰਣਾ ਹੋ ਸਕਦਾ ਹੈ, ਪਰ ਪਰਦੇਸਾਂ ਤੋਂ ਚਲ ਰਹੇ ਚੈਨਲਾਂ ਉੱਤੇ ਵੀ ਇਹੋ ਜਿਹੀ ਸਰਕਾਰੀ ਵਿਚਾਰਧਾਰਾ ਹਾਵੀ ਹੋ ਜਾਵੇ, ਸੁਤੰਤਰ ਪੱਤਰਕਾਰੀ ਲਈ ਇਹ ਕੋਈ ਸ਼ੁਭ ਸ਼ਗਨ ਨਹੀਂ। ਪਰਵਾਸੀ ਚੈਨਲ ਆਮ ਤੌਰ 'ਤੇ ਸਥਾਨਕ ਇਸ਼ਤਿਹਾਰੀ ਵਸੀਲਿਆਂ ਉੱਤੇ ਹੀ ਨਿਰਭਰ ਹੁੰਦੇ ਹਨ, ਇਸ ਲਈ ਭਾਰਤ ਦੀਆਂ ਕੇਂਦਰੀ ਜਾਂ ਸੂਬਾਈ ਸਰਕਾਰਾਂ ਦੇ ਮਾਲੀ ਨਿਯੰਤਰਣ ਤੋਂ ਬਾਹਰ ਰਹਿ ਸਕਦੇ ਹਨ। ਪਰ ਜੇਕਰ ਅਜਿਹੇ ਚੈਨਲਾਂ ਨੂੰ ਵੀ ਸੁਰ 'ਕਾਬੂ' ਵਿੱਚ ਰੱਖਣੀ ਪੈ ਰਹੀ ਹੈ ਤਾਂ ਅਗਲੇ ਸਮਿਆਂ ਵਿੱਚ ਸਰੋਤਿਆਂ ਜਾਂ ਪਾਠਕਾਂ ਨੂੰ ਵੀ ਚੌਕੰਨਿਆਂ ਹੋ ਕੇ ਰਹਿਣਾ ਪਵੇਗਾ। ਪੰਜਾਬ ਦੀਆਂ ਚੋਣਾਂ ਸਿਰ 'ਤੇ ਹਨ ਅਤੇ ਸਰਕਾਰਾਂ ਆਪਣੀ ਡੁਗਡੁਗੀ ਵਜਾਉਣ ਲਈ ਹਰ ਹਰਬਾ ਵਰਤਣ ਲਈ ਤਿਆਰ ਬੈਠੀਆਂ ਜਾਪਦੀਆਂ ਹਨ।

(ਇਸ ਮਾਮਲੇ ਬਾਰੇ ਰੈਡ ਐਫ਼ ਐਮ ਚੈਨਲ ਦਾ ਪੱਖ ਜਾਨਣ ਲਈ ਇਸਦੇ ਮਾਲਕ ਸ੍ਰੀ ਕੁਲਵਿੰਦਰ ਸੰਘੇੜਾ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ, ਪਰ ਉਨ੍ਹਾਂ ਵੱਲੋਂ ਕੋਈ ਜਵਾਬ ਨਹੀਂ ਆਇਆ-ਸੁਕੀਰਤ)

ਮੈਂ ਭਗਤ ਸਿੰਘ ਇੱਕੀਵੀਂ ਸਦੀ ਵਿੱਚ ਵਿਚਰ ਰਿਹਾ ਹਾਂ,
ਮੇਰਾ ਜਨਮ ਦਿਨ ਹੈ, ਸੋਚਿਆ ਪੰਜਾਬ ਘੁੰਮ ਆਵਾਂ!
ਟੋਇਆਂ ਭਰੀ ਸੜਕ ਤੇ ਤੁਰਦਿਆਂ ਦੂਰ ਤੱਕਦਾ ਹਾਂ,
ਮਿੱਟੀ ਉੱਡਦੀ ਵਿਖਦੀ ਹੈ, ਬੜਾ ਰੌਲਾ ਗੌਲਾ ਸੁਣਦਾ ਹੈ!
ਮੈਂ ਸੜਕ ਤੋਂ ਲਾਂਭੇ ਹੋ ਜਾਂਦਾ ਹਾਂ ਕੇ ਕਿੱਧਰੇ ਫ਼ਿਰੰਗੀ ਨਾ ਹੋਣ!
ਪਰ ਇਹ ਕੀ ਵੇਖਦਾ ਹਾਂ....
ਰੌਲਾ ਪਾਉਂਦੇ, ਗਰਦ ਉਠਾਉਂਦੇ, ਨਾਅਰੇ ਲਾਉਂਦੇ,
ਮੇਰੇ ਵਰਗੀਆਂ ਪੱਗਾਂ ਬੰਨੀ, ਮੋਟਰਸਾਈਕਲਾਂ ਤੇ ਸਵਾਰ!
ਹੱਸਾ ਠੱਠਾ ਕਰਦੇ, ਮੌਜ ਉਡਾਉਂਦੇ, ਸ਼ਾਇਦ ਮੇਰਾ ਦਿਨ ਮਨਾਉਂਦੇ,
ਇਹ ਨੌਜਵਾਨ...ਕਿਸੇ ਪੱਸਿਓਂ ਵੀ ਕ੍ਰਾਂਤੀਕਾਰੀ ਨਹੀਂ ਲੱਗਦੇ !!!
ਖੈਰ ਇਸ ਭੀੜ ਤੋਂ ਬਚਦਾ, ਇੱਕ ਪਾਰਕ ਵਿੱਚ ਆਨ ਵੜ੍ਹਦਾ ਹਾਂ!
ਵਾਹ! ਮੈਨੂੰ ਯਾਦ ਰੱਖਿਆ ਹੈ ਇਹਨਾਂ ਲੋਕਾਂ, ਸੋਚਦਾ ਹਾਂ,
ਪਾਰਕ ਵਿੱਚ ਉੱਚਾ ਚੌਂਤੜਾ ਬਣਾ ਕੇ ਉੱਤੇ ਮੇਰਾ ਬੁੱਤ ਲੱਗਿਆ ਹੈ,
ਬੁੱਤ ਦੇ ਗਲ ਕਿਸੇ ਨੇ, ਸ਼ਾਇਦ ਤਾਜ਼ਾ ਗੇਂਦੇ ਦਾ ਹਾਰ ਪਾਇਆ ਹੈ!
ਤਸੱਲੀ ਹੋਣ ਲੱਗੀ...ਹੇਠਾਂ ਤੱਕਿਆ ਹੋਸ਼ ਉੱਡ ਗਏ!
ਉਸੇ ਬੁੱਤ ਦੇ ਹੇਠਾਂ, ਆਰਾਮ ਦੇ ਨਾਲ ਢੋ ਲਗਾ ਕੇ,
ਇੱਕ ਨੌਜਵਾਨ, ਆਪਣੀਆਂ ਨਾੜਾਂ ਵਿਚ ਜ਼ਹਿਰ ਉਤਾਰ ਰਿਹਾ ਹੈ!
ਜਿਸਨੇ ਮੇਰਾ 'ਅੱਜ' ਬਣਨਾ ਸੀ, ਉਹ ਮੇਰਾ 'ਕੱਲ' ਵੀ ਵਿਗਾੜ ਰਿਹਾ ਹੈ!
ਬੱਸ! ਝੱਟ ਸਮਝ ਗਿਆ ਮੈਂ ਹਾਲਾਤ ਸਾਰੇ ਅੱਜ ਦੇ ਪੰਜਾਬ ਦੇ,
ਰਹਿਨੁਮਾ ਬਣਨ ਵਾਲਿਆਂ, ਕਿੱਦਾਂ ਪਰਖੱਚੇ ਉਡਾਏ ਮੇਰੇ ਖ਼ਾਬ ਦੇ!
ਯਾਰੋ ਮੇਰੀ ਪਹਿਚਾਣ ਨੂੰ ਤੁਸੀਂ ਛੱਡੋ ਮੇਰੀ ਸੋਚ ਨੂੰ ਪਛਾਣੋ!
ਪੱਗ ਕਿਸੇ ਤਰਾਂ ਬੰਨੋ ਪਰ ਮੇਰੀ ਸੋਚ ਵਾਲੀ ਕ੍ਰਾਂਤੀ ਨੂੰ ਵੀ ਜਾਣੋ!
ਹਾਂ ਯਾਰੋ ਕ੍ਰਾਂਤੀ ਨੂੰ ਵੀ ਜਾਣੋ!



**-ਗੁਰਪ੍ਰੀਤ ਆਰਟਿਸਟ ਬਠਿੰਡਾ**



# ਭਾਅ ਜੀ ਵਿੱਚ ਜਿਉਂਦਾ ਭਗਤ ਸਿੰਘ

ਗੁਰਮੇਲ ਸਿੰਘ ਬੋਡੇ
98143-04213

ਇਹ ਕਿਸੇ ਇੱਕ ਪਿੰਡ ਦੀ ਗੱਲ ਨਹੀਂ ਹੈ। ਪੰਜਾਬ ਦਾ ਕੋਈ ਵੀ ਪਿੰਡ ਹੋ ਸਕਦੈ। ਸਰਦੀਆਂ ਦੀ ਇੱਕ ਟਿਕੀ ਹੋਈ ਰਾਤ। ਪਿੰਡ ਦੇ ਬਾਹਰ ਖੁੱਲੀ ਥਾਂ ਤੇ ਮੰਚ ਸਜਿਆ ਹੋਇਆ ਹੈ। ਬਿਜਲੀ ਦੇ ਬਲਬਾਂ ਦੀ ਤੇਜ ਰੋਸ਼ਨੀ ਮੰਚ ਤੇ ਪੈ ਰਹੀ ਹੈ। ਬਿਜਲੀ ਚਲੀ ਜਾਣ ਦੀ ਸਥਿਤੀ 'ਚ ਗੈਸ ਲੈਂਪ ਵੀ ਸਟੇਜ਼ ਦੇ ਨਾਲ ਲੱਗੇ ਢਾਂਚੇ ਤੇ ਲਟਕ ਰਹੇ ਹਨ। ਮੰਚ ਤੋਂ ਇੱਕ ਸ਼ੇਰ ਦੀ ਗਰਜ ਵਰਗੀ ਥਰਥਰਾਉਂਦੀ ਅਵਾਜ਼ ਰਾਤ ਦੇ ਸਨਾਟੇ ਨੂੰ ਚੀਰ ਰਹੀ ਹੈ। ਮੰਚ ਉੱਪਰ ਕਾਲੇ ਚੋਲੇ ਵਿੱਚ ਜੰਜ਼ੀਰਾਂ ਵਿੱਚ ਸਫੈਦ ਪੱਗ ਵਾਲਾ ਬਜ਼ੁਰਗ ਜਕੜਿਆ ਹੋਇਆ ਹੈ। ਮੰਚ ਦੇ ਪਰਦੇ ਪਿੱਛੋਂ ਪੁਲਿਸ ਦੀਆਂ ਵਿਸਲਾਂ ਦੀ ਅਵਾਜ਼ ਆਉਂਦੀ ਐ। ਮੰਚ ਤੇ ਦੋ ਨੌਜਵਾਨ ਸਾਹੋ ਸਾਹ ਹੋਏ ਜੰਜ਼ੀਰਾਂ ਵਿੱਚ ਜਕੜੇ ਬਾਬੇ ਦੇ ਕਾਲੇ ਚੋਲੇ ਵਿੱਚ ਲੁਕ ਜਾਂਦੇ ਹਨ। ਪਿੱਛੇ-ਪਿੱਛੇ ਵਿਸਲਾਂ ਵਜਾਉਂਦਾ ਸਿਪਾਹੀ ਬਾਬੇ ਨੂੰ ਪੁੱਛਦਾ ਹੈ "ਓਏ ਬਾਬਾ ਤੂੰ ਏਥੇ ਦੋ ਨੌਜਵਾਨਾਂ ਨੂੰ ਤਾਂ ਨਹੀਂ ਦੇਖਿਆ? ਬੜੇ ਡਾਹਡੇ ਨੇ ਉਹ, ਉਹਨਾਂ ਗੋਰਾ ਅੰਗਰੇਜ਼ ਰੜੇ ਮੈਦਾਨ ਮਾਰਿਆ ਏ। ਉਹਨਾਂ ਸਿੰਨ ਕੇ ਅਜਿਹਾ ਨਿਸ਼ਾਨਾ ਲਗਾਇਆ ਕਿ ਗੋਰੇ ਨੂੰ ਦੂਜਾ ਸਾਹ ਨਹੀਂ ਆਇਆ ਏ।"

"ਓਛਾ! -ਸ਼ਾਬਾਸ਼ ਮੇਰੇ ਪੁੱਤਰੋ! ਤੁਸਾਂ ਦੇਸ਼ ਦਾ ਕਰਜ਼ ਲਾਹ ਦਿੱਤਾ ਏ। ਮੈਨੂੰ ਇੰਜ ਲੱਗਦਾ ਏ ਕਿ ਮੇਰੀ ਗੁਲਾਮੀ ਦੀ ਇੱਕ ਜੰਜ਼ੀਰ ਅੱਜ ਟੁੱਟ ਗਈ ਏ" ਜੰਜ਼ੀਰਾਂ 'ਚ ਜਕੜੇ ਹਿੰਦੋਸਤਾਨ ਦੇ ਪ੍ਰਤੀਕ ਬਾਬੇ ਦੀ ਇੱਕ ਜੰਜ਼ੀਰ ਟੁੱਟਦੀ ਏ।

"ਬਾਬਾ ਤੂੰ ਉਹਨਾਂ ਲਈ ਸ਼ਾਬਾਸ਼ ਕਹਿਨਾ ਏ, ਉਹਨਾਂ ਸਾਨੂੰ ਵਖਤ ਪਾਇਆ ਏ..." ਸਿਪਾਹੀ ਏਧਰ ਓਧਰ ਦੇਖਦਾ ਪਰਦੇ ਪਿੱਛੇ ਜਾਂਦਾ ਏ।

"ਜਾਹ ਪੁੱਤਰਾ ਜਾਹ ਤੂੰ ਗੋਰਿਆਂ ਦੀ ਸੀਟੀ ਵਜਾਂਦਾ ਜਾਹ" ਇਹ ਕਹਿ ਕੇ ਬਾਬਾ ਉਸਦੇ ਚੋਲੇ 'ਚੋਂ ਬਾਹਰ ਨਿਕਲੇ ਦੋ ਨੌਜਵਾਨਾਂ ਨੂੰ ਮਾਣ ਨਾਲ ਨਿਹਾਰਦਾ ਏ, ਪਿਆਰਦਾ ਏ। ਨਾਟਕ ਅੱਗੇ ਤੁਰਦਾ ਏ। ਮੰਚਨ ਰਾਹੀ ਇਨਕਲਾਬੀ ਤਵਾਰੀਖ ਅੱਗੇ ਵੱਧਦੀ ਏ। ਪਰਦੇ ਪਿੱਛੋਂ ਅੰਗਰੇਜ਼ਾਂ ਦੇ ਝੋਲੀ ਚੁੱਕਾਂ ਖਿਲਾਫ ਲੋਕਾਂ ਦੀਆਂ ਅਵਾਜ਼ਾਂ ਆਉਂਦੀਆਂ ਹਨ "ਟੋਡੀ ਬੱਚਾ ਹਾਏ ਹਾਏ, ਦਿਨ ਖੜੇ ਮਾਰਿਓ, ਓ ਗੋਰਾ ਰੜੇ ਮਾਰਿਆ।" ਬਾਬਾ ਇਸ ਨੂੰ ਦੁਹਰਾਉਂਦਾ ਏ। ਫਿਰ ਭਗਤ ਸਿੰਘ ਰਾਜਗੁਰੂ ਰਾਜਗੁਰੂ ਸੁਖਦੇਵ ਉਪਰ ਸਾਂਡਰਸ ਕਤਲ ਦੇ ਮੁਕੱਦਮੇ ਦੇ ਦ੍ਰਿਸ਼ ਤੇ ਸਜ਼ਾ ਏ ਮੌਤ ਦੇ ਫੈਸਲੇ ਨੂੰ ਦਰਸਾਇਆ ਜਾਂਦਾ ਏ। ਫਾਂਸੀ ਦੇ ਫੈਸਲੇ ਨੂੰ ਬੜੇ ਭਾਵੁਕ ਮਾਹੌਲ 'ਚ ਪੇਸ਼ ਕੀਤਾ ਜਾਂਦਾ ਹੈ। ਮੰਚ ਪਿੱਛੋਂ ਆਵਾਜ਼ ਆਉਂਦੀ ਏ-

ਆਓ ਨੀਂ ਗਾਈਏ ਰਲ ਵੀਰਾਂ ਦੀਆਂ ਘੋੜੀਆਂ,
ਜੰਞ ਤੇ ਹੋਈ ਏ ਤਿਆਰ ਏ ਹਾਂ।
ਪੈਂਤੀ ਕਰੋੜ ਤੇਰੇ ਜਾਞੀ ਵੇ ਲਾੜਿਆ,
ਤਾਹਿਰ ਵੀ ਹੋਇਆ ਏ ਤਿਆਰ ਵੇ ਹਾਂ।

ਨਾਟਕ ਚੱਲ ਰਿਹਾ ਏ। ਲੋਕਾਈ ਸਾਹ ਰੋਕੀ ਨਾਟਕ ਦਾ ਮੰਚਨ ਦੇਖ ਰਹੀ ਹੈ। ਮੰਚ ਤੇ ਬਾਬੇ ਦੀ ਸ਼ੇਰ ਦੀ ਭਬਕ ਵਰਗੀ ਆਵਾਜ਼ ਗੂੰਜਦੀ ਏ "ਐ ਮੇਰੇ ਲੋਗੋ, ਭਗਤ ਸਿੰਘ, ਰਾਜਗੁਰੂ, ਸੁਖਦੇਵ ਦੇ ਸੁਪਨਿਆਂ ਦੀ ਆਜ਼ਾਦੀ ਅਜੇ ਨਹੀਂ ਆਈ। ਉਹ ਅੱਜ ਵੀ ਅਸਲ ਅਜ਼ਾਦੀ ਲਈ ਤੁਹਾਡੇ ਸੰਗਰਾਮਾਂ ਨੂੰ ਉਡੀਕ ਰਿਹਾ ਏ। ਉਹ ਉਡੀਕ ਰਿਹਾ ਏ ਕਿ ਮੇਰੇ ਵਾਰਸ ਉਠਨਗੇ, ਜਾਗਣਗੇ, ਉਹਨਾਂ ਦਾ ਸੁਰਖ ਲਹੂ ਪਾਣੀ ਨਹੀਂ ਬਣ ਸਕਦਾ। ਸਦੀਆਂ ਬੀਤ ਜਾਣਗੀਆਂ ਤੁਹਾਡਾ, ਸਾਡਾ ਸਭ ਦਾ ਭਗਤ ਸਿੰਘ ਹਮੇਸ਼ਾ ਨੌਜਵਾਨ ਰਹੇਗਾ।"

ਸੋਚਾਂ ਦੀ ਲੜੀ 'ਚ ਭਗਤ ਸਿੰਘ ਅਤੇ ਭਾਅ ਜੀ ਦੇ ਅਕਸ ਉਭਰਨ ਲੱਗੇ। ਪਿਛਲੇ ਸਾਲਾਂ ਦੌਰਾਨ 27 ਸਤੰਬਰ 2011 ਨੂੰ ਪੰਜਾਬ ਦੇ ਪਿੰਡ-ਪਿੰਡ ਨੂੰ ਹਲੂਣਦੀ ਇਹ ਅਵਾਜ਼ ਹਮੇਸ਼ਾ ਹਮੇਸ਼ਾ ਲਈ ਖਾਮੋਸ਼ ਹੋ ਗਈ ਏ। ਸਤੰਬਰ ਮਹੀਨੇ ਦੀ ਇਹ ਰੁੱਤ ਬੜੀ ਜ਼ਰਖੇਜ ਏ। ਇਸ ਮਹੀਨੇ, ਇਸੇ ਹੀ ਰੁੱਤ ਦੀਆਂ ਸੂਰਜ ਦੀਆਂ ਸੂਹੀਆਂ ਕਿਰਨਾਂ ਵਿੱਚ 107 ਸਾਲ ਪਹਿਲਾਂ ਭਗਤ ਸਿੰਘ ਨੇ ਜਨਮ ਲਿਆ ਸੀ। ਇਸੇ ਰੁੱਤ ਦੌਰਾਨ ਇਨਾਂ ਹੀ ਸੁਰਖ ਕਿਰਨਾਂ ਦੇ ਆਗੋਸ਼ ਵਿੱਚ 16 ਸਤੰਬਰ 1927 ਨੂੰ ਭਗਤ ਸਿੰਘ ਦੀ ਸੋਚ ਨੂੰ ਆਪਣੇ ਮਸਤਕ ਵਿੱਚ ਭਰਨ ਵਾਲੇ ਸਾਡੇ ਸਭ ਦੇ ਗੁਰਸ਼ਰਨ ਭਾਅ ਜੀ ਨੇ ਉਸ ਸਮੇਂ ਜਨਮ ਲਿਆ ਸੀ। ਜਦ ਪੰਜਾਬ ਹੀ ਨਹੀਂ ਸਤਲੁਜ ਤੋਂ ਪਾਰ ਲਾਹੌਰ, ਰਾਵਲਪਿੰਡੀ ਵੱਲ 'ਟੋਡੀ ਬੱਚਾ ਹਾਏ ਹਾਏ' ਦੇ ਨਾਹਰੇ ਲੱਗੇ ਸਨ। ਅੱਜ ਜਿੱਥੇ ਸ਼ਮਦਾਨ ਚੌਕ ਹੈ ਉਥੇ 23 ਮਾਰਚ 1931 ਨੂੰ ਇਹ ਉਹ ਸਥਾਨ ਸੀ ਜਿੱਥੇ 'ਇਨਕਲਾਬ ਜਿੰਦਾਬਾਦ-ਸਾਮਰਾਜ-ਮੁਰਦਾਬਾਦ' ਦੀ ਅਵਾਜ਼ ਨੇ ਲਾਹੌਰ ਦੀ ਸ਼ਾਮ ਦੇ ਸਨਾਟੇ ਨੂੰ ਭੰਗ ਕੀਤਾ ਸੀ। 16 ਸਤੰਬਰ 1927 ਤੋਂ 23 ਮਾਰਚ 1931 ਦਰਮਿਆਨ ਸਾਢੇ ਤਿੰਨ ਕੁ ਸਾਲ ਦਾ ਵਕਫਾ ਏ। ਗੁਰਸ਼ਰਨ ਭਾਅ ਜੀ ਨੇ ਬਾਲ ਅਵਸਥਾ ਵਿੱਚ ਆਪਣੇ ਪੁਰਖਿਆਂ ਨੂੰ 23 ਮਾਰਚ 1931 ਦੇ ਇਤਿਹਾਸਕ ਦਿਨ ਬਾਰੇ ਗੱਲਾਂ ਕਰਦਿਆਂ ਸੁਣਿਆ ਹੋਵੇਗਾ ਇਸ ਦਿਨ ਸੂਰਜ ਉੱਪਰ ਪੈਂਦੇ ਗ੍ਰਹਿਣ ਦੇ ਪ੍ਰਛਾਵੇਂ ਵਾਂਗ ਅਜਿਹਾ ਪ੍ਰਛਾਵਾਂ ਉਹਨਾਂ ਆਪਣੇ ਮਾਤਾ-ਪਿਤਾ ਜੀ ਦੇ ਚਿਹਰੇ ਤੇ ਜ਼ਰੂਰ ਤੱਕਿਆ ਹੋਵੇਗਾ ਤੇ ਸੋਚਿਆ ਕਿ ਅੱਜ ਉਸ ਦੇ ਪਾਪਾ ਜੀ, ਮਾਤਾ ਜੀ ਉਦਾਸ ਕਿਉਂ ਹਨ? 1927 ਤੋਂ 1931 ਦਾ ਇਹ ਉਹ ਸਮਾਂ ਸੀ ਜਦ ਸਰੀਰਕ ਰੂਪ ਵਿੱਚ ਇੱਕ ਸੂਹਾ ਸੂਰਜ (ਭਗਤ ਸਿੰਘ) ਅਸਤ ਹੋਣ ਵੱਲ ਵੱਧ ਰਿਹਾ ਸੀ ਤੇ ਦੂਸਰਾ ਸੂਹਾ ਸੂਰਜ ਭਾਅ ਜੀ (ਗੁਰਸ਼ਰਨ ਸਿੰਘ ਸੀ) ਲੋਕਾਈ ਨੂੰ ਜਗਾਉਣ ਦਾ ਕਾਰਜ ਕਰਨ ਲਈ ਆਪਣੇ ਨਿੱਕੇ-ਨਿੱਕੇ ਕਦਮਾਂ ਵਿੱਚ ਸ਼ਕਤੀ ਭਰ ਕੇ ਇਹਨਾਂ ਕਦਮਾਂ ਨਾਲ ਸਾਰਾ ਪੰਜਾਬ, ਸਾਰਾ ਭਾਰਤ ਤੇ ਦੁਨੀਆਂ ਦੇ ਦੇਸ਼ ਗਾਹੁਣ ਲਈ ਇਨਾਂ ਹੀ ਰੁੱਤਾਂ 'ਚੋਂ ਸ਼ਕਤੀ ਹਾਸਲ ਕਰ ਰਿਹਾ ਸੀ। ਸਮਾਂ ਅੱਗੇ ਤੁਰਿਆ ਜਦ ਵੀਹ ਸਾਲ ਦੀ ਉਮਰ ਵਿੱਚ ਸਾਡੇ ਸਭ ਦੇ ਨੌਜਵਾਨ ਗੁਰਸ਼ਰਨ ਭਾਅ ਜੀ ਨੇ 1947 ਦਾ ਉਹ ਦੁਖਾਂਤਕ ਮੰਜ਼ਰ ਤੱਕਿਆ। ਜਿਵੇਂ ਊਧਮ ਸਿੰਘ ਨੇ 1919 ਦੇ ਸ਼ਹੀਦਾਂ ਦੇ ਖੂਨ ਦੀ ਸੁਰਖ ਮਿੱਟੀ ਨੂੰ ਆਪਣੀ ਮੁੱਠੀ 'ਚ ਲੈ ਕੇ ਸੰਕਲਪ ਲਿਆ ਸੀ ਕਿ ਉਹ ਇਸ ਦੇ ਜ਼ੁੰਮੇਵਾਰ ਗੋਰੇ ਨੂੰ ਉਹ ਛੱਡੇਗਾ ਨਹੀਂ। ਉਸੇ ਤਰਾਂ 1947 ਵਿਚ ਉਸ ਤੋਂ ਹਜ਼ਾਰਾਂ ਗੁਣਾਂ ਵੱਧ ਡੁੱਲੇ ਖੂਨ ਨੂੰ ਭਾਅ ਜੀ ਨੇ ਤੱਕਿਆ ਸੀ। ਉਸ ਸਮੇਂ ਉਹਨਾ ਦੇ ਮਨ 'ਚੋ ਇਕ ਸੰਕਲਪ ਉਭਰਿਆ ਹੋਵੇਗਾ ਕਿ ਇਹ ਉਹ ਅਜ਼ਾਦੀ ਨਹੀਂ ਹੈ ਜਿਸ ਦੀ ਤਵੱਕੋ ਭਗਤ ਸਿੰਘ ਨੇ ਕੀਤੀ ਸੀ। ਉਹ ਆਪਣੇ ਭੋਲੇ-ਭਾਲੇ ਲੋਕਾਂ ਤੱਕ ਰਸਾਈ ਕਰੇਗਾ, ਉਹਨਾਂ ਦੀਆਂ ਫਿਰਕੂ ਗਲਤੀਆਂ ਨੂੰ ਲੋਕ ਸੰਗਰਾਮਾਂ ਵਿਚ ਤਬਦੀਲ ਕਰਕੇ ਭਗਤ ਸਿੰਘ ਦੀ ਅਸਲ ਅਜ਼ਾਦੀ ਦੇ ਸੰਕਲਪ ਵੱਲ ਸੇਧਤ ਕਰੇਗਾ। ਸੰਗਰਾਮੀ ਲੋਕਾਂ ਲਈ ਸਤੰਬਰ ਮਹੀਨੇ ਦੀ ਅਹਿਮੀਅਤ 1917 ਦੇ ਅਕਤੂਬਰ ਇਨਕਲਾਬ ਵਾਂਗ ਕਿਸੇ ਵੀ ਪੱਖੋਂ ਘੱਟ ਨਹੀਂ ਹੈ। ਸਾਡੇ ਲਈ ਤਾਂ 1699 ਦੀ ਵਿਸਾਖੀ ਤੇ ਗੁਰੂ ਗੋਬਿੰਦ ਸਿੰਘ ਜੀ ਵੱਲੋਂ "ਚੂੰ ਕਰ ਹੁਮਾ ਹੀਲਤੇ ਦਰ ਗੁਜਸ਼ਤ-ਅਸਤ ਬੁਰਦਨ ਬ ਸ਼ਮਸੀਰ ਦਸਤ" ਦੇ ਮਹਾਂਵਾਕ ਅਨੁਸਾਰ ਹਥਿਆਰਬੰਦ ਇਨਕਲਾਬ ਦਾ ਸੁਨੇਹਾ ਹੈ। ਪਰ ਅੱਜ ਉਸ ਦੀ ਸਖ਼ਸ਼ੀਅਤ ਉਪਰ, ਉਸਦੇ ਫਲਸਫੇ ਉਪਰ ਪੁਜਾਰੀ ਵਰਗ ਅਤੇ ਅਖੌਤੀ ਪੰਥਕ ਇਸ ਕਦਰ ਭਾਰੂ ਹੋ ਗਏ ਹਨ ਜਿਵੇਂ ਮਾਖਿਓਂ ਉਪਰ ਭੂੰਮਣੇ ਦੀਆਂ ਮੱਖੀਆਂ ਕਾਬਜ਼ ਹੋ ਜਾਂਦੀਆਂ ਹਨ। ਕਿਰਤੀ ਮਨੁੱਖ ਨੂੰ, ਭਾਈ ਲਾਲੋਆਂ ਨੂੰ ਤਾਂ ਗੁਰੂ ਦੇ ਫਲਸਫੇ ਦੇ ਮਾਖਿਓਂ ਦੀ ਮਹਿਕ ਲੈਣ ਦੀ ਵੀ ਆਗਿਆ ਨਹੀਂ। ਕਿਉਂਕਿ ਉਹ ਤਾਂ ਅੱਜ ਵੀ ਗੁਰੂ ਦੇ ਸੰਗਰਾਮੀ ਸਿੰਘ ਨਹੀਂ ਸਗੋਂ ਉਹ ਤਾਂ ਤਰਖਾਣ ਸਿੱਖ, ਮਿਸਤਰੀ ਸਿੱਖ, ਨਾਈ ਸਿੱਖ ਮਜ਼ਬੀ ਸਿੱਖ, ਰਾਮਦਾਸੀਏ ਸਿੱਖ ਬਣਾ ਦਿੱਤੇ ਗਏ ਹਨ। ਗੁਰੂ ਦੇ ਸਾਜੇ ਨਿਵਾਜੇ ਖਾਲਸੇ ਨਹੀਂ। ਗੁਰੂ ਦਾ ਫਲਸਫਾ ਪੁਜਾਰੀ ਵਰਗ ਲਈ ਚਾਂਦੀ ਦੀ ਟਕਸਾਲ ਏ। ਜਿਸਨੂੰ ਬਟੋਰਨ ਦਾ ਉਹ ਕੋਈ ਵੀ ਮੌਕਾ ਨਹੀਂ ਗੁਆਉਂਦੇ। ਭਗਤ ਸਿੰਘ ਦਾ ਸੂਹਾ ਫਲਸਫਾ ਅਜਿਹੇ ਵਿਤਕਰਿਆਂ ਤੋਂ ਉਪਰ ਹੈ। ਇਸਨੂੰ ਮਜ਼ਦੂਰਾਂ ਦਾ ਸਨਅਤੀ ਇਨਕਲਾਬ ਜਾ ਕਿਸਾਨਾਂ ਵਲੋਂ ਬਰਾਬਰੀ ਵੰਡ ਦਾ ਖੇਤੀ ਅਧਾਰਤ ਜ਼ਰੱਈ ਇਨਕਲਾਬ ਕਿਹਾ ਜਾ ਸਕਦਾ ਹੈ। ਇਨਕਲਾਬੀ ਸਿਰਫ ਇਨਕਲਾਬੀ ਹੁੰਦਾ ਹੈ। ਇਸਨੂੰ ਜਾਗੀਰਦਾਰ ਲਾਬੀ ਵਲੋਂ ਵਿਗਾੜੇ ਪੰਥਕ ਮੁਹਾਂਦਰੇ ਅਨੁਸਾਰ ਕਦੇ ਵੀ ਇਨਕਲਾਬੀ (ਰਾਮਦਾਸੀਆ) ਇਨਕਲਾਬੀ (ਮਜਬੀ) ਇਨਕਲਾਬੀ ਦਰਜੀ ਜਾਂ ਨਾਈ ਇਨਕਲਾਬੀ ਵਿੱਚ ਨਹੀਂ ਵੰਡਿਆ ਜਾ ਸਕਦਾ ਸਿੱਖ ਪੰਥ ਵਿੱਚ ਪਾਏ ਜਾਂਣ ਜਾਤੀ ਵਿਖਰੇਵੇਂ ਵਰਗੇ ਅਜਿਹੇ ਨਾਮ ਭਗਤ ਸਿੰਘ ਹੋਰਾਂ ਦੇ ਫਲਸਫੇ ਵਿੱਚ ਅਜਿਹੀਆਂ ਜਾਤੀ ਵੰਡੀਆ ਅਜੇ ਤੱਕ ਨਾ ਪਈਆਂ ਹਨ ਤੇ ਨਾ ਹੀ ਪੈਣਗੀਆਂ। ਭਗਤ ਸਿੰਘ ਦੇ ਫਲਸਫੇ ਦੇ ਸੂਹੇ ਪਰਚਮ ਨੂੰ ਵੀ ਵਿਧਾਨ ਸਭਾ ਜਾਂ ਲੋਕ ਸਭਾ ਤੱਕ ਪੁੱਜਣ ਲਈ ਅਜਿਹੇ ਹੀ ਲਾਲ ਪੁਜਾਰੀਆਂ ਨੇ ਤੇ ਵਪਾਰੀਆਂ ਨੇ ਰੈਡ ਕਾਰਪਟ ਵਜੋਂ ਵਰਤਿਆ। ਪਰ ਗੁਰਸ਼ਰਨ ਭਾਅ ਜੀ ਵਰਗੇ ਸੂਰਮਿਆਂ ਦੀ ਕੀਰਤੀ ਨੇ ਉਹਨਾਂ ਕੋਲੋਂ ਇਹ ਪਰਚਮ ਬਾ-ਇੱਜ਼ਤ ਵਾਪਸ ਲੈ ਕੇ ਸੰਗਰਾਮੀ ਲੋਕਾਂ ਦੇ ਸਿਰ ਤੇ ਤਾਣ ਦਿੱਤਾ। ਉਹ ਸੰਗਰਾਮੀ ਜੋ 1967-71 ਦੌਰਾਨ ਸੂਹਾ ਪਰਚਮ ਬੰਨ ਕੇ ਘਰੋਂ ਤੁਰੇ ਸਨ। ਉਹਨਾਂ ਦੀ ਸੋਚ ਦੇ ਕਾਫਲੇ ਨੂੰ ਲੰਬਾ ਕੀਤਾ।

ਉਹ ਅਕਸਰ ਕਹਿੰਦੇ "ਐ ਮੇਰੇ ਲੋਗੋ! ਅੱਜ ਜੇ ਭਗਤ ਸਿੰਘ ਜ਼ਿੰਦਾ ਹੁੰਦੇ ਤਾਂ ਉਮਰ ਪੱਖੋਂ ਉਹਨਾਂ ਮੇਰੇ ਵਰਗੇ ਬਜ਼ੁਰਗ ਹੋਣਾ ਸੀ। ਤੁਹਾਡਾ ਭਗਤ ਸਿੰਘ ਜੇ ਬਾਕੀ ਜ਼ਿੰਦਗੀ ਤੁਹਾਡੇ ਸਭ ਦੇ ਲੇਖੇ ਲਗਾ ਗਿਆ ਏ ਤਾਂ ਘਰੇ ਜਾ ਕੇ ਜ਼ਰੂਰ ਸੋਚਣਾ ਕਿ ਉਹ ਤੁਹਾਡੇ ਲੋਕਾਂ ਦੀ ਕਿਹੋ ਜਿਹੀ ਜ਼ਿੰਦਗੀ ਲਈ, ਕੇਹੜੀ ਆਜ਼ਾਦੀ 'ਤੇ ਕਿਹੜੇ ਸੁੱਖਾਂ ਲਈ ਇੰਜ ਕਰ ਗਿਆ ਏ" ਭਗਤ ਸਿੰਘ ਦੀ ਸੋਚ ਦੀ ਉਸ ਆਜ਼ਾਦੀ ਬਾਰੇ ਜਿਸ ਬਾਰੇ ਕਿ ਉਹ ਅਜਿਹੀ ਆਜ਼ਾਦੀ ਲੋੜਦਾ ਸੀ ਜਿਥੇ ਹਰ ਕਿਰਤੀ ਦਾ ਸਨਮਾਨ ਹੋਵੇ। ਆਰਥਿਕ ਸਮਾਜਿਕ ਬਰਾਬਰੀ ਹੋਵੇ। ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ। ਇਹ ਸੁਨੇਹਾਂ ਭਾਅ ਜੀ ਨੇ ਉਹਨਾਂ ਆਪਣੀ ਬਜ਼ੁਰਗੀ ਅਵਸਥਾ ਵਿੱਚ ਘਰ-ਘਰ ਪਹੁੰਚਾਇਆ। ਅਸਲ ਅਰਥਾਂ 'ਚ ਜੋ ਕਾਰਜ ਭਗਤ ਸਿੰਘ ਦੇ ਨਾਲ ਜਨਮ ਲੈਣ ਵਾਲੇ ਉਸ ਦੇ ਆਪਣੇ ਮਾਂ ਜਾਏ ਨਾ ਕਰ ਸਕੇ ਉਹ ਕਾਰਜ ਗੁਰਸ਼ਰਨ ਭਾਅ ਜੀ ਨੇ ਨੇਪਰੇ ਚਾੜਨ ਲਈ ਜ਼ਿੰਦਗੀ ਲਗਾ ਦਿੱਤੀ। ਅੱਜ ਜਦ ਭਗਤ ਸਿੰਘ ਦੇ ਛੋਟੇ ਵੀਰ ਗੁਰਸ਼ਰਨ ਸਿੰਘ ਜੀ ਦੀ ਤਸਵੀਰ ਭਗਤ ਸਿੰਘ ਦੀ ਤਸਵੀਰ ਨਾਲ ਲੱਗਦੀ ਏ ਤਾਂ ਇਨਕਲਾਬੀ ਕਾਰਜ ਪੱਖੋ ਇਹ ਬੜਾ ਸਜਦੀ ਏ ਭਾਵੇਂ ਭਾਅ ਜੀ ਬਜ਼ੁਰਗ ਹਨ 'ਤੇ ਭਗਤ ਸਿੰਘ ਭਰ ਜਵਾਨ। ਜਿਵੇਂ ਸਰਦੀਆਂ ਦੀ ਰੁੱਤੇ ਸੂਰਜ ਨੂੰ ਚੰਦਰਮਾ ਵਾਂਗ ਨੰਗੀ ਅੱਖ ਨਾਲ ਦੇਖਿਆ ਜਾ ਸਕਦਾ ਏ ਤੇ ਕਈ ਵਾਰ ਚੰਦਰਮਾ ਦੀ ਰੌਸ਼ਨੀ ਵੀ ਉਸ ਨਾਲ ਬਗਲਗੀਰ ਹੋ ਜਾਂਦੀ ਹੈ ਤੇ ਕੁਝ ਕੁ ਫਰਕ 'ਤੇ ਚੰਦਰਮਾ ਵੀ ਦਿਨ ਵੇਲੇ ਦਿਸ ਪੈਂਦਾ ਏ। ਇਸ ਦ੍ਰਿਸ਼ ਦੇ ਮੰਜ਼ਰ ਵਾਂਗ ਭਗਤ ਸਿੰਘ ਦੇ ਵਿਚਾਰਾਂ ਦੀ ਰੌਸ਼ਨੀ 'ਤੇ ਗੁਰਸ਼ਰਨ ਭਾਅ ਜੀ ਦੀ ਕੀਰਤੀ ਦੀ ਰੌਸ਼ਨੀ ਆਪਸ ਵਿੱਚ ਬਗਲਗੀਰ ਹੁੰਦੀ ਮਹਿਸੂਸ ਕੀਤੀ ਜਾ ਸਕਦੀ ਹੈ। 'ਤੇ ਹਾਂ ਨਾਟਕ ਅੱਗੇ ਤੁਰਦਾ ਏ। "ਗਾਂਧੀ ਜੀ ਨੇ ਕਿਹਾ ਕਿ ਜੇ ਇਹਨਾਂ ਛੋਕਰਿਆਂ ਨੂੰ ਫਾਂਸੀ ਲਗਾਉਣੀ ਏ ਤਾਂ ਕਰਾਚੀ ਸੈਸ਼ਨ ਤੋਂ ਪਹਿਲਾਂ ਪਹਿਲਾ ਲਗਾ ਦਿੱਤੀ ਜਾਵੇ" ਭਾਅ ਜੀ ਦੀ ਮੰਚ ਤੋਂ ਆਵਾਜ਼ ਆਉਂਦੀ ਏ।

ਇਹ ਗਰਜ ਸੁਣ ਕੇ ਮੇਰੀ ਸੋਚ ਪਰਤਦੀ ਏ ਕਿ ਅੱਜ ਦੋਵੇਂ ਇਨਕਲਾਬੀ ਆਵਾਮ ਵਿੱਚ ਨਹੀਂ ਸਨ। ਅੱਜ ਇਹਨਾਂ ਦੋਹਾਂ ਇਨਕਲਾਬੀਆਂ ਨੂੰ ਇੱਕ ਚੌਖਟੇ 'ਚ, ਇੱਕ ਫਰੇਮ 'ਚ ਰੱਖ ਕੇ ਇਸ ਕਰਕੇ ਸੰਵਾਦ ਇਹ ਰਚਾਇਆ ਜਾ ਰਿਹਾ ਕਿ ਸੱਤਾਧਾਰੀ ਧਿਰ, ਲੋਕਾਈ ਉਪਰ ਇਹਨਾਂ ਦੋਹਾਂ ਦੇ ਸਖ਼ਸ਼ੀਅਤਾਂ ਦੇ ਪ੍ਰਭਾਵ ਨੂੰ ਬਟੋਰਨ ਲਈ, ਲੋਕ ਦਿਖਾਵੇ ਵਜੋਂ ਹੇਜ ਦਿਖਾਉਂਦੀ ਹੈ। ਦੂਸਰੇ ਪਾਸੇ ਇਨਾਂ ਦੋਹਾਂ ਸਖ਼ਸ਼ੀਅਤਾਂ ਦੀ ਲੋਕਾਈ ਪ੍ਰਤੀ ਇਨਕਲਾਬੀ ਸੋਚ 'ਤੇ ਜਨ-ਚੇਤਨਾ ਦੀ ਮੁਹਿੰਮ ਹਾਕਮਾਂ ਨੂੰ ਫੁੱਟੀ ਅੱਖ ਨਹੀਂ ਭਾਉਂਦੀ। ਉਹ ਇਹਨਾਂ ਦੋਹਾਂ ਸਖ਼ਸ਼ੀਅਤਾਂ ਨਾਲ ਸੰਬੰਧਿਤ ਇਤਿਹਾਸ ਨੂੰ ਅਤੇ ਨਿਸ਼ਾਨੀਆਂ ਨੂੰ ਖਤਮ ਕਰ ਰਹੀ ਹੈ। ਏਹੀ ਖਾਸਾ ਸਤਲੁਜੋਂ ਪਾਰ ਹਕੂਮਤਾਂ ਦਾ ਹੈ ਕਿ ਉਹ ਜਗ੍ਹਾ ਜਿਥੇ ਰਾਜਗੁਰੂ-ਸੁਖਦੇਵ-ਭਗਤ ਸਿੰਘ ਦਾ ਨੌਜਵਾਨਾਂ ਦੇ ਨਾਮ ਅੰਤਮ ਸੰਦੇਸ਼ ਗੂੰਜਿਆ ਸੀ ਉਹ ਸ਼ਮਦਾਨ ਚੌਕ ਬਣ ਕੇ ਰਹਿ ਗਿਆ ਹੈ। ਲੁਧਿਆਣੇ ਸੁਖਦੇਵ ਥਾਪਰ ਦਾ ਘਰ ਖਸਤਾ ਹਾਲਤ ਵਿੱਚ ਹੈ। ਦੂਜੇ ਪਾਸੇ ਗਾਂਧੀ ਦਾ ਤਾਂ ਚਰਖਾ 'ਤੇ ਐਨਕਾਂ ਵੀ ਸੁਰੱਖਿਅਤ ਪਈਆਂ ਹਨ। ਇਸੇ ਤਰ੍ਹਾਂ ਸਤਲੁਜੋਂ ਪਾਰ ਜਿਨਾਹ ਦੀਆਂ ਨਿਸ਼ਾਨੀਆਂ ਤੇ ਏਧਰ ਨਹਿਰੂ ਦੀਆਂ ਨਿਸ਼ਾਨੀਆਂ ਸੁਰੱਖਿਅਤ ਹਨ। ਸਾਮਰਾਜੀ ਧਿਰ ਦੇ ਇਹਨਾ ਟੋਡੀ ਬੱਚਿਆਂ ਦੇ ਇੱਕ ਪਾਸੜ ਇਤਿਹਾਸ ਨੂੰ ਲੋਕਾਈ ਦੇ ਜ਼ਿਹਨ ਵਿੱਚ ਭਰਿਆ ਜਾ ਰਿਹਾ ਹੈ। ਪਰ ਇਨਕਲਾਬੀ ਵਿਰਾਸਤ ਨੂੰ ਲੋਕ ਮਨਾਂ ਵਿੱਚੋਂ ਖਾਰਜ ਕੀਤਾ ਜਾ ਰਿਹਾ ਹੈ। ਗੁਰਸ਼ਰਨ ਭਾਅ ਜੀ ਬਾਰੇ ਇਹ ਜਾਣ ਕੇ ਬੜੀ ਹੈਰਾਨੀ ਹੋਈ ਕਿ ਦੂਰਦਰਸ਼ਨ ਜਲੰਧਰ ਵੱਲੋਂ 1987-90 ਦੌਰਾਨ ਉਹਨਾ ਦੁਰਗਾ ਦੱਤ ਸਵਤੋਜ ਦੁਆਰਾ ਗੁਰਸ਼ਰਨ ਭਾਅ ਜੀ ਦੇ 'ਭਾਈ ਮੰਨਾ ਸਿੰਘ' ਦੇ ਕਿਰਦਾਰ ਨਾਲ ਸੰਬੰਧਿਤ ਸਾਰੇ ਧਾਰਾਵਾਰਕਾਂ ਲੜੀਆਂ ਜਾਣ ਬੁੱਝ ਕੇ ਨਸ਼ਟ ਕਰ ਦਿੱਤੀਆਂ ਗਈਆਂ ਹਨ, ਜਦ ਕਿ ਦੂਜੇ ਪਾਸੇ ਅਮਰ ਚਮਕੀਲਾ ਅਤੇ ਦਿਲਸ਼ਾਦ ਅਖਤਰ ਜਾਂ ਦੀਦਾਰ ਸੰਧੂ ਦੇ ਚਾਲੂ ਕਿਸਮ ਦੇ ਲੱਚਰ ਗੀਤ ਅਜੇ ਤੱਕ ਵੀ ਸੁਰੱਖਿਅਤ ਹਨ। ਹੋਰ ਤਾਂ ਹੋਰ ਇਸ ਦੇ ਨਾਲ ਗਾਂਧੀ ਨਹਿਰੂ ਦੀਆਂ 70-80 ਸਾਲ ਪੁਰਾਣੀਓ ਵੀਡੀਓ ਕਲਿੱਪ ਸੁਰੱਖਿਅਤ ਹਨ। ਕੀ ਇਹ ਸਾਰਾ ਵਰਤਾਰਾ ਇੱਕ ਘਟੀਆ ਸਾਜਿਸ਼ ਨਹੀਂ। ਭਦੌੜ ਵਿਖੇ ਦਵਿੰਦਰ ਸਤਿਆਰਥੀ ਦਾ ਘਰ, ਦਿੱਲੀ ਹੌਜ ਖਾਸ ਵਿੱਚ ਅਮ੍ਰਿਤਾ ਪ੍ਰੀਤਮ ਦਾ ਘਰ ਤਾਂ ਨੇਸਤੋ ਨਾਬੂਦ ਹੋ ਚੁੱਕੇ ਹਨ ਪਰ ਅੰਗਰੇਜ਼ਾਂ ਦੇ ਕਬਰਸਤਾਨ ਅਜੇ ਵੀ ਸਾਰੇ ਭਾਰਤ ਵਿੱਚ ਮਹਿਫੂਜ਼ ਹਨ। ਅੱਜ ਵੀ ਹਰ ਸ਼ਹਿਰ ਵਿੱਚ ਚਰਚ ਅਤੇ ਕਬਰਸਤਾਨ ਦਾ ਰਕਬਾ ਸੁਰੱਖਿਅਤ ਹੈ। ਪੰਜਾਬ ਸਰਕਾਰ ਪੰਚਾਇਤੀ ਥਾਵਾਂ, ਨਹਿਰੀ ਵਿਸ਼ਰਾਮ ਘਰ 'ਤੇ ਹੋਰ ਜ਼ਮੀਨਾ ਨਿਲਾਮ ਕਰਕੇ ਖਾਲੀ ਖਜ਼ਾਨੇ ਭਰ ਰਹੀ ਹੈ ਪਰ ਅੰਗਰੇਜ਼ਾਂ ਦੇ ਕਬਰਸਤਾਨ ਵੱਲ ਅੱਖ ਚੁੱਕ ਕੇ ਵੀ ਨਹੀਂ ਦੇਖਦੀ। ਕੀ ਇਹ 67 ਸਾਲਾਂ ਬਾਅਦ ਵੀ ਸਾਡੀ ਗੁਲਾਮ ਜ਼ਹਿਨੀਅਤ ਦਾ ਇਜ਼ਹਾਰ ਨਹੀਂ ਹੈ। ਦੂਜੇ ਪਾਸੇ ਇਤਿਹਾਸ ਇਹ ਵੀ ਦੱਸਦਾ ਹੈ ਕਿ ਜਿੰਨਾ ਨੇ ਭਗਤ ਸਿੰਘ ਉਪਰ ਚੱਲੇ ਸਾਂਡਰਸ ਕਤਲ ਕੇਸਾਂ ਦੌਰਾਨ ਗਵਾਹੀਆਂ ਦਿੱਤੀਆਂ ਉਹਨਾਂ ਨੂੰ 1947 ਤੋਂ ਬਾਅਦ ਪ੍ਰਸ਼ਾਸ਼ਨ ਵਿੱਚ ਉੱਚ ਅਹੁਦੇ ਦਿੱਤੇ ਗਏ। ਗਦਰੀ ਦੇਸ਼ ਭਗਤਾਂ ਦੀਆਂ ਕੁਰਕ ਕੀਤੀਆਂ ਜਾਇਦਾਦਾਂ ਇਹ ਸਰਕਾਰਾਂ ਤੇ ਮੰਤਰੀ ਲੋਕ ਵਾਪਸ ਨਹੀਂ ਕਰ ਸਕੇ ਸਗੋਂ ਉਨਾਂ ਨੂੰ ਤਾਮਰ ਪੱਤਰ ਦੇਣ ਦੇ ਐਲਾਨ ਅਤੇ ਨਿਗੂਣੀਆਂ ਪੈਨਸ਼ਨਾਂ ਦਾ ਫੁਰਮਾਨ ਜਾਰੀ ਕਰਕੇ ਉਹਨਾਂ ਦੀ ਕੀਰਤੀ ਦੀ ਖਿੱਲੀ ਉਡਾਈ ਗਈ। ਸ਼ਹੀਦ ਭਗਤ ਸਿੰਘ ਦੀ ਸ਼ਹਾਦਤ ਅਤੇ ਸ਼ਹੀਦਾਂ ਨਾਲ ਸੰਬੰਧਤ ਕੇਸਾਂ ਵਿੱਚ ਵਾਅਦਾ ਮੁਆਫ ਬਣਨ ਵਾਲੇ ਗਵਾਹਾਂ ਨੂੰ ਅੰਗਰੇਜ਼ਾਂ ਨੇ ਜਿਹੜੇ ਸਨਮਾਨਾਂ ਨਾਲ ਨਿਵਾਜਿਆ ਉਹ ਰੱਦ ਕਰਨ ਦੀ ਥਾਂ ਭਾਰਤੀ ਹਕੂਮਤ ਨੇ ਉਹਨਾਂ ਨੂੰ ਬਹਾਲ ਰੱਖਿਆ। ਉਸ ਦਾ ਜ਼ਿਕਰ ਅਜੇ ਮਨ 'ਚ ਆਇਆ ਹੀ ਸੀ। "ਮੰਚ ਤੇ ਚਲ ਰਹੇ ਨਾਟਕ ਦੇ ਪਾਤਰਾ ਦੇ "ਇਨਕਲਾਬ-ਜਿੰਦਾਬਾਦ" ਦੇ ਨਾਹਰੇ ਨੇ ਧਿਆਨ ਖਿੱਚਿਆ। ਦੇਖਿਆ ਕਿ ਮੰਚ 'ਤੇ ਤਿੰਨ ਸੂਰਮੇ ਮੰਚ 'ਤੇ ਬਣਾਏ ਤਿੰਨ ਫੰਦਿਆਂ ਵੱਲ ਵੱਧਦੇ ਹਨ। ਬਾਬਾ ਭਰੇ ਮਨ 'ਤੇ ਭਰੇ ਗਲੇ ਨਾਲ ਗਾ ਰਿਹਾ ਏ 'ਆਵੋ ਨੀ ਭੈਣੋਂ ਗਾਓ ਰਲ ਮਿਲ ਘੋੜੀਆਂ-ਜੰਞ 'ਤੇ ਹੋਈ ਏ ਤਿਆਰ ਏ ਹਾਂ।" ਲਾਈਟਾਂ ਦੀ ਰੌਸ਼ਨੀ 'ਚ ਬਾਬੇ ਦੀਆਂ ਅੱਖਾਂ 'ਚ ਹੰਝੂਆਂ ਦੀਆਂ ਘਰਾਲਾ ਵਹਿੰਦੀਆਂ ਸਭ ਨੂੰ ਨਜ਼ਰ ਆ ਰਹੀਆਂ ਹਨ।

ਇਹ ਦੇਖ ਕਲਮ ਦੀਆਂ ਅੱਖਾਂ ਅੱਗੇ ਇਤਿਹਾਸ ਦੇ ਵਰਕੇ ਪੰਛੀ ਦੇ ਖੰਭਾ ਵਾਂਗ ਫੜਫੜਾਏ। 23 ਮਾਰਚ 1931 ਨੂੰ ਫਾਂਸੀ ਦੀ ਪ੍ਰਕਿਰਿਆ ਨੂੰ ਨੇਪਰੇ ਚੜਾਉਣ ਲਈ ਅੰਗਰੇਜ਼ਾ ਨੇ ਆਪਣੇ ਕੁਝ ਅਫਸਰਾਂ ਦੇ ਨਾਂਅ ਕਿਸੇ ਗੜਬੜ ਡਰੋਂ ਗੁਪਤ ਰੱਖੇ। ਪੰਜਾਬ ਦੇ ਇਤਿਹਾਸ ਦੇ ਪੰਨਿਆ ਤੋਂ ਉਹ ਨਾਮ ਮੇਰੇ ਸਾਹਮਣੇ ਆ ਕੇ ਇਤਿਹਾਸ ਦੇ ਉਹ ਦਿਨ ਦਿਖਾਉਂਦੇ ਹਨ। ਇਸ ਸਮੇਂ ਪੰਜਾਬ ਦੇ ਗਵਰਨਰ ਜੌਫਰੀ ਮੋਟ ਮੋਰੈਸੀ, ਪੁਲੀਸ ਸੁਪਰਿਨਟੈਂਡੈਂਟ ਖਾਨ ਬਹਾਦਰ ਸ਼ੇਖ ਅਬਦੁਲ ਅਜੀਜ, ਫਾਂਸੀ ਸਮੇਂ ਹਾਜ਼ਰ ਸਨ। ਇਸ ਤੋਂ ਪਹਿਲਾਂ 16 ਮਾਰਚ 1931 ਨੂੰ ਲਾਅ ਐਂਡ ਆਰਡਰ ਦੀ ਸਥਿਤੀ ਤੇ ਲਾਹੌਰ ਵਿਖੇ ਗਵਰਨਰ ਦੇ ਘਰ ਮੀਟਿੰਗ ਹੋਈ, ਜਿਸ ਦੀ ਪ੍ਰਧਾਨਗੀ ਪੰਜਾਬ ਦੇ ਗਵਰਨਰ ਜੌਫਰੀ ਮੋਂਟਮੋਰੈਂਸੀ (ਜਿਸ ਉੱਪਰ ਆਜ਼ਾਦੀ ਘੁਲਾਟੀਏ ਹਰੀ ਕਿਸ਼ਨ ਤਲਵਾਰ ਨੇ ਪੰਜਾਬ ਯੂਨੀਵਰਸਿਟੀ ਲਾਹੌਰ ਵਿਖੇ ਦਸੰਬਰ 1930 ਦੇ ਅਖੀਰਲੇ ਹਫਤੇ ਗੋਲੀ ਚਲਾਈ ਸੀ) ਜੋ ਗੋਲੀ ਦੇ ਜ਼ਖ਼ਮਾਂ ਦੀ ਪੀੜ ਤੋਂ ਪੀੜਤ ਸਨ ਨੇ ਕੀਤੀ। ਇਸ ਮੀਟਿੰਗ ਵਿੱਚ ਸੀ. ਐਮ. ਜੀ. ਓਜੀਲਵੀ, ਗ੍ਰਹਿ ਸਕੱਤਰ ਜੇ. ਏ. ਸਟੀਡ, ਆਈ. ਪੀ. ਜੋ ਪੰਜਾਬ ਪੁਲੀਸ ਦੇ ਆਈ. ਜੀ. ਸਨ, ਲੈਫਟੀਨੈਂਟ ਕਰਨਲ ਐਫ.ਏ. ਬਾਰਕਰ ਜੋ ਜੇਲਾਂ ਦੇ ਆਈ. ਜੀ. ਸਨ ਤੋਂ ਬਿਨਾਂ ਮਿਸਟਰ ਏ. ਏ. ਲੇਨ ਰੋਬਰਟਸ ਜੋ ਕਿ ਲਾਹੌਰ ਦੀ ਡਿਪਟੀ ਕਮਿਸ਼ਨਰ ਸਨ ਸਭ ਹਾਜ਼ਰ ਸਨ। ਮਿਸਟਰ ਜੀ. ਟੀ ਹਮਿਲਟਨ ਹਾਰਡਿੰਗ ਜੋ ਕਿ ਲਾਹੌਰ ਦੇ ਐਸ. ਐਸ. ਪੀ ਸਨ ਅਤੇ ਮੇਜਰ ਪੀ. ਡੀ. ਚੋਪੜਾ ਜੋ ਲਾਹੌਰ ਜੇਲ ਦੇ ਸੁਪਰਡੈਂਟ ਸਨ ਵੀ ਮੀਟਿੰਗ ਵਿੱਚ

ਹਾਜ਼ਰ ਹੋਏ। ਮੀਟਿੰਗ ਵਿੱਚ ਭਗਤ ਸਿੰਘ, ਰਾਜਗੁਰੂ 'ਤੇ ਸੁਖਦੇਵ ਦੀ ਫਾਂਸੀ ਦੀਆਂ ਤਿਆਰੀਆਂ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ ਜਿਹੜੀ ਕਿ 24 ਮਾਰਚ 1931 ਨੂੰ ਸਵੇਰੇ ਦਿੱਤੀ ਜਾਣੀ ਸੀ। ਗਵਰਨਰ ਨੇ ਸੂਬੇ ਵਿੱਚ ਕਾਨੂੰਨ ਪ੍ਰਬੰਧ ਦੀ ਵਿਵਸਥਾ ਦਾ ਜਾਇਜਾ ਲਿਆ।

22 ਮਾਰਚ 1931 ਨੂੰ ਲਾਹੌਰ ਵਿੱਚ ਰਾਤ ਨੂੰ ਗਰਜ ਚਮਕ ਦੇ ਨਾਲ ਤੇਜ਼ ਹਨੇਰੀ 'ਤੇ ਬਾਰਸ਼ ਹੋਈ। 22 ਮਾਰਚ 1931 ਨੂੰ ਹੀ ਲਾਹੌਰ ਉੱਚ ਅਦਾਲਤ ਦੇ ਜੱਜ ਐਮ. ਵੀ. ਭਿੰਡੇ ਨੇ ਸਪੈਸ਼ਲ ਟ੍ਰਿਬਿਊਨਲ ਦੀਆਂ ਸ਼ਕਤੀਆਂ ਨੂੰ ਚੈਲਿੰਜ ਕਰਦੀ ਪਟੀਸ਼ਨ ਰੱਦ ਕਰਕੇ ਕਾਲੇ ਵਾਰੰਟ ਜਾਰੀ ਕਰ ਦਿੱਤੇ ਸਨ। 23 ਮਾਰਚ 1931 ਨੂੰ ਸਵੇਰੇ ਹੋਣ 'ਤੇ ਰਾਤ ਨੂੰ ਚੱਲਿਆ ਤੂਫਾਨ ਥੰਮ ਗਿਆ। ਜੇਲ ਅਧਿਕਾਰੀ ਇੱਕ ਦੂਜੇ ਨਾਲ ਅਤੇ ਜੇਲ ਸੁਪਰਡੈਂਟ ਮੇਜਰ ਪੀ. ਡੀ. ਚੋਪੜਾ ਜ਼ੇਲ੍ਹ ਦੇ ਕਮਰੇ ਵਿੱਚ ਘਬਰਾਹਟ ਭਰੇ ਲਹਿਜੇ 'ਚ ਬੋਲ ਰਹੇ ਸਨ ਕਿਉਂਕਿ ਇੱਕ ਜਲਾਦ ਨੇ ਤਿੰਨਾ ਸੂਰਮਿਆਂ ਦੀ ਫਾਂਸੀ ਦਾ ਫੱਟਾ ਖਿਚਣ ਤੋਂ ਇਨਕਾਰ ਕਰ ਦਿੱਤਾ ਸੀ। ਮੇਜਰ ਚੋਪੜਾ ਨੇ ਜੇਲ ਦੇ ਹੋਰ ਸੁਪਰਡੈਂਟਾਂ 'ਤੇ ਉੱਚ ਜੇਲ ਅਧਿਕਾਰੀਆਂ ਨੇ ਰਾਇਲ ਬ੍ਰਿਟਿਸ਼ ਇੰਡੀਅਨ ਆਰਮੀ ਵਿੱਚੋਂ ਡਾਕਟਰ ਵੀ ਬੁਲਾ ਲਿਆ ਸੀ। ਪੰਜਾਬ ਸਰਕਾਰ ਨੇ ਭਗਤ ਸਿੰਘ ਦੇ ਵਕੀਲ ਪ੍ਰਾਣ ਨਾਥ ਮਹਿਤਾ ਨਾਲ ਉਸਦੀ ਅਹਿਮ ਮੁਲਾਕਾਤ 23 ਮਾਰਚ 1931 ਨੂੰ ਸਵੇਰੇ ਦਸ ਵਜੇ ਕਰਵਾ ਦਿੱਤੀ ਸੀ। ਮਹਿਤਾ ਸਾਹਿਬ ਨੇ ਚਾਰ ਹੱਥ ਲਿਖਤ ਕਾਗਜ਼ ਭਗਤ ਸਿੰਘ ਤੋਂ ਪ੍ਰਾਪਤ ਕੀਤੇ। ਸਟੀਡ, ਬਰਕਰ, ਰੋਬਰਡ, ਹਾਰਡਿੰਗ ਅਤੇ ਚੋਪੜਾ ਨੇ ਭਗਤ ਸਿੰਘ ਨੂੰ ਮਿਲ ਕੇ ਇੱਕ ਦਸਤਾਵੇਜ ਪੇਸ਼ ਕੀਤਾ ਸੀ। ਇਸ ਮੁਤਾਬਕ ਉਹਨਾ ਵੱਲੋਂ ਸਲਾਹ ਦਿੱਤੀ ਗਈ ਸੀ ਕਿ ਜੇ ਭਗਤ ਸਿੰਘ ਅੰਗਰੇਜ਼ ਸਰਕਾਰ ਤੋਂ ਮੁਆਫੀ ਮੰਗ ਲੈਣ ਤਾਂ ਫਾਂਸੀ ਦੀ ਕਾਰਵਾਈ ਰੋਕੀ ਜਾ ਸਕਦੀ ਹੈ ਤੇ ਮੁਆਫੀ ਦਿੱਤੀ ਜਾ ਸਕਦੀ ਹੈ। ਇਸ ਨੂੰ ਮੰਨਣ ਤੋਂ ਭਗਤ ਸਿੰਘ ਨੇ ਇਨਕਾਰ ਕਰ ਦਿੱਤਾ ਤੇ ਤਹਿ ਕੀਤੀ ਮਿਤੀ ਤੋਂ ਪਹਿਲਾ 23 ਮਾਰਚ 1931 ਦੀ ਸ਼ਾਮ ਨੂੰ ਫਾਂਸੀ ਪ੍ਰਕਿਰਿਆ ਮੁਕੰਮਲ ਕਰਨ ਦੀਆਂ ਤਿਆਰੀਆਂ ਕੀਤੀਆਂ ਜਾਣ ਲੱਗੀਆਂ। ਇਸ ਬਾਰੇ ਜੇਲ ਵਾਰਡਨ ਚਤਰ ਸਿੰਘ ਨੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ ਸੂਚਿਤ ਕਰ ਦਿੱਤਾ ਸੀ।

ਦੁਪਹਿਰ ਲੰਘ ਗਈ। ਘੜੀ ਦੀਆਂ ਸੂਈਆਂ ਸ਼ਾਮ ਵੱਲ ਵਧਣ ਲੱਗੀਆਂ। ਜ਼ਿਲੇ ਦੇ ਸਿਵਲ ਅਤੇ ਪੁਲੀਸ ਅਫ਼ਸਰ ਜੇਲ ਦੇ ਬਾਹਰ ਇਕੱਠੇ ਹੋਣ ਲੱਗੇ। ਜਿੰਨਾ ਵਿੱਚ ਲਾਹੌਰ ਦੇ ਐਡੀਸ਼ਨਲ ਜ਼ਿਲਾ ਮੈਜਿਸਟ੍ਰੇਟ ਸ਼ੇਖ ਅਬਦੁਲ ਹਮੀਦ, ਰਾਏ ਸਾਹਿਬ ਲਾਲਾ ਨੱਥੂ ਰਾਮ, ਸਿਟੀ ਮੈਜਿਸਟ੍ਰੇਟ ਸੁਦਰਸ਼ਨ ਸਿੰਘ, ਡੀ. ਐਸ. ਪੀ. ਕਾਸੂਰ, ਅਮਰ ਸਿੰਘ ਡੀ. ਐਸ. ਪੀ. ਸਿਟੀ ਲਾਹੌਰ, ਜੇ. ਆਰ. ਮੋਰਿਸ ਡੀ. ਐਸ. ਪੀ. ਹੈਡਕੁਆਰਟਰ (ਲਾਹੌਰ) ਅਤੇ ਸੌ ਦੇ ਕਰੀਬ ਹਥਿਆਰਬੰਦ ਪੁਲੀਸ ਮੁਲਾਜ਼ਮ ਸਨ। ਗਵਰਨਰ ਦੇ ਤਾਜ਼ਾ ਹੁਕਮਾਂ ਕਾਰਨ ਉਹਨਾਂ ਦੇ ਮਨਾਂ ਵਿੱਚ ਵੀ ਤੇ ਪੁਲੀਸ ਕਰਮਚਾਰੀਆਂ ਨੂੰ ਆਪਣੀ ਸੁੱਰਖਿਆ ਦੀ ਚਿੰਤਾ ਸੀ। ਐਸ. ਪੀ. ਖਾਨ ਬਹਾਦਰ ਸ਼ੇਖ ਅਬਦੁਲ ਅਜੀਜ਼ ਜੋ ਪੜਤਾਲੀਆ, ਅਫ਼ਸਰ ਸਨ ਉਹ ਕੁਝ ਦਿਨ ਪਹਿਲਾਂ ਹੋਏ ਹਮਲੇ ਵਿੱਚ ਗੋਲੀ ਲੱਗਣ ਕਾਰਨ ਜ਼ਖ਼ਮੀ ਹੋ ਗਏ ਸਨ ਪਰ ਬਚ ਗਏ ਸਨ। ਸਟਿਰ, ਬਰਕਰ, ਰੋਬਰਡ ਹਾਰਡਿੰਗ, ਚੋਪੜਾ ਅਤੇ ਜੇਲ ਦੇ ਡਿਪਟੀ ਸੁਪਰਡੈਂਟ ਖਾਨ ਸਾਹਿਬ ਮੁਹੰਮਦ ਅਕਬਰ ਜੇਲ ਦੇ ਅੰਦਰ ਮੌਜੂਦ ਸਨ। ਉਨ੍ਹਾਂ ਨਵਾ ਪ੍ਰਬੰਧ ਕਰਕੇ ਲਾਹੌਰ ਦੇ ਨੇੜੇ ਸ਼ਾਹਦਰਾ ਤੋਂ ਜਲਾਦ ਮਸੀਹ ਨੂੰ ਬੁਲਾ ਲਿਆ ਗਿਆ ਸੀ। ਜਿਸ ਪਲ ਤਿੰਨਾਂ ਇਨਕਲਾਬੀਆਂ ਨੂੰ ਉਨ੍ਹਾਂ ਦੇ ਸੈਲਾਂ 'ਚੋਂ ਬਾਹਰ ਕੱਢਿਆ ਗਿਆ ਤਾਂ ਉਹਨਾਂ 'ਇਨਕਲਾਬ ਜਿੰਦਾਬਾਦ ਦੇ ਨਾਹਰੇ ਲਗਾਏ' ਲਾਹੌਰ ਜ਼ਿਲੇ ਦੇ ਕਾਂਗਰਸ ਦੇ ਸਕੱਤਰ ਪਿੰਡੀ ਦਾਸ ਸੋਢੀ ਜਿਹੜੇ ਕੇਂਦਰੀ ਜੇਲ ਲਾਹੌਰ ਦੇ ਨੇੜੇ ਰਹਿੰਦੇ ਸਨ ਨੇ ਨਾਅਰਿਆਂ ਦੀ ਅਵਾਜ਼ ਸੁਣੀ। ਨਾਹਰੇ ਸੁਣ ਕੇ ਤਿੰਨੇ ਇਨਕਲਾਬੀ ਚੱਲ ਕੇ ਫੰਦੇ ਕੋਲ ਪਹੁੰਚੇ। ਜੇਲ ਦੇ ਦੂਸਰੇ ਕੈਦੀ ਉਹਨਾਂ ਦੇ ਨਾਅਰਿਆਂ ਵਿੱਚ ਸ਼ਾਮਲ ਹੋ ਗਏ।

ਡਿਪਟੀ ਕਮਿਸ਼ਨਰ ਏ. ਏ. ਲੇਨ ਰੋਬਰਟ ਜੋ ਕਿ 1909 ਦੇ ਬੈਚ ਦੇ ਆਈ. ਸੀ. ਐਸ. ਅਫਸਰ ਸਨ ਨੇ ਜਦੋ ਤਿੰਨਾ ਨੌਜਵਾਨਾਂ ਨੂੰ ਫੰਦੇ ਵਾਲੀ ਜਗਾ ਤੇ ਪਹੁੰਚੇ ਦੇਖਿਆ ਤਾਂ ਉਸ ਨੇ ਭਗਤ ਸਿੰਘ ਨੂੰ ਕਿਹਾ ਕਿ "ਲੋਕ ਜਲਦੀ ਦੇਖਣਗੇ ਕਿ ਕਿੰਜ ਅਜ਼ਾਦੀ ਘੁਲਾਟੀਆਂ ਨੇ ਬਹਾਦਰੀ ਨਾਲ ਮੌਤ ਨੂੰ ਚੁੰਮਿਆ ਤਾਂ ਉਹ ਹਮੇਸ਼ਾ ਉਹਨਾਂ ਨੂੰ ਯਾਦ ਰੱਖਣਗੇ।" ਤਿੰਨਾਂ ਇਨਕਲਾਬੀਆ ਨੇ ਮੂੰਹਾ ਤੇ ਕਾਲੇ ਨਕਾਬ ਪਾਉਣ ਤੋਂ ਇਨਕਾਰ ਕਰ ਦਿੱਤਾ। ਤੇ ਭਗਤ ਸਿੰਘ ਨੇ ਨਕਾਬ ਜ਼ਿਲਾ ਮੈਜਿਸਟ੍ਰੇਟ ਉੱਪਰ ਸੁੱਟ ਦਿੱਤਾ। ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੇ ਅੰਤਮ ਬੋਲ ਸਨ 'ਸਾਮਰਾਜਵਾਦ ਮੁਰਦਾਬਾਦ।' ਮਸੀਹ ਨੇ ਲੀਵਰ ਖਿੱਚਿਆ। ਸਭ ਤੋਂ ਪਹਿਲਾਂ ਭਗਤ ਸਿੰਘ ਹੇਠੋਂ ਫਿਰ ਰਾਜਗੁਰੂ ਤੇ ਫਿਰ ਸੁਖਦੇਵ ਹੇਠੋ ਫੱਟਾ ਖਿੱਚਿਆ ਗਿਆ।

ਲੈਫਟੀਨੈਂਟ ਕਰਨਲ ਜੇ. ਜੇ. ਹਾਰਪਰ ਨੈਲਸਨ ਜੋ ਕਿੰਗ ਐਡਵਰਡਜ਼ ਮੈਡੀਕਲ ਕਾਲਜ ਲਾਹੌਰ ਦੇ ਪ੍ਰਿੰਸੀਪਲ ਸਨ ਅਤੇ ਲੈਫਟੀਨੈਂਟ ਕਰਨਲ ਐਨ. ਐਸ. ਸੋਢੀ ਜੋ ਲਾਹੌਰ ਦੇ ਸਿਵਲ ਸਰਜਨ ਸਨ ਜੇਲ ਵਿੱਚ ਮੌਜੂਦ ਸਨ। ਫਾਂਸੀ ਤੋਂ ਬਾਅਦ ਇਹਨਾਂ ਤਿੰਨਾਂ ਸ਼ਹੀਦਾਂ ਦੀ ਮੌਤ ਦੀ ਪੁਸ਼ਟੀ ਕੀਤੀ ਗਈ। ਜੇਲ ਦੇ ਬਾਹਰ ਭਾਰੀ ਭੀੜ ਜਮਾਂ ਹੋਣ ਲੱਗੀ। ਪਰ ਦੋ ਗੱਡੀਆਂ ਜਿੰਨਾਂ ਦੀ ਅਗਵਾਈ ਕਸੂਰ ਪੁਲੀਸ ਦੇ ਸੁਪਰਡੈਂਟ ਸੁਦਰਸ਼ਨ ਸਿੰਘ ਕਰ ਰਹੇ ਸਨ ਤੇ ਨਾਲ ਡੀ. ਐਸ. ਪੀ. ਅਮਰ ਸਿੰਘ ਸਨ ਅਤੇ ਤਿੰਨ ਟਰੱਕ ਸਿਪਾਹੀਆਂ ਦੇ ਸਨ ਜੇਲੋਂ ਚੱਲੇ ਰਾਤ ਦੇ 10 ਵਜੇ ਤਿੰਨਾਂ ਮ੍ਰਿਤਕ ਦੇਹਾਂ ਨੂੰ ਸੰਸਕਾਰ ਲਈ ਲੈ ਕੇ ਪੁੱਜੇ। ਸੁਦਰਸ਼ਨ ਸਿੰਘ ਨੇ ਗ੍ਰੰਥੀ ਨੱਥਾ ਸਿੰਘ, ਪੁਜਾਰੀ ਜਗਦੀਸ਼ ਅਚਰਾਜ, ਕਸੂਰ ਤੋਂ ਹੀ ਲੈ ਲਏ ਸਨ। ਰਾਤ ਨੂੰ ਗੰਡਾ ਸਿੰਘ ਵਾਲਾ ਪਿੰਡ ਦੇ ਬਾਹਰਵਾਰ ਤਿੰਨਾਂ ਲਾਸ਼ਾਂ ਨੂੰ ਅੱਗ ਦੇ ਸਪੁਰਦ ਕਰ ਦਿੱਤਾ। ਫਿਰੋਜ਼ਪੁਰ ਸਮੇਤ ਜਦੋਂ ਵੱਖ-ਵੱਖ ਦਿਸ਼ਾਵਾਂ ਤੋਂ ਲੋਕ ਪਹੁੰਚੇ ਤਾਂ ਦੇਹਾਂ ਸੜ ਰਹੀਆਂ ਸਨ।

ਭਗਤ ਸਿੰਘ, ਰਾਜਗੁਰੂ, ਸੁਖਦੇਵ ਸਿੰਘ ਦੇ ਚਾਰ ਸਾਥੀਆਂ ਹੰਸ ਰਾਜ ਵੋਹਰਾ, ਜੈਗੋਪਾਲ, ਫੋਨਿੰਦਰਾ ਨਾਥ ਘੋਸ਼ ਅਤੇ ਮਨਮੋਹਨ ਬੈਨਰਜੀ ਨੇ ਸਰਕਾਰੀ ਗਵਾਹ ਬਣ ਕੇ ਮੁਕੱਦਮੇ ਵਿੱਚ ਭਗਤ ਸਿੰਘ ਹੋਰਾਂ ਖਿਲਾਫ ਗਵਾਹੀਆਂ ਦਿੱਤੀਆਂ। ਪੰਜਾਬ ਪੁਲੀਸ ਵੱਲੋਂ ਪੇਸ਼ ਕੀਤੇ ਗਏ 457 ਗਵਾਹਾਂ ਵਿੱਚੋਂ ਇਹ ਵੀ ਸਨ। ਇਨਹਾਂ ਗਵਾਹਾਂ ਵਿੱਚ ਪੰਜਾਬੀ ਦੇ ਪ੍ਰਸਿੱਧ ਲੇਖਕ ਖੁਸ਼ਵੰਤ ਸਿੰਘ ਦੇ ਪਿਤਾ ਸਰ ਸੋਭਾ ਸਿੰਘ ਵੀ ਸ਼ਾਮਲ ਸਨ। ਜਿੰਨਾ ਨੂੰ ਇਸ ਗਵਾਹੀ ਬਦਲੇ ਅੰਗਰੇਜਾਂ ਨੇ ਦਿੱਲੀ ਵਿਖੇ ਪਲਾਟ ਦਿੱਤਾ ਗਿਆ। ਪੰਜਾਬ ਦੇ ਫਿਰੋਜਪੁਰ ਜਿਲ੍ਹੇ ਦੇ ਗਵਾਹ ਅਜੈਬ ਸਿੰਘ ਸਨ। ਜਿਨ੍ਹਾਂ ਦਾ ਇੱਕ ਮੈਂਬਰ ਪੰਜਾਬ ਪੁਲੀਸ ਵਿੱਚ ਐਸ. ਪੀ. ਰਿਹਾ ਸੀ। ਫਾਂਸੀ ਉਪਰੰਤ ਸਭ ਨੂੰ ਹੀ ਸਨਮਾਨਤ ਕੀਤਾ ਗਿਆ। ਵੋਹਰਾ ਨੇ ਇਨਾਮ ਲੈਣ ਤੋਂ ਇਨਕਾਰ ਕਰ ਦਿੱਤਾ ਤੇ ਬਦਲੇ ਵਿੱਚ ਉਸਨੂੰ ਪ੍ਰੈਸਟੀਜੀਅਸ ਲੰਡਨ ਸਕੂਲ ਆਫ ਇਕਨੌਮਿਕਸ ਵਿੱਚ ਪੜਣ ਲਈ ਭੇਜਿਆ ਗਿਆ। ਰਾਜਨੀਤੀ ਸ਼ਾਸ਼ਤਰ ਵਿੱਚ ਮਾਸਟਰ ਦੀ ਡਿਗਰੀ ਪ੍ਰਾਪਤ ਕਰਨ ਉਪਰੰਤ ਵੋਹਰਾ ਨੇ ਲੰਡਨ ਯੂਨੀਵਰਸਿਟੀ ਤੋਂ ਜਰਨਾਲਿਜ਼ਮ ਵਿੱਚ ਲੰਡਨ ਤੋਂ ਡਿਗਰੀ ਪ੍ਰਾਪਤ ਕੀਤੀ ਅਤੇ ਸਿਵਲ ਅਤੇ ਮਿਲਟਰੀ ਗਜ਼ਟ ਆਫ਼ ਲਾਹੌਰ ਵਿੱਚ 1948 ਤੱਕ ਕੰਮ ਕੀਤਾ। ਪਿੱਛੋਂ ਉਹ ਅਮਰੀਕਾ ਦੇ ਸ਼ਹਿਰ ਵਾਸ਼ਿੰਗਟਨ ਚਲਾ ਗਿਆ। ਪੰਜਾਹ-ਸੱਠ ਦੇ ਦਹਾਕੇ ਦੌਰਾਨ ਵਾਸ਼ਿੰਗਟਨ ਤੋਂ ਇੰਡੀਅਨ ਡੇਲੀ ਪੱਤਰਕਾ ਦਾ ਪੱਤਰਕਾਰ ਰਿਹਾ ਤੇ 1990 ਦੇ ਮੱਧ ਵਿੱਚ ਅਮਰੀਕਾ ਵਿੱਚ ਉਸ ਦੀ ਮੌਤ ਹੋ ਗਈ। ਅੰਗਰੇਜ਼ ਸਰਕਾਰ ਦੀ ਵਫਾਦਾਰੀ ਬਦਲੇ ਜੈ ਗੋਪਾਲ ਨੂੰ ਵੀਹ ਹਜ਼ਾਰ ਰੁਪਏ ਦਾ ਇਨਾਮ ਮਿਲਿਆ। ਫੋਨਿੰਦਰਾ ਨਾਥ ਘੋਸ਼ ਅਤੇ ਮਨਮੋਹਨ ਬੈਨਰਜੀ ਨੂੰ ਬਿਹਾਰ ਦੇ ਜ਼ਿਲਾ ਚੰਪਾਰਨ ਵਿੱਚ ਪੰਜਾਹ-ਪੰਜਾਹ ਏਕੜ ਜ਼ਮੀਨ ਮਿਲੀ, ਜਿਹੜਾਂ ਕਿ ਉਨ੍ਹਾਂ ਦਾ ਜ਼ਿਲਾ ਸੀ।

ਫਾਂਸੀ ਤੋਂ ਦੋ ਦਿਨ ਬਾਅਦ ਉਸ ਸਮੇਂ ਦੇ ਜੇਲ ਅਫ਼ਸਰ ਪੀ. ਡੀ. ਚੋਪੜਾ ਨੂੰ ਤਰੱਕੀ ਦੇ ਕੇ ਜੇਲਾਂ ਦਾ ਪੰਜਾਬ ਦਾ ਡੀ. ਆਈ. ਜੀ. ਬਣਾ ਦਿੱਤਾ ਗਿਆ। ਜੇਲ ਦੇ ਡਿਪਟੀ ਸੁਪਰਡੈਂਟ ਖਾਨ ਸਾਹਿਬ ਮੁਹੰਮਦ ਅਕਬਰ ਖਾਨ ਜਿਨਾਂ ਭਗਤ ਸਿੰਘ ਦੀ ਫ਼ਾਂਸੀ ਉਪਰੰਤ ਰੋਣਾ ਸ਼ੁਰੂ ਕਰ ਦਿੱਤਾ ਸੀ ਨੂੰ ਉਸ ਦੇ ਦੋ ਸਾਥੀਆਂ ਸਮੇਤ ਮੁਅੱਤਲ ਕਰ ਦਿੱਤਾ ਗਿਆ ਪਰ ਜਲਦੀ ਹੀ ਫੈਸਲਾ ਵਾਪਸ ਲੈ ਕੇ ਸਹਾਇਕ ਜੇਲ ਸੁਪਰਡੈਂਟ ਨਿਯੁੱਕਤ ਕਰ ਦਿੱਤਾ ਗਿਆ। ਉਸ ਦਾ ਖਾਨ ਬਹਾਦਰ ਦਾ ਖਿਤਾਬ 27 ਮਾਰਚ 1931 ਨੂੰ ਵਾਪਸ ਲੈ ਲਿਆ ਗਿਆ ਸੀ।

ਪੰਜਾਬ ਦੇ ਜੇਲ੍ਹਾਂ ਦੇ ਆਈ. ਜੀ. ਲੈਫਟੀਨੈਂਟ ਕਰਨਲ ਐਫ. ਏ. ਬਰਕਰ ਨੂੰ ਸਰ ਨਾਈਟ ਹੁੱਡ ਦੀ ਉਪਾਧੀ ਨਾਲ ਸਨਮਾਨਤ ਕੀਤਾ ਗਿਆ। ਲਾਹੌਰ ਸਾਜ਼ਿਸ਼ ਕੇਸ ਦੇ ਪੜਤਾਲੀਆ ਅਫ਼ਸਰ ਖਾਨ ਬਹਾਦਰ ਅਬਦੁਲ ਅਜੀਜ (ਐਸ. ਪੀ.) ਨੂੰ ਆਊਟ ਆਫ਼ ਟਰਨ ਜਾ ਕੇ ਤਿੰਨ ਸਾਲ ਬਾਅਦ ਡੀ. ਆਈ. ਜੀ. ਬਣਾਇਆ ਗਿਆ। ਉਹ ਅੰਗਰੇਜ਼ ਸਾਸ਼ਨ ਦੇ 200 ਸਾਲਾਂ ਦੇ ਇਤਿਹਾਸ ਦੀ ਉਦਾਹਰਨ ਹੈ ਜੋ ਸਿਪਾਹੀ ਦੇ ਤੌਰ ਤੇ ਭਰਤੀ ਹੋ ਕੇ ਡੀ. ਆਈ. ਜੀ. ਰਿਟਾਇਰ ਹੋਇਆ।

ਖਾਨ ਬਹਾਦਰ ਸ਼ੇਖ ਅਬਦੁਲ ਅਜੀਜ ਦੇ ਵੱਡੇ ਪੁੱਤਰ ਮਸੂਦ ਅਜੀਜ ਨੂੰ ਪੰਜਾਬ ਪੁਲੀਸ ਵਿੱਚ ਨਵੰਬਰ 1931 ਵਿੱਚ ਸਿੱਧਾ ਡੀ. ਐਸ. ਪੀ. ਭਰਤੀ ਕੀਤਾ ਗਿਆ। ਖਾਨ ਬਹਾਦਰ ਨੂੰ ਲਾਇਲਪੁਰ ਜ਼ਿਲੇ ਵਿੱਚ ਪੰਜਾਹ ਏਕੜ ਜ਼ਮੀਨ ਦਿੱਤੀ ਗਈ। ਡੀ. ਐਸ. ਪੀ. ਸੁਦਰਸ਼ਨ ਸਿੰਘ ਨੂੰ ਸ਼ਹੀਦਾਂ ਦੇ ਮ੍ਰਿਤਕ ਸਰੀਰਾਂ ਨੂੰ ਕਿਮਟਣ ਦੇ ਸਨਮਾਨ ਵਜੋਂ ਆਊਟ ਆਫ਼ ਟਰਨ ਜਾ ਕੇ ਕਸੂਰ ਦਾ ਐਡੀਸ਼ਨਲ ਐਸ. ਪੀ. ਲਗਾਇਆ ਗਿਆ। 1942 ਵਿੱਚ ਉਹ ਕਸੂਰ ਦੇ ਐਸ. ਪੀ. ਵਜੋਂ ਸੇਵਾ ਮੁਕਤ ਹੋਇਆ। ਰਾਏ ਸਾਹਿਬ ਪੰਡਤ ਸ਼੍ਰੀ ਕ੍ਰਿਸ਼ਨਾ ਪੀ. ਸੀ. ਐਸ. ਜੋ ਮ੍ਰਿਤਕ ਦੇਹਾ ਦੇ ਸੰਸਕਾਰ ਸਮੇਂ ਕਸੂਰ ਦਾ ਐਸ. ਡੀ. ਐਮ. ਸੀ, ਨੂੰ ਪੰਜਾਬ ਸਰਕਾਰ ਵੱਲੋਂ ਪ੍ਰਸੰਸ਼ਾ ਪੱਤਰ ਦਿੱਤਾ ਗਿਆ। ਬਟਾਲੇ ਦੇ ਜੰਮਪਲ ਸ਼ੇਖ ਅਬਦੁਲ ਹਮੀਦ ਪੀ. ਸੀ. ਐਸ. ਐਡੀਸ਼ਨਲ ਡਿਪਟੀ ਕਮਿਸ਼ਨਰ ਲਾਹੌਰ ਅਤੇ ਅਟਕ ਦੇ ਜੰਮਪਲ ਲਾਲਾ ਨੱਥੂ ਰਾਮ ਪੀ. ਸੀ. ਐਸ. ਸਿਟੀ ਮੈਜਿਸਟ੍ਰੇਟ ਸਮੇਤ ਜ਼ਿਲਾ ਮੈਜਿਸਟ੍ਰੇਟ ਏ. ਏ. ਲੇਨ ਰੋਬਰਟ ਆਈ. ਸੀ. ਐਸ. ਨੂੰ ਵੀ ਗਵਰਨਰ ਵੱਲੋਂ ਪ੍ਰਸੰਸ਼ਾ ਪੱਤਰ ਦਿੱਤੇ ਗਏ।

ਜੀ. ਟੀ. ਹਮਿਲਟਨ ਹਾਰਡਿੰਗ, ਐਸ. ਐਸ. ਪੀ. ਲਾਹੌਰ, ਅਮਰ ਸਿੰਘ ਡੀ. ਐਸ. ਪੀ., ਜੇ. ਆਰ. ਮੋਰਿਸ ਡੀ. ਐਸ. ਪੀ., ਨੂੰ ਕਿੰਗਜ ਪੁਲਿਸ ਮੈਡਲ ਦਿੱਤੇ ਗਏ। ਸ਼ਹੀਦ ਭਗਤ ਸਿੰਘ ਦੁਆਰਾ ਆਪਣੇ ਵਕੀਲ ਪ੍ਰਾਣ ਨਾਥ ਮਹਿਤਾ ਰਾਹੀਂ ਫਾਂਸੀ ਵਾਲੇ ਦਿਨ ਜੋ ਹੱਥ ਲਿਖਤ ਚਾਰ ਸਫੇ ਜੇਲ ਤੋਂ ਬਾਹਰ ਭੇਜੇ ਸਨ ਉਹ ਭਗਤ ਸਿੰਘ ਦੇ ਸਾਥੀ ਬਿਜੋਏ ਕੁਮਾਰ ਸਿਨਹਾ ਜਿਸਨੂੰ ਉਮਰ ਕੈਦ ਹੋਈ ਸੀ, ਜਲੰਧਰ ਵਿਖੇ ਉਸਦੇ ਮਿੱਤਰ ਦੇ ਘਰ ਭੇਜੇ ਸਨ। ਉਹ ਮਿੱਤਰ 1942 ਨੂੰ ਭਾਰਤ ਛੱਡੋ ਅੰਦੋਲਨ ਦੌਰਾਨ ਪੁਲੀਸ ਛਾਪੇ ਤੋਂ ਡਰ ਗਿਆ ਤੇ ਡਰ ਕਾਰਨ ਉਸ ਨੇ ਇਹ ਕਾਗਜ ਸਾੜ ਦਿੱਤੇ। ਬਿਜੋਏ ਪਟਨਾ ਵਿਖੇ 16 ਜੁਲਾਈ 1992 ਨੂੰ ਮਰ ਗਿਆ। ਉਨ੍ਹਾਂ ਕਾਗਜ਼ਾਂ ਦੇ ਸਾਰ ਅੰਸ਼ ਉਨ੍ਹਾਂ ਇੱਕ ਸੈਮੀਨਾਰ ਵਿੱਚ ਵੀ ਦੱਸੇ ਕਿ ਭਗਤ ਸਿੰਘ ਨੇ ਆਪਣੀ ਮੌਤ ਤੋਂ ਇੱਕ ਦਿਨ ਪਹਿਲਾਂ ਭਵਿੱਖਬਾਣੀ ਕਰ ਦਿੱਤੀ ਸੀ ਕਿ ਅੰਗਰੇਜ਼ ਆਉਂਦੇ 14-15 ਸਾਲਾਂ ਤੱਕ ਭਾਰਤ ਛੱਡ ਜਾਣਗੇ।

"ਤੇ ਮੇਰੇ ਲੋਗੋ ਇੰਜ ਗੋਰੇ ਭਾਰਤ ਛੱਡ ਗਏ... ਉਨ੍ਹਾਂ ਦੀ ਜਗਾ ਤੇ ਗਾਂਧੀ ਟੋਪੀ ਵਾਲੇ ਕਾਲੇ ਗੌਰੇ ਆ ਗਏ ਜੋ ਹੁਣ ਆਏ ਦਿਨ ਸਾਡੇ ਸਬਰ ਸਿਰੜ ਦੇ ਜ਼ਖ਼ਮਾਂ 'ਤੇ ਆਏ ਅੰਗੂਰ ਨੂੰ ਨੋਚ ਰਹੇ ਹਨ। ਪਰ ਇਹ ਕੀ? ਬਾਬਾ ਗਰਜਵੀਂ 'ਤੇ ਭਰੇ ਮਨ ਨਾਲ ਲਰਜ਼ਦੀ ਅਵਾਜ ਨਾਲ ਮੰਚ ਤੇ ਛਟਪਟਾਉਂਦਾ ਏ। "ਇਹ ਤਾਂ ਮੇਰੇ ਪੁੱਤਰਾਂ ਨੇ ਕਦੇ ਸੋਚਿਆ ਹੀ ਨਹੀਂ ਸੀ। ਏਧਰ ਤੇ ਉਧਰ ਦੇ ਟੋਡੀ ਪੱਖੀ ਹੁਕਮਰਾਨ ਜਸ਼ਨ ਮਨਾ ਰਹੇ ਸਨ ਤੇ ਏਧਰ ਧਰਮਾਂ ਦੀ ਕੱਟੜ ਫਿਰਕਾਪ੍ਰਸਤੀ ਦੀ ਨਫਰਤ ਨਾਲ ਲੋਕਾਂ ਦੇ ਆਹੂ ਲਹਿ ਰਹੇ ਸਨ। ਏਧਰੋਂ ਨਿਰਦੋਸ਼ ਮੁਸਲਮਾਨ ਭਜਾਏ ਜਾ ਰਹੇ ਸਨ ਕਤਲ ਕੀਤੇ ਜਾ ਰਹੇ ਸਨ। ਮਾਰੇ ਜਾ ਰਹੇ ਸਨ। ਤੇ ਉਧਰੋਂ ਹਿੰਦੂ ਸਿੱਖ ਭਜਾ ਭਜਾ ਕੇ ਮਾਰੇ ਜਾ ਰਹੇ ਸਨ। ਸਧਾਰਨ ਲੋਕ ਭਜਾਏ ਜਾ ਰਹੇ ਸਨ। ਖ਼ੂਨ ਨਾਲ ਗੜੁੱਚ ਰੇਲ ਗੱਡੀਆਂ ਸਟੇਸ਼ਨਾਂ ਤੇ ਰੁਕ ਰਹੀਆਂ ਸਨ। ਕੋਈ ਉਤਰ ਨਹੀਂ ਸੀ ਰਿਹਾ ਕਿਉਂਕਿ ਸਭ ਲਾਸ਼ਾ ਹੋ ਚੁੱਕੇ ਸਨ। ਐ ਮੇਰੇ ਲੋਗੋ! ਇਹਨਾਂ ਲੋਕਾਂ ਦਾ ਕੀ ਕਸੂਰ ਸੀ? ਐ ਮੇਰੇ ਲੋਗੋ ਜੇ ਇੱਕ ਨੂੰ ਜੇ ਪੰਜ ਸਿਫਰਾਂ ਲਾਈਏ ਤਾਂ ਲੱਖ ਦੀ ਗਿਣਤੀ ਬਣਦੀ ਹੈ। ਪਰ ਛੇ ਸਿਫਰਾਂ ਲਗਾਈਏ ਤਾਂ ਦੱਸ ਲੱਖ ਬਣਦਾ ਏ। ਮੇਰੇ ਦੋਹਾਂ ਪੰਜਾਬਾਂ ਦੇ ਦਸ ਲੱਖ ਲੋਕਾਂ ਦਾ ਇਸ ਅਖੌਤੀ ਅਜ਼ਾਦੀ ਨੇ ਸ਼ਿਕਾਰ ਕੀਤਾ। ਇੱਕ ਕਰੋੜ 75 ਲੱਖ ਏਧਰੋਂ ਤੇ ਏਨੇ ਹੀ ਲੋਕ ਉਧਰੋਂ ਉੱਜੜ ਕੇ ਆਏ। ਇਹ ਮੈਂ ਸਵਾਲ ਤੁਹਾਡੀਆਂ ਜ਼ਮੀਰਾਂ ਤੇ ਛੱਡਦਾ ਹਾਂ। ਦਿਲ ਤੇ ਹੱਥ ਰੱਖ ਕੇ ਸੋਚਿਓ ਕਿ ਅਜ਼ਾਦੀ ਐਹੋ ਜਿਹੀ ਹੁੰਦੀ ਏ? ਅੱਜ ਹੁਕਮਰਾਨ ਇਸ ਦਿਨ ਤੇ ਸਕੂਲਾਂ-ਕਾਲਜਾਂ ਦੇ ਬੱਚਿਆਂ ਨੂੰ, ਅਧਿਆਪਕਾਂ ਨੂੰ ਮਜਬੂਰ ਕਰਕੇ ਕਹਿੰਦੇ ਹਨ ਕਿ ਜੇ ਨੌਕਰੀ ਚਾਹੀਦੀ ਏ ਤਾਂ ਫਲਾਣੇ ਸਦਰ ਮੁਕਾਮ ਤੇ ਮੰਤਰੀ ਜੀ ਦੇ ਸਾਹਮਣੇ ਗਿੱਧੇ ਪਾਓ, ਭੰਗੜੇ ਪਾਓ ਤੇ ਨੱਚੋ। ਓਨਾ ਚਿਰ ਨੱਚੋ ਜਿੰਨਾ ਚਿਰ ਮੰਤਰੀ ਸਾਹਿਬਾਨ ਤੇ ਅਧਿਕਾਰੀਆਂ ਦੀ ਰੂਹ ਤ੍ਰਿਪਤ ਨਹੀਂ ਹੋ ਜਾਂਦੀ। ਅੱਜ ਸਾਡੇ ਨਿੱਕੇ-ਨਿੱਕੇ ਬੱਚੇ, ਇੰਜ ਕਰਦੇ ਹਨ ਕਿਉਂਕਿ ਇਨ੍ਹਾਂ ਨੂੰ ਪਤਾ ਨਹੀਂ ਕਿ ਇਸ ਅਜ਼ਾਦੀ ਨੇ ਕਿੰਨੇ ਘਰ ਸਮਸ਼ਾਨਾਂ ਵਿੱਚ ਬਦਲ ਦਿੱਤੇ। ਮੇਰੇ ਲੋਗੋ ਉਨ੍ਹਾਂ ਨੂੰ ਇਹ ਕੌਣ ਦੱਸੇਗਾ? ਅੱਜ ਮੈਂ ਦੱਸ ਰਿਹਾ ਜਦ ਮੇਰੇ ਹਾਣ ਦੀ ਪੀੜੀ ਤੁਰ ਜਾਵੇਗੀ ਤਾਂ ਸਾਡੇ ਬੱਚੇ ਤਾਂ ਪੰਦਰਾਂ ਅਗਸਤ ਨੂੰ ਮੌਜ ਮੇਲੇ ਵਾਲਾ ਦਿਨ ਸਮਝ ਕੇ ਭੁੱਲ ਜਾਣਗੇ। ਐ ਮੇਰੇ ਪਿਆਰੇ ਲੋਕੋਂ ਤੁਸੀਂ ਇਨਾਂ ਬੱਚਿਆਂ ਨੂੰ ਭੁੱਲਣ ਨਾ ਦੇਣਾ। ਉਨ੍ਹਾਂ ਨੂੰ ਦੱਸਣਾ ਕਿ ਇਹ ਭੰਗੜੇ ਪਾਉਣ ਦਾ ਦਿਨ ਨਹੀਂ ਸਗੋਂ ਮਾਤਮ ਮਨਾਉਣ ਦਾ ਦਿਨ ਏ। ਦੱਸ ਲੱਖ ਬੇਗੁਨਾਹ ਲੋਕਾਂ ਦੀ ਬੇਵਕਤੀ ਮੌਤ ਦਾ ਮਾਤਮ ਦਿਵਸ ਹੈ ਇਹ ਦਿਨ।" ਹੁਣ ਭਗਤ ਸਿੰਘ ਦੀ ਗਾਥਾ ਨੂੰ ਅੱਗੇ ਕੌਣ ਤੋਰੇਗਾ? ਇਸ ਅਜ਼ਾਦੀ ਦੀ ਹਕੀਕਤ ਨੂੰ ਆਪਣੇ ਅਨੁਭਵਾਂ 'ਚ ਡੁਬੋ ਕੇ ਕੌਣ ਦੱਸੇਗਾ? ਯਾਦ ਕਰੋ ਜਦ ਗੁਰੂ ਗੋਬਿੰਦ ਸਿੰਘ ਜੀ ਦੇ ਪੰਥ ਨਾਲ ਮਸੰਦਾਂ ਨਾਲ ਗਦਾਰੀ ਕੀਤੀ ਸੀ ਤਾਂ ਉਨ੍ਹਾਂ ਉਹ ਜਿਉਂਦੇ ਸਾੜੇ ਸਨ। ਪਰ ਅਸੀਂ ਅਜ਼ਾਦੀ ਸੰਗਰਾਮ ਦੇ ਅੰਗਰੇਜ ਪੱਖੀ ਗਵਾਹਾਂ ਨੂੰ ਇਨਾਮ ਦਿੱਤੇ ਹਨ।

ਅੱਜ ਇਸ ਕਲਮ ਦੇ ਸ਼ਬਦ ਇਸ ਹਕੀਕਤ ਅੱਗੇ ਮਹਿਸੂਸ ਕਰਦੇ ਹਨ ਕਿ ਲੋਕ ਪੱਖੀ ਕਲਾ ਦੇ ਸੰਗਰਾਮ ਵਿੱਚ ਭਾਅ ਜੀ ਦੀਆਂ ਸਿਰਜੀਆਂ ਲੋਕ ਪੱਖੀ ਕਲਾ ਪ੍ਰੰਪਰਾਵਾਂ ਨਾਲ ਵੀ ਉਸਦੇ ਪ੍ਰਵਾਨ ਚੜਾਏ ਕਲਾਕਾਰਾਂ ਨੇ ਵੀ ਉਹਨਾਂ ਦੇ ਸਿਧਾਂਤਾਂ ਨਾਲ ਗਦਾਰੀ ਕੀਤੀ ਹੈ। ਕੀ ਭਗਤ ਸਿੰਘ ਅਤੇ ਭਾਅ ਜੀ ਦੀ ਸੋਚਦੇ ਅਤੇ ਕਲਾ ਦੇ ਗਦਾਰ ਮਸੰਦਾਂ ਵਾਲੀ ਸਜ਼ਾ ਦੇ ਹੱਕਦਾਰ ਨਹੀਂ? ਇਸ ਲੇਖ ਦੇ ਪਾਠਕੋ ਜ਼ਰਾ ਸੋਚ ਕੇ ਦੱਸਿਓ। ਇਹ ਭਗਤ ਸਿੰਘ ਦਾ ਛੋਟਾ ਭਰਾ ਗੁਰਸ਼ਰਨ ਭਾਅ ਜੀ ਇਹ ਸਵਾਲ ਲੈ ਕੇ ਅੱਜ ਵਰਗੀ ਸ਼ਾਮ ਦੀ ਲਾਲੀ 'ਚ ਦਹਿਕਦੇ ਸੂਰਜ ਵਾਂਗ ਅਸਤ ਹੋ ਗਏ ਹਨ। ਜਿਵੇਂ ਭਗਤ ਸਿੰਘ ਦੇ ਖਿਲਾਫ ਜੈ-ਗੋਪਾਲ ਵਰਗੇ ਸਾਥੀ ਹੀ ਉਸਦੇ ਖਿਲਾਫ ਵਾਅਦਾ ਮੁਆਫ਼ ਗਵਾਹ ਬਣ ਗਏ ਸਨ। ਮੁੱਰਬਿਆਂ ਦੇ ਮਾਲਕ ਬਣ ਗਏ ਸਨ। ਇੰਗਲੈਂਡ ਵਿੱਚ ਪੜਾਈਆਂ ਕਰਨ ਚਲੇ ਗਏ ਸਨ। ਜਿਵੇਂ ਗਾਂਧੀ ਜਦ ਭਾਰਤ ਵਿੱਚ ਵਿਚਰਦਾ ਸੀ ਤਾਂ ਧੋਤੀ ਪਹਿਨ ਕੇ ਮਹਾਤਮਾ ਹੋਣ ਦਾ ਦਿਖਾਵਾ ਕਰਦਾ ਸੀ ਜਦ ਇੰਗਲੈਂਡ ਜਾਂਦਾ ਸੀ ਤਾਂ ਮਹਾਤਮਾ ਲਿਬਾਸ ਉਤਾਰ ਕੇ ਗਰਮ ਕੋਟ ਪਹਿਨ ਕੇ ਵਿਚਰਦਾ ਸੀ। ਉਹ ਮੇਮਾਂ ਨਾਲ ਨਾਚ ਕਰਦਾ ਸੀ। ਉਸ ਦੀ ਉਸ ਸਮੇਂ ਦੇ ਅਖ਼ਬਾਰਾਂ ਵਿੱਚ ਅਜਿਹੇ ਚੋਜ ਕਰਦੇ ਦੀ ਛਪੀ ਤਸਵੀਰ ਨੈਟ 'ਤੇ ਮੌਜੂਦ ਹੈ। ਉਸੇ ਤਰਾਂ ਅੱਜ ਗੁਰਸ਼ਰਨ ਭਾਅ ਜੀ ਦੀ ਵਿਚਾਰਧਾਰਾ ਦੇ ਹਾਮੀ ਹੋਣ ਦੀਆਂ ਅਨੇਕਾਂ ਨਾਟ-ਮੰਡਲੀਆਂ ਕਾਰਜ ਕਰ ਰਹੀਆਂ ਹਨ ਪਰ ਭਾਅ ਜੀ ਦੇ ਦਸੇ ਮਾਰਗ ਤੋਂ ਲਾਂਭੇ ਜਾਂਦੀਆਂ ਲੱਗ ਰਹੀਆਂ ਹਨ। ਜਦ ਉਹ ਮੰਚ 'ਤੇ ਵਿਚਰਦੀਆਂ ਹਨ ਤਾਂ ਇੰਜ ਪੇਸ਼ ਹੁੰਦੀਆਂ ਹਨ ਜਿਵੇਂ ਉਹ ਭਗਤ ਸਿੰਘ ਅਤੇ ਭਾਅ ਜੀ ਦੀ ਸੋਚ ਦਾ ਸਮਾਜ ਸਿਰਜੇ ਬਿਨਾਂ ਸਾਹ ਨਹੀਂ ਲੈਣਗੀਆਂ। ਪੇਸ਼ਕਾਰੀਆਂ ਤੇ ਦਰਸ਼ਕਾਂ ਦੀਆਂ ਤਾੜੀਆਂ ਦੀ ਗੜਗੜਾਹਟ ਵਿੱਚ ਜਦ ਉਹ ਮੰਚ ਤੋਂ ਉਤਰਦੀਆਂ ਹਨ ਤਾਂ ਵਿਅਕਤੀ ਵਿਸ਼ੇਸ਼ ਦੀ ਵਿਚਾਰਧਾਰਾਂ ਦਾ ਵਸਤਰ ਗਾਂਧੀ ਵੱਲੋਂ ਵਲੈਤ ਜਾ ਕੇ ਧੋਤੀ ਉਤਾਰ ਕੇ ਅੰਗਰੇਜੀ ਲਿਬਾਸ ਪਹਿਨਣ ਵਾਂਗ ਆਮ ਮਨੁੱਖ ਦੀਆਂ ਬਿਰਤੀਆਂ ਵਾਲਾ ਵਸਤਰ (ਇੰਗਲੈਂਡ ਜਾ ਕੇ ਕੋਟ ਪਹਿਨਣ ਵਾਂਗ) ਪਹਿਨ ਲੈਂਦੀਆਂ ਹਨ। ਭਗਤ ਸਿੰਘ ਤੇ ਭਾਅ ਜੀ ਦੀ ਸੋਚ ਅਵਾਜ਼ਾਂ ਮਾਰਦੀ ਏ। ਪਰ ਉਹ ਅਵਾਜ ਇਹਨਾਂ ਕਲਾਕਾਰਾਂ ਦੇ ਕੰਨਾਂ ਤੱਕ ਨਹੀਂ ਪਹੁੰਚਦੀ ਕਈ ਨਾਟ ਮੰਡਲੀਆਂ ਦੇ ਪਾਤਰ ਤਾਂ ਭਾਅ ਜੀ ਦੀ ਸੋਚ ਨਾਲ ਵੀ ਨਾਟਕ ਖੇਡ ਜਾਂਦੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਮੈਂ ਗੋਪਾਲ-ਹੰਸ ਰਾਜ ਵੋਹਰਾ, ਮਨਮੋਹਨ ਬੈਨਰਜੀ ਤੇ ਫਨਿੰਦਰ ਘੋਸ਼ ਵਰਗੇ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਸੋਚ ਨਾਲ ਨਾਟਕ ਖੇਡ ਗਏ ਸਨ ਤੇ ਸਿਧਾਂਤਕ ਵਿਚਾਰਧਾਰਾ ਦੀ ਅਵਾਜ ਉਹਨਾਂ ਦੇ ਕੰਨਾਂ ਵਿੱਚ ਪੈਣੋਂ ਹਟ ਗਈ ਸੀ। ਜਦ ਇਹ ਅੱਖਾਂ ਤੱਕਦੀਆਂ ਹਨ ਕਿ ਭਾਅ ਜੀ ਗੁਰਸ਼ਰਨ ਸਿੰਘ ਜੀ ਦੀ ਸੋਚ ਨੂੰ ਤਿਲਾਂਜਲੀ ਦੇ ਕੇ ਉਹ ਪਾਤਰ ਜਿੰਨਾ ਨੂੰ ਭਾਅ ਜੀ ਮਾਣ ਨਾਲ ਆਪਣਾ ਅਸੀਸ ਭਰਿਆ ਹੱਥ ਉਨ੍ਹਾਂ ਦੇ ਸਿਰ ਤੇ ਰੱਖਦੇ ਸਨ ਉਹੀ ਪਾਤਰ ਗਿੱਪੀ ਗਰੇਵਾਲ ਵਰਗੇ ਲੱਚਰ ਨਾਇਕਾਂ ਨਾਲ ਵੱਡੀ ਸਕਰੀਨ ਤੇ ਆਉਣ ਦੀਆਂ ਲਾਰਾਂ ਸੁੱਟਦੇ ਹੋਏ ਇੱਕ ਚਾਲੂ ਕਿਸਮ ਦੀ ਔਰਤ ਦਾ ਕਿਰਦਾਰ ਨਿਭਾ ਰਹੇ ਹਨ ਜੋ ਕਿਸੇ ਸਮੇਂ ਭਾਅ ਜੀ ਦੇ ਸਾਹਮਣੇ ਉਹ ਗ਼ਦਰੀ ਔਰਤ ਗੁਲਾਬ ਕੌਰ ਦਾ ਕਿਰਦਾਰ ਨਿਭਾ ਰਹੇ ਹੁੰਦੇ ਸਨ। ਇਸ ਪਾਤਰ ਦਾ ਅਜਿਹਾ ਕਿਰਦਾਰ ਸਿੰਘ ਵਰਸਿਜ਼ ਕੌਰ ਨਾਂ ਦੀ ਪੰਜਾਬੀ ਫਿਲਮ ਵਿੱਚ ਦੇਖਿਆ ਜਾ ਸਕਦਾ ਹੈ। ਇਸ ਪਾਤਿਰਾ ਦੇ ਸਾਹਮਣੇ ਇੱਕ ਚਾਲੂ ਕਿਸਮ ਦਾ ਕਲਾਕਾਰ ਇੱਕ ਲੜਕੀ ਨੂੰ ਪਟਾਉਣ ਦੇ ਉਦੇਸ਼ ਨੂੰ ਪੂਰਾ ਕਰਨ ਲਈ "ਇਨਕਲਾਬ ਜਿੰਦਾਬਾਦ ਦਾ ਨਾਹਰਾ ਲਗਾਉਂਦਾ ਹੈ ਤੇ ਇਹ ਪਾਤਰਾ ਉਸ ਚਾਲੂ ਕਿਸਮ ਦੇ ਕਲਾਕਾਰ ਕੋਲ ਖੜੋਤੀ ਮੁਸਕਰਾ ਰਹੀ ਹੁੰਦੀ ਹੈ। ਜੇ ਉਹ ਭਾਅ ਜੀ ਦੀ ਜਾਂ ਗੁਲਾਬ ਕੋਰ ਦੀ ਅਵਾਜ਼ ਸੁਣਦੀ ਤਾਂ ਉਸ ਵੇਲੇ ਉਸ ਦੇ ਮੂੰਹ ਤੇ ਥੱਪੜ ਮਾਰਦੀ ਜਾਂ ਫਿਲਮ ਛੱਡ ਦਿੰਦੀ। ਉਸੇ ਤਰ੍ਹਾਂ ਅੱਜ ਪੰਜਾਬੀ ਫਿਲਮਾਂ ਵਿੱਚ ਕਿਸੇ ਸਮੇਂ ਸੰਗਰਾਮੀਂ ਪਿੜਾਂ 'ਚ ਲਗਾਏ ਜਾਂਦੇ ਨਾਹਰਿਆ ਦੀ ਤੌਹੀਨ ਕੀਤੀ ਜਾ ਰਹੀ ਹੈ। ਜੋ ਇੱਕ ਘਿਨਾਉਣੀ ਸਾਜਿਸ਼ ਹੈ। ਭਾਅ ਜੀ ਦੇ ਬਣਾਏ ਕਈ ਕਲਾਕਾਰਾਂ 'ਚੋਂ ਬਹੁਤੇ ਕਲਾਕਾਰ ਚਾਚੀ ਚਾਰ ਸੋ ਵੀਹ ਵਰਗੀਆਂ ਲੱਚਰ ਟੈਲੀਫ਼ਿਲਮਾਂ ਵਿਚਲੇ ਚਾਲੂ ਕਿਸਮ ਦੇ ਕਲਾਕਾਰਾਂ ਦੀ ਸੰਗਤ ਵਿੱਚ ਹਲਕੀ ਕਿਸਮ ਦਾ ਕਿਰਦਾਰ ਨਿਭਾਅ ਰਹੇ ਹਨ ਜਦ ਕਿ ਕਦੇ ਉਹ ਭਾਅ ਜੀ ਦੇ ਸਾਹਮਣੇ 'ਬੇਗਮੋ ਦੀ ਧੀ' ਵਰਗੇ ਨਾਟਕਾਂ 'ਚ ਲੋਕ ਚੇਤਨਾ ਪ੍ਰਚਾਰ ਕਰਨ ਲਈ ਕਿਰਦਾਰ ਨਿਭਾ ਰਹੇ ਹੁੰਦੇ ਸਨ।

ਜਦੋਂ ਇਨ੍ਹਾਂ ਤੱਥਾਂ ਨੂੰ ਇਤਿਹਾਸਕ ਪ੍ਰੀਪੇਖ 'ਚ ਰੱਖ ਕੇ ਦੇਖਿਆ ਜਾਵੇਗਾ ਤਾਂ ਇਹ ਤੱਥ ਚਿੱਟੇ ਦਿਨ ਵਾਂਗ ਸਾਫ਼ ਹੋਵੇਗਾ ਕਿ 15 ਅਗਸਤ ਦੀ ਅਖੌਤੀ ਅਜ਼ਾਦੀ ਤੋਂ ਬਾਅਦ ਭਗਤ ਸਿੰਘ ਨੇ ਆਪਣੀ ਵਿਚਾਰ ਧਾਰਾ ਦੀ ਬਾਕੀ ਰਹਿੰਦੀ ਜ਼ਿੰਦਗੀ ਗੁਰਸ਼ਰਨ ਭਾਅ ਜੀ ਰਾਹੀ ਪੂਰੀ ਕੀਤੀ। ਵਜੂਦ ਗੁਰਸ਼ਰਨ ਭਾਅ ਜੀ ਦਾ ਸੀ ਪਰ ਵਿਚਾਰਾਧਾਰਾ ਭਗਤ ਸਿੰਘ ਦੀ ਸੀ। ਅਜੇ ਤਾਂ ਭਾਅ ਜੀ ਨੂੰ ਸਾਡੇ ਤੋਂ ਜੁਦਾ ਹੋਇਆ ਕੁਝ ਕੁ ਸਾਲ ਹੋਏ ਹਨ। ਉਨ੍ਹਾਂ ਦੀ ਅਵਾਜ਼, ਉਹਨਾਂ ਦਾ ਅਕਸ ਹਰ ਅੱਖ 'ਚ ਭਰਿਆ ਹੋਇਆ ਹੈ ਤੇ ਅੱਜ ਉਨ੍ਹਾਂ ਦੇ ਰੰਗ

ਮੰਚ ਦੇ ਸਾਥੀ ਹੀ ਟੋਡੀਆਂ ਵੱਲੋਂ ਮਿਲੇ ਮੁਰੱਬਿਆਂ ਜਾਂ ਰਹਿਮੋ ਕਰਮ ਦੀ ਜੂਠੀ ਪੱਤਲ ਚੱਟਣ ਵਾਂਗ ਅੱਜ ਕੁਝ ਨਾਟ ਮੰਡਲੀਆ ਦੇ ਕਲਾਕਾਰ ਸਿਨਮੇ ਦੀ ਸਕਰੀਨ ਦੀ ਜੂਠੀ ਪੱਤਲ ਚੱਟਣ ਵਾਂਗ ਸਮਾਜ ਨੂੰ ਕੁਰਾਹੇ ਪਾਉਣ ਵਾਲੇ ਲੱਚਰ ਕਲਾਕਾਰਾਂ ਵੱਲੋਂ ਪਰੋਸੇ ਜਾ ਰਹੇ ਗੰਦ ਪਿੱਲ ਵਿੱਚ ਕਾਵਾਂ ਵਾਂਗ ਚੁੰਜਾਂ ਮਾਰ ਰਹੇ ਹਨ।

ਇਸ ਲੇਖ ਉਪਰ ਕੁਝ ਵਿਦਵਾਨਾਂ ਦਾ ਲੇਖਕਾਂ ਦਾ ਜਾਂ ਨਾਟ ਮੰਡਲੀਆਂ ਦੇ ਕਲਾਕਾਰਾਂ ਦਾ ਇਹ ਸਵਾਲ ਹੋਵੇਗਾ ਕਿ ਭਾਅ ਜੀ ਸਮੇਂ ਕੁਝ ਕਲਾਕਾਰ ਜੋ ਖੱਬੇ ਪੱਖੀ ਸੋਚ ਨਾਲ ਸਬੰਧਿਤ ਸਨ ਉਹ ਫਿਲਮਾਂ ਨਾਲ ਸਬੰਧਿਤ ਰਹੇ ਸਨ ਫਿਰ ਉਸਦੇ ਇਹਨਾਂ ਕਲਾਕਾਰਾਂ ਉਪਰ ਇਹ ਇਤਰਾਜ਼ ਕਿਉਂ? ਉਸ ਸਮੇਂ ਬਲਰਾਜ ਸਾਹਨੀ, ਸਾਹਿਰ ਲੁਧਿਆਣਵੀ ਵਰਗੇ ਸ਼ਾਇਰ ਫਿਲਮੀ ਦੁਨੀਆ 'ਚ ਕਾਰਜਸ਼ੀਲ ਰਹੇ। ਇਹਨਾਂ ਸ਼ਖਸੀਅਤਾਂ ਨੇ ਫਿਲਮ ਉਦਯੋਗ ਨੂੰ ਅਪਨਾਇਆ ਕਿਉਂਕਿ ਉਨ੍ਹਾਂ ਦੀ ਇਸ ਸ਼ੁਰੂਆਤ ਸਮੇਂ ਪੰਜਾਬੀ ਨਾਟ ਕਲਾ ਨੇ ਪਿੰਡਾਂ 'ਚ ਪ੍ਰਵੇਸ਼ ਨਹੀਂ ਸੀ ਕੀਤਾ। ਭਾਅ ਜੀ ਦੇ ਆਪਣੇ ਵਿਚਾਰਾ ਅਨੁਸਾਰ ਜਦ ਉਹ ਪੰਜਾਬ ਦੇ ਇੱਕ ਪਿੰਡ ਵਿੱਚ ਨਾਟਕ ਖੇਡਣ ਲਈ ਜਗਾ ਦੀ ਚੋਣ ਕਰ ਰਹੇ ਸਨ ਤਾਂ ਇੱਕ ਪੇਂਡੂ ਨੇ ਕਿਹਾ ਸੀ "ਸਰਦਾਰਾ ਕੰਜਰਖਾਨਾ ਈ ਕਰਨਾ ਏ ਜਿੱਥੇ ਮਰਜੀ ਕਰ ਲਵੋ" ਕਿਉਂਕਿ ਉਸ ਸਮੇਂ ਦੌਰਾਨ ਨਾਟ ਕਲਾ ਨੂੰ ਇਸ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ। ਪਿੰਡ ਵਿੱਚ ਰਾਸਧਾਰੀਏ ਕਾਰਜਸ਼ੀਲ ਸਨ ਉਨ੍ਹਾਂ ਦੀ ਪੇਸ਼ਕਾਰੀ ਸਿਰਫ ਮੰਨੋਰੰਜਨ ਤੱਕ ਸੀਮਤ ਸੀ ਜਾਂ ਫਿਰ ਮਲੂਕ ਚੰਦ ਦੇ ਧਾਰਮਿਕ ਨਾਟਕ ਜਾ ਸੀ. ਪੀ. ਆਈ. ਸੀ. ਪੀ. ਐਮ ਦੀਆਂ ਨਾਟ ਮੰਡਲੀਆ ਵੱਲੋਂ ਮਜ਼ਦੂਰਾਂ ਕਿਸਾਨਾਂ ਦੀ ਸਥਿਤੀ ਜਾਂ ਮਸਲਿਆ ਉਪਰ ਉਪੇਰਾ ਕਿਸਮ ਦੀਆਂ ਪੇਸ਼ਕਾਰੀਆਂ ਸਨ ਜੋ ਉਸ ਸਮੇਂ ਪ੍ਰਚਲਤ ਗੀਤਾ ਦੀਆਂ ਤਰਜ਼ਾ ਤੇ ਅਧਾਰਤ ਸਨ। ਫਿਲਮ 'ਨਾਨਕ ਨਾਮ ਜ਼ਹਾਜ਼ ਹੈ' ਦੀ ਮਕਬੂਲੀਅਤ ਤੋਂ ਬਾਅਦ ਗੁਰਸ਼ਰਨ ਭਾਅ ਜੀ ਨੇ 'ਮਨ ਜੀਤੇ ਜਗ ਜੀਤ' ਫਿਲਮ ਵਿੱਚ ਕ੍ਰੈਕਟਰ ਭੂਮਿਕਾ ਨਿਭਾਈ ਸੀ। ਪਰ ਉਹਨਾਂ ਦੇ ਆਪਣੇ ਸ਼ਬਦਾ 'ਚ ਜਦ ਉਹਨਾਂ ਨੇ ਇਹ ਮਹਿਸੂਸ ਕੀਤਾ ਕਿ ਫ਼ਿਲਮ ਉਦਯੋਗ ਅੱਜ ਲੋਕਾਈ ਦੀਆਂ ਹਾਲਤਾ ਤੋਂ ਦੂਰ ਹੈ। ਇਸ 'ਚ ਵਪਾਰਕ ਪੱਖ ਭਾਰੂ ਹੋਣ ਕਰਕੇ ਇਹ ਸੇਧ ਦੇਣ 'ਚ ਉਨੀ ਕਾਰਗਿਰ ਭੂਮਿਕਾ ਨਹੀਂ ਨਿਭਾ ਸਕਦਾ ਜਿੰਨੀ ਨਾਟ ਕਲਾ ਦਾ ਸੰਚਾਰ ਨਿਭਾ ਸਕਦਾ ਹੈ। ਇਸ ਤੋਂ ਬਾਅਦ ਉਹ ਨਾਟ ਕਲਾ ਨੂੰ ਸਮਰਪਿਤ ਰਹੇ। ਬਾਕੀ ਬਲਰਾਜ ਸਾਹਨੀ ਫਿਲਮ ਕਲਾਕਾਰ ਸੀ ਇਨਕਲਾਬੀ ਵਿਚਾਰਧਾਰਾ ਦਾ ਦੂਤ ਨਹੀਂ ਸੀ ਉਂਜ ਤਾਂ ਬੰਗਾਲੀ ਫਿਲਮ ਕਲਾਕਾਰ ਮਿਥੁਨ ਚੱਕਰਵਰਤੀ ਵੀ ਆਪਣੀ ਜਵਾਨੀ ਸਮੇਂ ਬੰਗਾਲ 'ਚੋਂ ਉੱਠੀ 1968 ਦੀ ਲਹਿਰ ਤੋਂ ਪ੍ਰਭਾਵਤ ਸੀ, ਪਰ ਕੀ ਫਿਲਮ ਉਦਯੋਗ ਵਿੱਚ ਆਕੇ ਉਸਨੇ ਲੋਕ ਸੰਗਰਾਮ ਪ੍ਰਤੀ ਅਜਿਹੀ ਕੋਈ ਜੁਮੇਵਾਰੀ ਨਿਭਾਈ? ਜੇ ਨਹੀਂ ਤਾਂ ਕੀ ਉਹ ਲੂਣ ਦੀ ਖਾਣ ਵਿੱਚ ਆ ਕੇ ਲੂਣ ਹੋਕੇ ਨਹੀਂ ਰਹਿ ਗਿਆ। ਅੱਜ ਜੇ ਭਾਅ ਜੀ ਦੀ ਸੋਚ ਪ੍ਰਤੀ ਪ੍ਰਤੀਬੱਧ ਕਲਾਕਾਰ ਨਾਟ ਮੰਡਲੀਆ ਦੇ ਕਲਾਕਾਰ ਲੱਚਰ ਫਿਲਮਾ ਵਿੱਚ ਭੂਮਿਕਾ ਨਿਭਾਉਣ ਦੇ ਸ਼ਿਕਾਰ ਹੋਕੇ ਰਹਿ ਜਾਣਗੇ ਤਾਂ ਜੇ ਉਹਨਾਂ ਦੀ ਕਲਾ ਲੋਕ ਪੱਖੀ ਨਾ ਰਹੀ ਤਾਂ ਕੀ ਉਹ ਦੋ ਬੇੜੀਆਂ ਤੇ ਸਵਾਰ ਹੋਕੇ ਨਹੀਂ ਰਹਿ ਜਾਣਗੇ? ਕਿਉਂਕਿ ਨਾ ਤਾਂ ਉਹ ਬਲਰਾਜ ਸਾਹਨੀ ਬਣ ਸਕਣਗੇ ਤੇ ਨਾ ਹੀ ਲੋਕ ਹਿੱਤਾਂ ਨੂੰ ਸਮਰਪਤ ਨਾਟ ਕਲਾ ਵਿੱਚ ਕੋਈ ਵਾਧਾ ਕਰ ਸਕਣਗੇ। ਜੇ ਉਹ ਭਾਅ ਜੀ ਪ੍ਰਤੀ ਪ੍ਰਤੀਬੱਧ ਹਨ ਤਾਂ ਉਹਨਾਂ ਨੂੰ ਲੋਕ ਪੱਖੀ ਕਲਾ ਦੇ ਬੈਨਰ ਨੂੰ ਸੰਗਰਾਮੀ ਕਾਫਲਿਆ ਵਿੱਚ ਉਸੇ ਤਰ੍ਹਾਂ ਸ਼ੋਭਾ ਬਣਾਉਣਾ ਚਾਹੀਦਾ ਹੈ ਜਿਵੇਂ ਤਾਰਿਆਂ 'ਚ ਚੰਨ ਸਜਦਾ ਹੈ ਉਸੇ ਤਰ੍ਹਾਂ ਇਹ ਨਾਟ ਮੰਡਲੀਆ ਇਨਕਲਾਬੀ ਕਾਰਜ਼ ਵਿੱਚ ਹੀ ਸਜਦੀਆਂ ਹਨ। ਭਾਅ ਜੀ ਦੇ ਮੋਢਿਆ ਤੇ ਭਗਤ ਸਿੰਘ ਦੀ ਸੋਚ ਦੇ ਸੂਹੇ ਸੂਰਜ ਦੀ ਜਿੰਮੇਵਾਰੀ ਸੀ ਭਾਅ ਜੀ ਦੀਆਂ ਸਿਰਜੀਆਂ ਨਾਟ ਮੰਡਲੀਆਂ ਉਪਰ ਭਗਤ ਸਿੰਘ ਦੇ ਇਨਕਲਾਬੀ ਕਾਰਜ਼ ਦੇ ਨਾਲ-ਨਾਲ ਭਾਅ ਜੀ ਦੀ ਸੋਚ ਦਾ ਕਾਰਜ ਵੀ ਹੈ। ਉਹਨਾਂ ਦੇ ਬਣਾਏ ਕਲਾਕਾਰਾਂ ਵੱਲੋਂ ਫੋਕੀ ਸ਼ੋਹਰਤ ਲਈ ਹਲਕੀ ਕਿਸਮ ਦੇ ਫਿਲਮੀ ਮਸਖਰਿਆਂ ਨਾਲ ਖੜ ਜਾਣਾ ਇਜ ਲੱਗਦੈ ਜਿਵੇਂ ਕੋਈ ਸੂਰਮਾ ਮਨੁੱਖ ਚਾਰ ਕੌਡੀਆ ਲਈ ਹੀਜੜਿਆ ਦੀ ਡੱਫ ਵਜਾਉਣ ਲੱਗ ਪਵੇ। ਇੱਕ ਪਾਸੇ ਭਾਅ ਜੀ ਦੇ ਸਿਰਜੇ ਕਲਾਕਾਰ ਐਂਝੜ ਰਾਹੇ ਪੈ ਰਹੇ ਹਨ ਦੂਸਰੇ ਪਾਸੇ ਓਮ ਪੁਰੀ ਵਰਗੇ ਕਲਾਕਾਰ ਵੀ ਹਨ ਜਿੰਨਾਂ ਉੱਤਰਾਂਚਲ ਜਾਂ ਭਾਰਤ ਦੇ ਆਦਵਾਸੀਆਂ ਦੇ ਸੰਘਰਸ਼ ਨੂੰ ਹਥਿਆਰ ਬੰਦ ਵਿਦਰੋਹ ਨੂੰ "ਚੱਕਰਵਿਊ" ਫਿਲਮ ਰਾਹੀਂ ਪੇਸ਼ ਕੀਤਾ ਹੈ। ਇਸ ਤੋਂ ਪਹਿਲਾ "ਦਾ ਨਕਸਲਾਈਟ ਫਿਲਮ ਵੀ ਆ ਚੁੱਕੀ ਹੈ। ਇਹ ਕਲਾਕਾਰ ਤਾਂ ਭਾਅ ਜੀ ਨੇ ਨਹੀਂ ਸਿਰਜੇ? ਜੇ ਇਹ ਕਲਾਕਾਰ ਲੋਕ ਸੰਘਰਸ਼ ਨੂੰ ਦਿਖਾ ਸਕਦੇ ਹਨ ਤਾਂ ਇਨਕਲਾਬੀ ਨਾਟ ਮੰਡਲੀਆਂ ਦੇ ਕਲਾਕਾਰ ਲੋਕ ਸੰਘਰਸ਼ ਨੂੰ ਪਿੱਠ ਦੇ ਕੇ ਕਿਹੜੇ ਪਾਸੇ ਜਾ ਰਹੇ ਹਨ ਇਹ ਵਿਚਾਰਨ ਦਾ ਨੁਕਤਾ ਹੈ?

ਨਾਟ ਮੰਡਲੀਆਂ ਦੇ ਜੋ ਕਲਾਕਾਰ ਸਿਨੇਮਾ ਸਕਰੀਨ ਰਾਹੀ ਹੋਛੀ ਮਕਬੂਲੀਅਤ ਹਾਸਲ ਕਰਨ ਲਈ ਲੱਚਰ ਵਰਤਾਰੇ ਨਾਲ ਬਲਗਗੀਰ ਹੋਣ ਲਈ ਤਤਪਰ ਹਨ। ਸਵਾਲ ਉਠਦਾ ਹੈ ਕਿ ਕੀ ਉਹਨਾਂ ਦੀ ਜ਼ਮੀਰ ਅਜਿਹਾ ਕਰਦੇ ਸਮੇਂ ਗੁਰਸ਼ਰਨ ਭਾਅ ਜੀ ਦੇ ਬਜ਼ੁਰਗ ਹੱਥਾਂ ਦੇ ਅਸ਼ੀਰਵਾਦ ਦੀ ਛੋਹ ਨੂੰ ਮਹਿਸੂਸ ਨਹੀਂ ਕੀਤਾ? ਕੀ ਭਾਅ ਜੀ ਦਾ ਅਸ਼ੀਰਵਾਦ ਉਨ੍ਹਾਂ ਦੀ ਇਕਲਾਬੀ ਵਿਰਾਸਤ ਪ੍ਰਤੀ ਪ੍ਰਤੀਬੱਧਤਾ ਉਸਦੇ ਸਿਰਜੇ ਕਲਾਕਾਰਾਂ ਲਈ ਲੱਚਰ ਵਰਤਾਰੇ ਨਾਲੋਂ ਹਲਕੀ ਹੈ? ਕੀ ਇਹ ਵਰਤਾਰਾ ਫਨਿੰਦਰ ਘੋਸ਼, ਜੈ ਗੋਪਾਲ ਵਰਗੇ ਚੇਹਰਿਆ ਵੱਲੋਂ ਭਗਤ ਸਿੰਘ ਹੋਰਾ ਨਾਲ ਕੀਤੀ ਗਦਾਰੀ ਵਰਗਾ ਨਹੀਂ ਹੈ। ਫਰਜ਼ ਕਰੋ ਜੇ ਭਾਅ ਜੀ ਵੱਲੋਂ ਬਣਾਈ ਕਿਸੇ ਨਾਟ ਮੰਡਲੀ ਦੇ ਕਲਾਕਾਰ ਨੂੰ ਲੱਚਰ ਫਿਲਮਾਂ ਵਿੱਚ ਨਿਭਾਈ ਕਿਸੇ ਭੂਮਿਕਾ ਲਈ ਸਰਕਾਰ ਵੱਲੋਂ ਜਾਂ ਪ੍ਰਾਈਵੇਟ ਚੈਨਲ ਵੱਲੋਂ ਕੋਈ ਇਨਾਮ ਮਿਲ ਜਾਂਦਾ ਹੈ ਤਾਂ ਕੀ ਇਹ ਇਨਾਮ ਭਾਅ ਜੀ ਦੀ ਸੋਚ ਦੇ ਉਲਟ ਭੁਗਤ ਕੇ ਜੈ-ਗੋਪਾਲ ਵਰਗਿਆ ਨੂੰ ਮਿਲੇ ਇਨਾਮ ਵਰਗਾ ਨਹੀਂ ਹੋਵੇਗਾ। ਕੀ ਭਾਅ ਜੀ ਵੱਲੋਂ 'ਮਸ਼ਾਲਾ ਬਾਲ ਕੇ ਚੱਲਣ ਜਦੋਂ ਤੱਕ ਰਾਤ ਬਾਕੀ ਹੈ' ਦੇ ਤਰਾਨੇ ਤੇ ਤਾਲ ਦੇਣ ਵਾਲੇ ਕੁਝ ਕੋਕੜ੍ਹ ਕਿਸਮ ਦੇ ਕਲਾਕਾਰਾਂ ਲਈ ਕਿਸੇ ਚਾਲੂ ਕਿਸਮ ਦੇ ਲੱਚਰ ਕਲਾਕਾਰ ਦੇ ਚਾਲੂ ਕਿਸਮ ਦੇ ਗੀਤ ਦੀ ਵੀਡੀਓ ਵਿੱਚ ਸ਼ਕਲ ਦਿਖਾਉਣੀ ਭਾਅ ਜੀ ਦੇ ਪਵਿੱਤਰ ਕਾਜ ਨਾਲ, ਭਗਤ ਸਿੰਘ ਦੀ ਤਸਵੀਰ ਅੱਗੇ ਖੜ ਕੇ ਖਾਧੀਆਂ ਕਸਮਾਂ ਨਾਲ, ਗੁਰਸ਼ਰਨ ਬਾਅ ਜੀ ਦੇ ਤੁਰ ਜਾਣ ਪਿੱਛੋਂ ਉਸ ਦੀ ਤਸਵੀਰ ਅੱਗੇ ਕਲਾ ਨੂੰ ਮਿਹਨਤਕਸ਼ ਲੋਕਾਂ ਲਈ ਅਰਪਤ ਕਰਨ ਦੇ ਕਾਜ ਨਾਲ ਕੀ ਇਹ ਗਦਾਰੀ ਹੈ ਜਾਂ ਵਫਾਦਾਰੀ ਹੈ? ਸੋਚਾਂ ਅੰਦਰ ਇਹ ਸਵਾਲ ਕੋਹਰਾਮ ਮਚਾਉਂਦੇ ਹਨ। ਉਸ ਵੇਲੇ ਮੰਚ ਤੋਂ ਭਾਅ ਜੀ ਦੀ ਅਵਾਜ਼ ਕੰਨਾਂ ਵਿੱਚ ਰਾਤਾਂ ਦੇ ਸਨਾਟਿਆਂ ਨੂੰ ਚੀਰਦੀ ਹੋਈ ਕੰਨਾਂ ਵਿੱਚ ਗਰਜਦੀ ਹੈ। "ਗਾਂਧੀ ਨੇ ਕਿਹਾ ਸ਼ਾਂਤੀ, ਸ਼ਾਂਤੀ, ਸ਼ਾਂਤੀ- ਭਗਤ ਸਿੰਘ ਨੇ ਕਿਹਾ- ਨਹੀਂ...ਗਾਂਧੀ ਜੀ ਕ੍ਰਾਂਤੀ-ਕ੍ਰਾਂਤੀ-ਕ੍ਰਾਂਤੀ..." ਸੋਚਾਂ ਨੂੰ ਮੰਚ ਤੇ ਲਿਆ ਕੇ ਫਿਰ ਵਰਤਮਾਨ ਵਿੱਚ ਉਸੇ ਤਰ੍ਹਾਂ ਉਨ੍ਹਾਂ ਦੀਆਂ ਨਾਟਕ ਮੰਡਲੀਆਂ ਦੇ ਕੁਝ ਕਲਾਕਾਰਾਂ ਵੱਲ ਲੈ ਜਾਂਦੀ ਹੈ ਜੋ ਪਸ਼ੂਆਂ ਵੱਲੋਂ ਦੂਜੇ ਦੀ ਖੁਰਲੀ 'ਚ ਮੂੰਹ ਮਾਰਨ ਦੀ ਆਦਤ ਵਾਂਗ ਉਪਰ ਇਹਨਾਂ ਕਲਾਕਾਰਾਂ ਦੇ ਦੋਗਲੇ ਕਿਰਦਾਰ ਨੂੰ ਉਘਾੜਦੀ ਹੈ। ਭਾਅ ਜੀ ਦੀ ਰੂਹ ਕੂਕਦੀ ਹੈ ਤੇ ਪੁਕਾਰਦੀ ਹੈ ਐ" ਮੇਰੇ ਲੋਗੋ ਇੱਕ ਪੱਖੀ ਕਲਾ ਹੁੰਦੀ ਹੈ ਲੋਕ ਸੰਗਰਾਮਾਂ ਲਈ, ਲੋਕ ਮੁਕਤੀ ਲਈ, ਇਹ ਹੁੰਦੀ ਐ ਲੋਕ ਇਲਮਾਂ ਲਈ, ਇਲਮਾਂ ਲਈ" ਭਾਅ ਜੀ ਦੀ ਇਸ ਪੁਕਾਰ ਤੇ ਜਿਵੇਂ ਇਹਨਾਂ ਕਿਰਦਾਰਾਂ ਦਾ ਨਿਭਾਇਆ ਜਾ ਰਿਹਾ ਅਮਲ ਇਹ ਕਹਿੰਦਾ ਪ੍ਰਤੀਤ ਹੁੰਦਾ ਹੈ "ਨਹੀਂ ਭਾਅ ਜੀ- ਸਾਡੀ ਕਲਾ ਦਾ ਹੁਣ ਕੁਝ ਹਿੱਸਾ ਰਾਖਵਾਂ

(ਬਾਕੀ ਸਫ਼ਾ 27 'ਤੇ)

# ਕਾਮਾਗਾਟਾ ਮਾਰੂ ਦਾ ਇਤਿਹਾਸਕ ਸਾਕਾ ਅਤੇ ਗਦਰ ਲਹਿਰ 'ਚ ਇਸ ਦਾ ਰੋਲ ਅਤੇ ਮਹੱਤਤਾ

**ਜਸਦੇਵ ਸਿੰਘ ਲਲਤੋਂ**



**ਪਹਿਲੀ ਸੰਸਾਰ ਜੰਗ ਦੀਆਂ ਲੋੜਾਂ ਤੇ ਮਜ਼ਬੂਰੀਆਂ ਤਹਿਤ ਗੋਰਾ ਸ਼ਾਹੀ ਨੂੰ ਸਮਝੌਤਾ ਕਰਨਾ ਪਿਆ। ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦਾ ਖਰਚਾ ਕਰਨ ਉਪਰੰਤ, ਕਾਮਾਗਾਟਾਮਾਰੂ ਨੂੰ ਵਾਪਸ ਹਿੰਦ ਲਿਜਾਣ ਦਾ ਸਮਝੌਤਾ ਹੋਇਆ ਗਦਰ ਪਾਰਟੀ ਦੇ ਆਗੂਆਂ ਨੂੰ, ਹੋਰ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਮੁਲਾਕਾਤਾਂ ਦੀ ਆਗਿਆ ਮਿਲੀ।**

1914 ਵਿੱਚ ਵਾਪਰਿਆ ਕੌਮਾਗਾਟਾ ਮਾਰੂ ਦਾ ਸਾਕਾ, ਭਾਰਤੀਆਂ ਦੀ ਕੈਨੇਡਾ ਅੰਦਰ ਦਾਖਲੇ ਦੀ ਲੜਾਈ ਦਾ ਇੱਕ ਮਹਾਨ ਇਤਿਹਾਸਕ ਸਾਕਾ ਹੈ। ਇਹ ਉਹ ਸਮਾਂ ਸੀ, ਜਿਸ ਵੇਲੇ ਭਾਰਤ ਅੰਗਰੇਜ਼ ਰਾਜ ਦੀ ਜ਼ਾਲਮ ਚੱਕੀ ਵਿੱਚ ਪਿਸ ਰਿਹਾ ਸੀ। ਭਾਈ ਗੁਰਦਿੱਤ ਸਿੰਘ ਸਰਹਾਲੀ ਦੀ ਪਟੇਦਾਰੀ ਹੇਠ ਵਪਾਰਕ ਲੀਹਾਂ 'ਤੇ ਇੱਕ ਜਪਾਨੀ ਕੰਪਨੀ- 'ਸ਼ਿਨੇਈ ਕਿਸ਼ੇਨ ਗੋਸ਼ੀ ਕਾਈਸ਼ਾ' ਪਾਸੋਂ 11000 ਡਾਲਰ ਪ੍ਰਤੀ ਮਹੀਨਾਂ ਦੀ ਦਰ ਨਾਲ ਛੇ ਮਹੀਨੇ ਲਈ ਪਟੇ ਤੇ ਲਏ ਜ਼ਹਾਜ਼ ਦਾ ਨਾਮ 'ਕਾਮਾਗਾਟਾਮਾਰੂ' ਸੀ ਜਿਸ ਨੂੰ ਹਾਂਗਕਾਂਗ ਤੋਂ ਕੈਨੇਡਾ ਲਈ ਤੋਰਿਆ ਜਾਣਾ ਸੀ। 25 ਮਾਰਚ 1914 ਨੂੰ ਹਾਂਗਕਾਂਗ ਦੀ ਗੋਰੀ ਹਕੂਮਤ ਨੇ ਭਾਈ ਗੁਰਦਿੱਤ ਸਿੰਘ ਤੇ ਮੁਕੱਦਮਾ ਦਰਜ ਕਰਕੇ ਗ੍ਰਿਫਤਾਰ ਕਰ ਲਿਆ। ਲੇਕਿਨ ਹਾਂਗਕਾਂਗ ਵਿੱਚ ਹੋਏ ਰੋਸ-ਐਕਸ਼ਨਾਂ ਦੇ ਸਿੱਟੇ ਵੱਜੋਂ 28 ਮਾਰਚ ਨੂੰ ਕੇਸ ਵਾਪਸ ਲੈ ਕੇ ਉਨ੍ਹਾਂ ਨੂੰ ਰਿਹਾ ਕਰਨਾ ਪਿਆ। 4 ਅਪ੍ਰੈਲ ਨੂੰ ਚੱਲੇ ਜ਼ਹਾਜ ਵਿੱਚ ਰੋਟੀ -ਰੋਜ਼ੀ, ਉੱਚ ਵਿਦਿਆ ਤੇ ਚੰਗੀ ਜ਼ਿੰਦਗੀ ਦੀ ਭਾਲ ਲਈ 165 ਭਾਰਤੀ ਮੁਸਾਫਰ ਹਾਂਗਕਾਂਗ ਤੋਂ, 111 ਸ਼ੰਘਾਈ ਤੋਂ, 86 ਮੋਜੀ (ਜਾਪਾਨ) ਤੋਂ, 14 ਯੋਕੋਹਾਮਾ (ਜਾਪਾਨ) ਤੋਂ ਚੜ੍ਹੇ ਇਸ ਤਰ੍ਹਾਂ ਕੁੱਲ 376 ਮੁਸਾਫਰ ਸਵਾਰ ਹੋਏ। ਤੀਜੀ ਕਿਸ਼ਤ ਵੇਲੇ ਪੈਸੇ ਦੀ ਤੰਗੀ ਨੂੰ ਪੂਰਾ ਕਰਨ ਲਈ ਭਾਈ ਬਲਵੰਤ ਸਿੰਘ ਖੁਰਦਪੁਰ (ਬਾਅਦ 'ਚ ਕੈਨੇਡਾ ਲਹਿਰ ਦੇ ਗਦਰੀ ਸ਼ਹੀਦ) ਭਾਰੀ ਰਕਮ ਲੈ ਕੇ ਮੋਜੀ ਵਿਖੇ ਪੁੱਜੇ ਇਸ ਤਰ੍ਹਾਂ ਉਨ੍ਹਾਂ ਨੇ ਵੱਡਾ ਮੋਢਾ ਲਾਇਆ ਅਤੇ ਆਪ ਕੋਬੀ ਤੋਂ ਸਿੱਧਾ ਕੈਨੇਡਾ ਮੂਹਰੇ ਪੁੱਜ ਗਏ। ਇਸ ਤਰ੍ਹਾਂ ਗਦਰ ਪਾਰਟੀ ਅਤੇ ਕੌਮਾਗਾਟਾਮਾਰੂ ਦੇ ਆਪਸੀ ਰਿਸ਼ਤੇ ਦੀ ਉਸਾਰੀ ਸ਼ੁਰੂ ਹੋਈ। ਦੂਜੇ ਪਾਸੇ ਹਿੰਦ ਦੀ ਗੋਰੀ ਹਕੂਮਤ ਦੇ ਇਸ਼ਾਰੇ 'ਤੇ ਕੈਨੇਡਾ ਹਕੂਮਤ ਨੇ 31 ਮਾਰਚ 1914 ਤੋਂ ਹੀ ਨਾਂ-ਦਾਖਲੇ ਬਾਰੇ ਹੁਕਮ ਨੰਬਰ 920 ਲਾਗੂ ਕਰ ਦਿੱਤਾ ਸੀ। 17 ਅਪ੍ਰੈਲ ਨੂੰ ਘਰੇਗੀ ਵਜ਼ੀਰ ਰੋਚੇ ਨੇ ਕੈਨੇਡਾ ਦੀ ਪਾਰਲੀਮੈਂਟ 'ਚ ਐਲਾਨ ਕੀਤਾ ਕਿ "ਘਾਟਾਂ ਦੇ ਮਹਿਕਮੇ ਦੇ ਅਫਸਰਾਂ ਨੂੰ ਕਿਹਾ ਗਿਆ ਹੈ ਕਿ ਜੋ ਹਿੰਦੀ ਨਵੇਂ ਰੂਲਾਂ ਨੂੰ ਉਲੰਘ ਕੇ ਆਉਣ ਤਾਂ ਉਨ੍ਹਾਂ ਨੂੰ ਉੱਤਰਨ ਨਾ ਦਿੱਤਾ ਜਾਵੇ"। ਇਹ ਸੀ ਕੈਨੇਡਾ ਦੀ ਭੂਤਰੀ ਹੋਈ ਸਾਮਰਾਜੀ ਸਰਕਾਰ ਦਾ ਰਵੱਈਆ! 21 ਮਈ ਨੂੰ ਜਹਾਜ਼ ਵਿਕਟੋਰੀਆ ਦੀ ਕੁਰਾਟੀਨ ਤੇ, 23 ਨੂੰ ਵੈਨਕੂਵਰ ਨੇੜੇ ਪੁੱਜਾ; ਲੇਕਿਨ ਬੰਦਰਗਾਹ ਤੋਂ ਦੂਰ ਦੋ-ਤਿੰਨ ਮੀਲ ਪਿੱਛੇ ਹੀ ਰੋਕ ਦਿੱਤਾ ਗਿਆ।

ਵੈਨਕੂਵਰ 'ਚ ਮੋਰਚਾ ਬੰਦੀ ਤੇ ਦੇਸ਼-ਪ੍ਰਦੇਸ਼ 'ਚ ਰੋਸ ਲਹਿਰ ਮੁਸਾਫਰਾਂ ਲਈ ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦੀ ਸਹਾਇਤਾ, ਜਹਾਜ਼ ਨੂੰ ਕੰਢੇ ਲਾਉਣ ਤੇ ਮੁਸਾਫਿਰਾਂ ਦੇ ਕੈਨੇਡਾ ਦਾਖਲੇ ਲਈ ਕੈਨੇਡਾ ਵਸਦੇ ਹਿੰਦੀਆਂ ਨੇ ਮੋਰਚਾ ਆਰੰਭ ਕਰ ਦਿੱਤਾ। ਗੁਰਦੁਆਰਾ ਵੈਨਕੂਵਰ ਵਿੱਚ 31 ਮਈ ਨੂੰ 700 ਦੇ ਕਰੀਬ ਇਕੱਠ ਹੋਇਆ। ਭਾਈ ਬਲਵੰਤ ਸਿੰਘ ਤੇ ਸ਼੍ਰੀ ਹਸਨ ਰਹੀਮ ਦੀ ਅਪੀਲ 'ਤੇ 60,000 ਡਾਲਰ ਇਕੱਠੇ ਹੋਏ। ਕੈਨੇਡਾ ਵਾਪਸੀ ਭਾਈ ਭਾਗ ਸਿੰਘ ਤੇ ਸ਼੍ਰੀ ਹਸਨ ਰਹੀਮ ਨੇ ਜ਼ਹਾਜ ਦਾ ਨਵਾਂ ਪਟਾ ਆਪਣੇ ਨਾਮ ਕਰਵਾ ਕੇ 22,000 ਡਾਲਰ ਦੀ ਕਿਸ਼ਤ ਕੰਪਨੀ ਨੂੰ ਦਿੱਤੀ। ਹਿੰਦ ਸਰਕਾਰ, ਕਾਂਗਰਸ ਪਾਰਟੀ, ਪਟਿਆਲਾ ਤੇ ਨਾਭਾ ਦੇ ਰਾਜਿਆ ਨੂੰ ਮਸਲੇ ਦੇ ਹੱਲ ਲਈ ਤਾਰਾਂ ਦਿੱਤੀ ਗਈਆਂ। ਵਿਕਟੋਰੀਆ ਤੇ ਵੈਨਕੂਵਰ 'ਚ ਹਰ ਰੋਜ਼ ਲੋਕ ਇਕੱਠੇ ਕਰਕੇ ਗੋਰੇ ਸ਼ਾਹੀ ਜ਼ੁਲਮ ਵਿਰੁੱਧ ਆਵਾਜ਼ ਬੁਲੰਦ ਕੀਤੀ ਜਾਂਦੀ। ਗਦਰ ਪਾਰਟੀ ਨੇ "ਗਦਰ" ਅਖਬਾਰ ਦਾ ਵਿਸ਼ੇਸ਼ ਅੰਕ "ਕਾਮਾਗਾਟਾਮਾਰੂ" ਕੱਢਿਆ ਅਤੇ ਦੇਸ਼-ਪ੍ਰਦੇਸ਼ ਅੰਦਰ ਜਲਸੇ-ਜਲੂਸਾਂ ਦੀ ਲਹਿਰ ਵਿੱਢ ਦਿੱਤੀ। ਹਿੰਦ 'ਚ ਲਹੌਰ, ਰਾਵਲਪਿੰਡੀ, ਚੱਕਵਾਲ, ਗੁੱਜਰਾਂਵਾਲਾ, ਤੇ ਪਟਿਆਲਾ 'ਚ ਰੋਸ ਮੁਜਾਹਰੇ ਕੀਤੇ ਗਏ। ਪੂਰਬੀ ਦੇਸ਼ਾਂ 'ਚ ਵੀ ਹਿੰਦੀਆਂ ਨੇ ਆਵਾਜ਼ ਉਠਾਈ। ਲੰਡਨ 'ਚ ਮੁਸਲਿਮ ਲੀਗ ਨੇ ਬਸਤੀਆਂ ਦੇ ਲੰਡਨ ਦਫਤਰ ਮੂਹਰੇ ਤਿੱਖਾ ਪ੍ਰਦਰਸ਼ਨ ਕੀਤਾ। ਸਿੱਟੇ ਵੱਜੋਂ ਮਹੀਨਾ ਭਰ ਤੋਂ ਬੁਰੀ ਤਰ੍ਹਾਂ ਭੁੱਖ ਮਰੀ ਦਾ ਸ਼ਿਕਾਰ ਮੁਸਾਫਰਾਂ ਨੂੰ 28 ਜੂਨ ਤੋਂ ਰਾਸ਼ਨ ਪਾਣੀ ਤੇ 7 ਜੁਲਾਈ ਤੋਂ ਵਕੀਲਾਂ ਨੂੰ ਮਿਲਣ ਦੀ ਆਗਿਆ ਮਿਲੀ। ਪਰੰਤੂ ਅਦਾਲਤਾਂ ਚੋਂ ਨਿਆਂ ਨਾ ਮਿਲਿਆ।

16 ਜੁਲਾਈ ਨੂੰ ਕੈਨੇਡਾ ਸਰਕਾਰ ਨੇ ਹਰ ਹਾਲਤ ਜਹਾਜ਼ ਨੂੰ ਵਾਪਸ ਭੇਜਣ ਦੇ ਹੁਕਮ ਚਾੜ੍ਹ ਦਿੱਤੇ। ਵੈਨਕੂਵਰ, ਲੰਡਨ, ਓਟਾਵਾ, ਦਿੱਲੀ ਵਿਚਕਾਰ ਸਰਕਾਰਾਂ ਦੀਆਂ ਆਪਸ ਵਿੱਚ ਤਾਰਾਂ ਤੇ ਤਾਰਾਂ ਖੜਕੀਆਂ। 19 ਜੁਲਾਈ ਨੂੰ 'ਸੀ-ਲਾਇਨ' ਨਾ ਦਾ ਟੱਗ ਜਹਾਜ਼ ਲੈ ਕੇ ਸੈਂਕੜੇ ਗੋਰੇ ਪੁਲਿਸੀਆਂ ਨੇ ਵੱਡੇ ਤੜਕੇ ਕਾਮਾਗਾਟਾਮਾਰੂ 'ਤੇ ਹਮਲਾ ਕਰ ਦਿੱਤਾ। ਮੌਤ ਦੇ ਗਾਨੇ ਬੰਨੀ ਮੁਸਾਫਰਾਂ ਨੇ ਸੋਟੀਆਂ, ਕੁਹਾੜੀਆਂ, ਮਸ਼ੀਨਾਂ ਦੇ ਪੁਰਜਿਆਂ, ਲੋਹੇ ਦੇ ਡੰਡਿਆਂ ਤੇ ਪੱਥਰ ਦੇ ਕੋਇਲਿਆਂ ਨਾਲ ਮੁਕਾਬਲਾ ਕਰਕੇ 20 ਪੁਲਸੀਏ ਫੱਟੜ ਕਰ ਦਿੱਤੇ। ਪੁਲਿਸ ਨੇ ਗੋਲੀਆਂ ਚਲਾਈਆਂ, ਕੇਵਲ 1 ਮੁਸਾਫਿਰ ਦੇ ਮੱਥੇ ਤੇ ਝਰੀਟ ਆਈ। ਦੂਜੇ ਦਿਨ 'ਰੇਨਬੋ' ਨਾ ਦਾ ਜੰਗੀ ਜਹਾਜ਼ ਲਿਆ ਕੇ ਸਿੱਧੀ ਗੋਲਾਬਾਰੀ ਕਰਨ ਦੀਆਂ ਧਮਕੀਆਂ ਦਿੱਤੀਆਂ। ਲੇਕਿਨ ਪਹਿਲੀ ਸੰਸਾਰ ਜੰਗ ਦੀਆਂ ਲੋੜਾਂ ਤੇ ਮਜ਼ਬੂਰੀਆਂ ਤਹਿਤ ਗੋਰਾ ਸ਼ਾਹੀ ਨੂੰ ਸਮਝੌਤਾ ਕਰਨਾ ਪਿਆ। ਰਾਸ਼ਨ ਪਾਣੀ ਤੇ ਕਿਰਾਏ ਭਾੜੇ ਦਾ ਖਰਚਾ ਕਰਨ ਉਪਰੰਤ, ਕਾਮਾਗਾਟਾਮਾਰੂ ਨੂੰ ਵਾਪਸ ਹਿੰਦ ਲਿਜਾਣ ਦਾ ਸਮਝੌਤਾ ਹੋਇਆ ਗਦਰ ਪਾਰਟੀ ਦੇ ਆਗੂਆਂ ਨੂੰ, ਹੋਰ ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਮੁਲਾਕਾਤਾਂ ਦੀ ਆਗਿਆ ਮਿਲੀ। ਆਗੂਆਂ ਨੇ ਮੁਸਾਫਰਾਂ ਨੂੰ ਹਿੰਦ 'ਚੋਂ ਗੋਰਾ ਸ਼ਾਹੀ ਰਾਜ ਖਤਮ ਕਰਨ ਤੇ ਕੌਮੀ ਰਾਜ ਦੀ ਕਾਇਮੀ ਦਾ ਸੰਦੇਸ਼ ਦਿੱਤਾ। ਕਾਫੀ ਗਿਣਤੀ 'ਚ ਮੁਸਾਫਰ ਗਦਰੀ ਯੋਧੇ ਬਣਗਏ। ਯੋਕੋਹਾਮਾਂ ਵਿਖੇ ਭਾਈ ਸੋਹਣ ਸਿੰਘ ਭਕਨਾਂ (ਪ੍ਰਧਾਨ ਗਦਰ ਪਾਰਟੀ) ਨੇ ਮੁਸਾਫਰਾਂ ਨੂੰ ਹਿੰਦ ਚ ਗਦਰ ਕਰਨ ਲਈ ਮਾਨਸਿਕ ਤੌਰ 'ਤੇ ਤਿਆਰ ਕੀਤਾ, 200 ਪਿਸਤੌਲ ਤੇ 2000 ਗੋਲੀਆਂ ਸਪਲਾਈ ਕੀਤੀਆਂ। ਕਾਮਾਗਾਟਾਮਾਰੂ ਜਹਾਜ਼ 23 ਸਤੰਬਰ ਨੂੰ ਕਲਕੱਤਾ ਨੇੜੇ ਕਾਲਪੀ ਵਿਖੇ ਪੁੱਜਿਆ।

ਇਸ ਤੋਂ ਬਾਅਦ ਜਹਾਜ਼ 26 ਸਤੰਬਰ ਨੂੰ ਬੱਜ-ਬੱਜ ਘਾਟ ਵਿਖੇ ਲੱਗਿਆ। ਅੰਗਰੇਜ਼ ਹਕੂਮਤ ਨੇ 29 ਸਤੰਬਰ ਨੂੰ ਅਚਾਨਕ ਧੋਖੇ ਨਾਲ ਰੇਲਵੇ ਸਟੇਸ਼ਨ ਨੇੜੇ ਮੁਸਾਫਰਾਂ 'ਤੇ ਗੋਲੀਆਂ ਦਾ ਮੀਂਹ ਵਰ੍ਹਾ ਦਿੱਤਾ। ਸਿੱਟੇ ਵੱਜੋਂ 19 ਮੁਸਾਫਰ ਸ਼ਹੀਦ ਕੀਤੇ, 23 ਫੱਟੜ ਕੀਤੇ, 222 ਜੇਲਾਂ 'ਚ ਡੱਕ ਦਿੱਤੇ ਤੇ 72 ਹੋਰ ਨਿਕਲ ਕੇ ਪੰਜਾਬ ਨੂੰ ਰਵਾਨਾਂ ਹੋਏ (ਜਿਨ੍ਹਾਂ ਵਿੱਚੋਂ ਉਦੋਂ ਲੋਕਾਂ ਮੁਤਾਬਕ 29 ਮੁਸਾਫਰ ਗੋਰਿਆਂ ਹੱਥੋ ਸ਼ਹੀਦ ਕੀਤੇ ਦੱਸੇ ਜਾਂਦੇ ਸਨ)।

ਮੁਸਾਫਰਾਂ ਵੱਲੋਂ ਦੋ-ਤਿੰਨ ਪਸਤੌਲਾਂ ਨਾਲ ਕੀਤੇ ਟਾਕਰੇ 'ਚ 2 ਗੋਰੇ ਅਫਸਰ ਤੇ ਦੋ ਦੇਸੀ ਸਿਪਾਹੀ ਮਾਰੇ ਗਏ ਅਤੇ 11 ਹੋਰ ਪੁਲਸੀਏ ਫੱਟੜ ਹੋਏ। ਜੇਲ੍ਹੀਂ ਡੱਕੇ, ਜੂਹਬੰਦ ਕੀਤੇ ਅਤੇ ਗੁਪਤਵਾਸ ਹੋਏ ਮੁਸਾਫਿਰਾਂ 'ਚੋਂ ਕਾਫੀ ਜਣੇ ਗਦਰੀ ਯੋਧੇ ਬਣੇ। ਇਸ ਤਰ੍ਹਾਂ, ਕਾਮਾਗਾਟਾਮਾਰੂ ਦੇ ਗਦਰੀ ਯੋਧਿਆਂ ਨੇ ਬਰਤਾਨਵੀ ਸਾਮਰਾਜਵਾਦ ਤੇ ਉਸ ਦੇ ਪਿਠੂਆਂ ਦੇ ਜਾਲਮ ਰਾਜ ਦਾ ਖਾਤਮਾਂ ਕਰਨ ਅਤੇ ਨਿਆਂ, ਬਰਾਬਰੀ, ਖੁਸ਼ਹਾਲੀ ਤੇ ਆਜਾਦੀ ਵਾਲਾ, ਖਰਾ ਲੋਕ ਜਮਹੂਰੀ ਰਾਜ ਪ੍ਰਬੰਧ ਸਿਰਜਣ ਲਈ ਬੇਮਿਸਾਲ ਤਿਆਗ ਤੇ ਕੁਰਬਾਨੀਆਂ ਕੀਤੀਆਂ। ਗਦਰੀ ਸ਼ਹੀਦਾਂ ਦਾ ਮਿਸ਼ਨ ਅਧੂਰਾ ਰਹਿ ਗਿਆ, ਲੇਕਿਨ ਇਹ ਮਿਸ਼ਨ ਅੱਜ ਵੀ ਜਿਊਂਦਾ ਹੈ ਤੇ ਰਾਹ ਦਰਸਾਊ ਹੈ। ਗਦਰੀ ਬਾਬੇ ਅਜਿਹਾ ਰਾਜ ਪ੍ਰਬੰਧ ਚਾਹੁੰਦੇ ਸਨ, ਜਿਸ ਵਿੱਚ ਕਿਰਤ ਦਾ ਸਨਮਾਨ ਤੇ ਪੁੱਗਤ ਹੋਵੇ, ਰੋਟੀ ਕਪੜੇ ਤੇ ਮਕਾਨ ਦੀ ਗਰੰਟੀ ਹੋਵੇ, ਹਰ ਬੇਰੋਜ਼ਗਾਰ ਨੂੰ ਪੱਕਾ ਰੋਜ਼ਗਾਰ ਮਿਲੇ, ਹਰ ਵਿਦਿਆਰਥੀ ਨੂੰ ਮੁਫਤ ਵਿੱਦਿਆ ਮਿਲੇ, ਹਰ ਬਿਮਾਰ ਦਾ ਮੁਫਤ ਇਲਾਜ ਹੋਵੇ, ਹਰ ਪੀੜ੍ਹਤ ਨੂੰ ਫੌਰੀ ਨਿਆਂ ਮਿਲੇ, ਹਰ ਤਰ੍ਹਾਂ ਦੀ ਵਿਦੇਸ਼ੀ ਤੇ ਦੇਸੀ ਲੁੱਟ ਤੇ ਜ਼ੁਲਮ ਦਾ ਖਾਤਮਾਂ ਹੋਵੇ। ਲਾਜ਼ਮੀ ਇੱਕ ਦਿਨ ਅਜਿਹਾ ਆਵੇਗਾ ਜਦੋਂ ਹਿੰਦ 'ਚ ਗਦਰੀ ਬਾਬਿਆਂ ਦੇ ਸੁਪਨਿਆਂ ਵਾਲਾ ਰਾਜ ਪ੍ਰਬੰਧ ਉਸਰ ਕੇ ਰਹੇਗਾ। ਇਹੀ ਉਨ੍ਹਾਂ ਮਹਾਨ ਯੋਧਿਆਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ।

0161-28056777


# ਰੋਸ਼ਨੀਆਂ ਦਾ ਸ਼ਹਿਰ ਸ਼ਰਮਿੰਦਾ ਤਾਂ ਹੈ - ਪਰ ਰੋਹ ਵੀ ਫੁਟਾਰੇ ਮਾਰ ਰਿਹੈ



ਰੋਸ਼ਨੀਆਂ ਦਾ ਸ਼ਹਿਰ ਜਗਰਾਉਂ ਇਸ ਵੇਰ ਫੇਰ ਚਰਚਾ 'ਚ ਹੈ ਪਰ ਇਸ ਵਾਰ ਚਰਚਾ ਰੋਸ਼ਨੀ ਕਰਕੇ ਨਹੀਂ ਸਗੋਂ ਘੋਰ ਹਨੇਰਗਰਦੀ ਕਰਕੇ ਹੈ। ਇਸ ਚਰਚਾ 'ਚ ਫਿਕਰ, ਚਿੰਤਾ, ਸਹਿਮ, ਡਰ, ਰੋਹ ਤੇ ਗੁੱਸੇ ਦਾ ਮਿਲਿਆ ਜੁਲਿਆ ਪ੍ਰਤੀਕਰਮ ਹੈ ਪਰ ਚੰਗੀ ਗੱਲ ਇਹ ਹੋਈ ਕਿ ਸ਼ਹਿਰ ਅਤੇ ਇਲਾਕੇ ਦੇ ਲੋਕਾਂ ਦੇ ਸਹਿਮ ਤੇ ਡਰ ਨੂੰ ਪ੍ਰਤੀਰੋਧ 'ਚ ਢਾਲਣ ਤੇ ਮੁੱਕੇ ਤਾਣ ਹਨੇਰੀਆਂ ਤਾਕਤਾਂ ਖਿਲਾਫ ਇਨਕਲਾਬੀ ਕੇਂਦਰ ਪੰਜਾਬ ਦੀ ਪਹਿਲ ਕਦਮੀ ਤੇ ਸ਼ਹਿਰ ਵਾਸੀਆਂ ਨੂੰ ਇੱਕਜੁਟ ਕਰ ਸ਼ਹਿਰ 'ਚ ਰਾਤ ਸਮੇਂ ਮੁੱਢਲਾ ਰੋਸ ਪ੍ਰਦਰਸ਼ਨ ਕੀਤਾ। 25 ਸਤੰਬਰ ਦੀ ਸਵੇਰ ਜ਼ਿਲ੍ਹਾ ਪੁਲਿਸ ਮੁਖੀ ਨੂੰ ਮਿਲਿਆ ਡੇਢ ਸੌ ਦੇ ਕਰੀਬ ਲੋਕਾਂ ਦਾ ਵਫਦ ਤੇ ਕੀਤਾ ਪੁਲਿਸ ਲਾਈਨ ਮੂਹਰੇ ਜ਼ੋਰਦਾਰ ਪ੍ਰਦਰਸ਼ਨ। ਸ਼ੋਸ਼ਲ ਤੇ ਪ੍ਰਿੰਟ ਮੀਡੀਏ ਰਾਹੀਂ ਪਤਾ ਲੱਗਣ ਤੇ ਕੁੱਲ ਸੰਸਾਰ ਦੇ ਜਮੀਰਪ੍ਰਸ਼ਤ ਲੋਕਾਂ ਨੇ ਜਿੰਨੀ ਥੂਹ-ਥੂਹ ਕੀਤੀ, ਉਹ ਸੱਚਮੁੱਚ ਇੱਕ ਵੱਡੀ ਚੁਣੌਤੀ ਹੈ, ਵੱਡਾ ਸਵਾਲ ਹੈ। ਹੋਇਆ ਇਹ ਕਿ 16 ਸਤੰਬਰ ਰਾਤ ਸਮੇਂ ਇੱਕ ਛੋਟਾ ਮੱਧ ਵਰਗੀ ਪਰਿਵਾਰ ਖਾਣਾ ਖਾ ਕੇ ਸੈਰ ਕਰਨ ਨਿਕਲਿਆ। ਕਮਲਚੌਕ ਕੋਲ ਬੱਚਿਆਂ ਨੇ ਕੁਲਫੀ ਖਾਣ ਲਈ ਜਿਦ ਕੀਤੀ ਤਾਂ ਪਾਪਾ ਰੇਹੜੀ ਵੱਲ ਹੋ ਗਿਆ। ਉਸ ਦੀ ਨੌਜਵਾਨ ਪਤਨੀ ਸੜਕ ਦੇ ਦੂਜੇ ਪਾਸੇ ਖੜ ਗਈ ਕਿ ਅਚਾਨਕ ਦੋ ਨੌਜਵਾਨਾਂ ਨੇ ਉਸ ਵੱਲ ਸੁਟ ਵੱਟੀ ਤੇ ਇੱਕ ਨੇ ਆ ਕੇ ਉਸ ਨੂੰ ਫੜ ਲਿਆ ਤੇ ਉਸ ਔਰਤ ਦੀ ਪਹਿਨੀ ਨਾਈਟ ਸੂਟ ਦੀ ਲੈਗੀ ਫੜ ਕੇ ਹੇਠਾਂ ਖਿੱਚ ਦਿੱਤੀ। ਔਰਤ ਇੱਕਦਮ ਤਾਂ ਠੋਠਬਰ ਗਈ ਪਰ ਉਸ ਵੱਲੋਂ ਚੀਕਣ ਤੇ ਉਸ ਦਾ ਪਤੀ ਗੁੰਡਿਆਂ ਨੂੰ ਫੜਣ ਭੱਜਿਆ ਤਾਂ ਪਾਸੇ ਖੜੀ ਮੰਢੀਰ ਨੇ ਉੱਚੀ ਉੱਚੀ ਹੱਸਦਿਆਂ ਰੌਲਾ ਪਾਇਆ ਤੇ ਹੂੰਟਿੰਗ ਕਰਦਿਆਂ ਭੱਜ ਨਿਕਲੇ। ਪਰ ਔਰਤ ਦੇ ਪਤੀ ਨੇ ਤੁਰੰਤ ਆਪਣੇ ਦੋਸਤਾਂ ਨੂੰ ਕਾਲ ਕਰਕੇ ਪਿੱਛਾ ਕਰਕੇ ਉਨ੍ਹਾਂ 'ਚੋਂ ਗੋਲੂ ਨਾਂ ਦੇ ਗੁੰਡੇ ਨੂੰ ਫੜ ਲਿਆ ਤੇ ਪੁਲਿਸ ਦੇ ਹਵਾਲੇ ਕਰ ਦਿੱਤਾ। ਦੋ ਦਿਨ ਲਗਾਤਾਰ ਇਹ ਧੂਣੀ ਅੰਦਰੋਂ ਅੰਦਰੀ ਭਖਦੀ ਰਹੀ ਤੇ ਸ਼ਹਿਰ ਦੇ ਪਤਵੰਤਿਆਂ ਨੇ ਇਸ ਨੂੰ ਦਬਾਉਣਾ ਚਾਹਿਆ। ਪਰ ਸਦਕੇ ਉਸ ਪੀੜਤਾ ਲੜਕੀ ਦੇ, ਪੁਲਿਸ ਕੋਲ ਇਨ ਬਿਨ ਬਿਆਨ ਨੋਟ ਕਰਾਏ। ਪਰਚਾ ਹੋਇਆ, ਲੋਕਾਂ ਦਾ ਪੁਲਿਸ ਦੀ ਢਿੱਲ ਮੱਠ ਖਿਲਾਫ ਗੁੱਸਾ ਭੜਕਿਆਂ ਤਾਂ ਰਾਤੋ ਰਾਤ ਤਿੰਨ ਹੋਰ ਦੋਸ਼ੀ ਫੜ ਲਏ। ਖੁਦ ਜ਼ਿਲ੍ਹਾ ਪੁਲਿਸ ਮੁਖੀ ਦੀ ਤਫਤੀਸ਼ 'ਚ ਜਾਹਰ ਹੋਇਆ ਕਿ 8 ਗੁੰਡਿਆਂ ਦੇ ਗੈਂਗ ਨੇ ਸ਼ਰਾਬ ਦੇ ਨਸ਼ੇ 'ਚ 8000 ਰੁਪਏ ਦੀ ਸ਼ਰਤ ਲਾਈ ਕਿ ਕਮਲ ਚੌਂਕ 'ਚੋਂ ਜਿਹੜੀ ਪਹਿਲੀ ਔਰਤ ਲੰਘੇਗੀ ਉਸ ਨੂੰ ਜਿਹੜਾ ਪਹਿਲਾ ਨਿਰਵਸਤਰ ਕਰੇਗਾ ਉਹ ਸ਼ਰਤ ਜਿੱਤੇਗਾ। ਮੰਢੀ ਹਰ ਗੁੰਡਿਆਂ ਨੇ ਇਹ ਅੰਤਿਅੰਤ ਸ਼ਰਮਨਾਕ ਕਾਰਾ ਵਰਤਾ ਦਿੱਤਾ। ਗਦਰੀ ਯੋਧੇ ਹਾਫਿਜ ਅੱਬਦੁਲਾ, ਆਜ਼ਾਦੀ ਸੰਗਰਮੀਏ ਲਾਲਾ ਲਾਜਪਤ ਰਾਏ ਦਾ ਸ਼ਹਿਰ, ਪੀਰਾਂ, ਪੈਗੰਬਰਾਂ ਦੀ ਧਰਤੀ, ਰੋਸ਼ਨੀਆਂ ਦਾ ਸ਼ਹਿਰ ਅੱਜ ਡਾਢਾ ਸ਼ਰਮਿੰਦਾ ਹੈ। ਲੋਕ ਰੋਹ ਇਕੱਠਾ ਹੋ ਰਿਹਾ ਹੈ, ਮੁਹਿਮਜਾਰੀ ਹੈ - 30 ਸਤੰਬਰ ਨੂੰ ਸ਼ਹਿਰ 'ਚ ਲਾਮਿਸਾਲ ਗੁੰਡਾਗਰਦੀ ਵਿਰੋਧੀ ਮਾਰਚ ਕਰਕੇ ਲੋਕਾ ਨੇ ਇੱਕ ਵਾਰ ਫਿਰ ਸੜਕਾਂ ਤੇ ਉੱਤਰਕੇ ਗੁੰਡਿਆਂ ਨੂੰ ਲਲਕਾਰਿਆ ਹੈ। ਚਾਹੁੰਦੇ ਹੋ ਜੇ ਧੀਆਂ ਦੀ ਆਣ-ਬੈਨੋ ਕਾਫਲੇ ਡਟੋ ਮੈਦਾਨ। ਅਸੀਂ ਨਹੀਂ ਡਰਦੇ ਗੁੰਡਿਆਂ ਤੋਂ-ਖਿੱਚ ਲਵਾਂਗੇ ਜ਼ੁਬਿਆਂ ਤੋਂ ਦੇ ਨਾਅਰੇ ਗਜਾਉਂਦਿਆਂ ਸੈਂਕੜੇ ਮਰਦ ਔਰਤਾਂ ਨੇ ਧੀਆਂ ਭੈਣਾਂ ਦੀ ਬੇਪੱਤੀ ਕਰਨ ਵਾਲੇ ਗੁੰਡਿਆਂ ਨੂੰ ਗ੍ਰਿਫਤਾਰ ਕਰਨ, ਸਖਤ ਸਜ਼ਾਵਾਂ ਦੇਣ, ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ, ਪੀੜਤ ਪਰਿਵਾਰ ਨੂੰ ਸੁਰੱਖਿਆ ਦੇਣ ਦੀਆਂ ਮੰਗਾਂ ਨੂੰ ਲੈ ਕੇ ਪਹਿਲਾ ਲਾਲਾ ਲਾਜਪਤ ਰਾਏ ਪਾਰਕ ਵਿਖੇ ਰੈਲੀ ਕੀਤੀ। ਉਪਰੰਤ ਸ਼ਹਿਰ ਦੀਆਂ ਸੜਕਾਂ ਤੇ ਰੋਹ ਭਰਪੂਰ ਗੁੰਡਾਗਰਦੀ ਵਿਰੋਧੀ ਮਾਰਚ ਕੀਤਾ। ਇਸ ਰੋਸ ਮਾਰਚ ਨੂੰ ਸੰਬੋਧਨ ਕਰਦਿਆਂ ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ ਨੇ ਕਿਹਾ ਕਿ ਗੰਡਾਗਰਦੀ ਜੀ ਜੜ ਸਮਾਜ ਵਿੱਚ ਫੈਲ ਰਹੇ ਨਸ਼ੇ, ਗੰਦਾ ਕਲਚਰ ਅਤੇ ਬੇਰੁਜ਼ਗਾਰੀ ਹੈ। ਮੌਜੂਦਾ ਸਰਕਾਰ ਇਨ੍ਹਾਂ ਤਿੰਨਾਂ ਮਸਲਿਆਂ ਨੂੰ ਹੱਲ ਕਰਨ ਤੋਂ ਆਪਣੇ ਜਮਾਤੀ ਕਿਰਦਾਰ ਕਾਰਨ ਅਸਮਰੱਥ ਹੈ। ਬੁਲਾਰਿਆਂ ਨੇ ਬੀਤੇ ਦਿਨੀਂ ਲੰਬੀ ਵਿਖੇ ਜਗਰਾਉਂ ਘਟਨਾ ਬਾਰੇ ਮੁੱਖ ਮੰਤਰੀ ਬਾਦਲ ਵੱਲੋਂ ਦਿੱਤੇ ਬਿਆਨ ਕਿ ਸੂਬੇ ਅੰਦਰ ਅਜਿਹੀਆਂ ਛੋਟੀਆਂ ਮੋਟੀਆਂ ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ, ਜਿਵੇਂ ਕਿ ਅਮਰੀਕਾ ਅੰਦਰ ਇਹ ਆਮ ਗੱਲ ਹੈ", ਦੀ ਤਿੱਖੀ ਨਿਖੇਧੀ ਕੀਤੀ। ਇਸ ਸਮੇਂ ਮਾਸਟਰ ਮਲਕੀਤ ਸਿੰਘ, ਸੁਖਦੇਵ ਸਿੰਘ ਭੂੰਦੜੀ, ਜਿੰਦਰ ਧਿਮਾਨ, ਪ੍ਰਸ਼ੋਤਮ ਲਾਲ ਖਲੀਫਾ ਆਦਿ ਆਗੂਆਂ ਨੇ ਸੰਬੋਧਨ ਕੀਤਾ।

-ਸਰੋਕਾਰਾਂ ਦੀ ਆਵਾਜ਼

# ਨਕਸਲੀ ਲਹਿਰ ਦੇ ਸਿਰਮੌਰ ਆਗੂ ਕਾ. ਅਮਰ ਸਿੰਘ ਅੱਚਰਵਾਲ ਦੀ ਬਰਸੀ 'ਤੇ ਸਰਧਾਂਜਲੀ ਸਮਾਗਮ



ਹਰ ਸਾਲ ਦੀ ਤਰ੍ਹਾਂ ਇਸ ਵੇਰ ਵੀ 12 ਸਤੰਬਰ ਦੀ ਸਵੇਰ ਖਾਲਿਸਤਾਨੀ ਦਹਿਸ਼ਤਗਰਦਾਂ ਹੱਥੋਂ ਸ਼ਹੀਦ ਕੀਤੇ ਗਏ ਪ੍ਰਸਿੱਧ, ਦਲੇਰ, ਜਾਂਬਾਜ, ਹਰਮਨ ਪਿਆਰੇ ਕਾਮਰੇਡ ਅਮਰ ਸਿੰਘ ਅੱਚਰਵਾਲ ਦੇ ਪਿੰਡ ਸਥਿਤ ਘਰ ਤੋਂ ਤੁਰਿਆ, ਇਨਕਲਾਬੀ ਲਹਿਰ ਦੇ ਕਾਰਕੁੰਨਾਂ ਦਾ ਕਾਫਲਾ ਸ਼ਹੀਦੀ ਯਾਦਗਾਰ ਤੇ ਪਹੁੰਚਦਾ ਹੈ। ਕਾਮਰੇਡ ਅਮਰ ਸਿੰਘ ਦੀ 24ਵੀਂ ਬਰਸੀ ਤੇ ਯੋਧੇ ਨੂੰ ਸਰਧਾਂਜਲੀ ਦੇਣ ਵਾਲਿਆਂ 'ਚ ਇਨਕਲਾਬੀ ਜਮਹੂਰੀ ਜਥੇਬੰਦੀਆਂ ਦੇ ਆਗੂਆਂ ਤੋਂ ਬਿਨਾਂ ਦੇਸ਼ ਭਗਤ, ਯਾਦਗਾਰ ਕਮੇਟੀ ਜਲੰਧਰ ਦੇ ਆਗੂ ਸ਼ਾਮਲ ਸਨ। ਖੁੱਲੇ ਪੰਡਾਲ 'ਚ ਸਜੇ ਇਲਾਕਾ ਭਰ 'ਚੋਂ ਪੁੱਜੇ ਕਿਰਤੀ ਕਿਸਾਨ, ਮਜਦੂਰ ਅੱਜ ਕੂਕਾ ਲਹਿਰ ਅਤੇ ਗਦਰ ਲਹਿਰ ਦੇ ਪਿੰਡ ਨਾਲ ਸਬੰਧਤ ਸੱਤ ਸ਼ਹੀਦਾਂ/ਘੁਲਾਟੀਆਂ ਨੂੰ ਵੀ ਸਿਜਦਾ ਕਰਨ ਆਏ ਸਨ। ਇਨਕਲਾਬੀ ਕਵੀਸ਼ਰੀ ਜੱਥਾ ਰਸੂਲਪੁਰ ਦੇ ਕਲਾਕਾਰਾਂ ਦੀਆਂ ਕਵੀਸ਼ਰੀਆਂ ਨਾਲ ਸ਼ੁਰੂ ਹੋਏ ਇਸ ਸਮਾਗਮ 'ਚ ਪੰਜਾਬ ਦੀਆਂ ਲਗਭਗ ਸਾਰੀਆਂ ਹੀ ਖੱਬੇਪੱਖੀ, ਇਨਕਲਾਬੀ, ਅਗਾਹਵਧੂ ਜੱਥੇਬੰਦੀਆਂ ਸ਼ਾਮਲ ਹੁੰਦੀਆਂ ਹਨ। ਇਸ ਖੱਬੇਪੱਖੀ ਪਿੰਡ ਦੀ ਇਹ ਸ਼ਾਨਦਾਰ ਰਵਾਇਤ ਹੈ ਕਿ ਇੱਕਮੰਚ ਤੇ ਸਾਰੀਆਂ ਹੀ ਧਿਰਾਂ ਦੇ ਸੂਬਾ ਪੱਧਰੀ ਆਗੂ ਸ਼ਰਧਾਂਜਲੀ ਦਿੰਦੇ ਹੋਏ ਮੌਜੂਦਾ ਹਾਲਾਤ ਤੇ ਟਿੱਪਣੀ ਕਰਦੇ ਹਨ ਤੇ ਸਭ ਤੋਂ ਅਹਿਮ ਗੱਲ ਇਹ ਕਿ ਸਾਰੇ ਹੀ ਇੱਕਜੁੱਟ ਸਾਂਝੇ ਘੋਲਾਂ ਦੀ ਉਸਾਰੀ ਦਾ ਸੱਦਾ ਦਿੰਦੇ ਹਨ। ਇਸ ਸਮੇਂ ਯਾਦਗਾਰ ਕਮੇਟੀ ਜਲੰਧਰ ਦੇ ਜਨਰਲ ਸਕੱਤਰ ਰਘਬੀਰ ਕੌਰ, ਸੀ. ਪੀ. ਐਮ. ਪੰਜਾਬ ਦੇ ਆਗੂ ਮੰਗਤ ਰਾਮ ਪਾਸਲਾ, ਸੀ.ਪੀ.ਆਈ.ਮਲ (ਨਿਊ ਡੈਮੋ.) ਦੇ ਆਗੂ ਕਾ. ਅਜਮੇਰ ਸਿੰਘ, ਇਨਕਲਾਬੀ ਕੇਂਦਰ ਪੰਜਾਬ ਦੇ ਆਗੂ ਕੰਵਲਜੀਤ ਖੰਨਾ, ਸੀ. ਪੀ. ਆਈ.ਮ.ਲ. (ਲਿਬਰੇਸ਼ਨ) ਦੇ ਆਗੂ ਰਾਜਵਿੰਦਰ ਰਾਣਾ, ਰੁਲਦੂ ਸਿੰਘ ਮਾਨਸਾ, ਤਰਲੋਚਨ ਸਿੰਘ ਝੋਰੜਾ, ਪ.ਲ.ਸ. ਮੰਚ ਪ੍ਰਧਾਨ ਅਮੋਲਕ ਸਿੰਘ, ਜਸਦੇਵ ਸਿੰਘ ਲਲਤੋ, ਸੁਖਦਰਸ਼ਨ ਨੱਤ, ਕਰਨੈਲ ਸਿੰਘ ਜਖੇਪਲ, ਜਸਬੀਰ ਕੌਰ ਆਦਿ ਨੇ ਸੰਬੋਧਨ ਕੀਤਾ। ਇਸ ਸਮਾਗਮ ਦੀ ਇਹ ਵੀ ਇੱਕ ਖਾਸ ਵਿਲੱਖਣਤਾ ਹੈ ਕਿ ਸਰੋਤੇ ਸਾਰੇ ਹੀ ਬੁਲਾਰਿਆਂ ਨੂੰ ਪੂਰੇ ਨੀਝ ਤੇ ਚਾਅ ਨਾਲ ਸੁਣਦੇ ਹਨ। ਭਾਸ਼ਣਾਂ 'ਚ ਪੰਜਾਬ ਦੀ ਕਿਸਾਨੀ ਤੇ ਬੇਰੁਜ਼ਗਾਰ ਨੌਜਵਾਨਾਂ ਦੇ ਅੰਦੋਲਨ, ਕਸ਼ਮੀਰ ਸਮੱਸਿਆ ਮੁੱਖ ਰੂਪ 'ਚ ਭਾਰੂ ਰਹੇ। ਚੇਤਨਾ ਕਲਾ ਕੇਂਦਰ ਬਰਨਾਲਾ ਦੇ ਕਲਾਕਾਰਾਂ ਨੇ ਇਸ ਸਮੇਂ ਦੋ ਨਾਟਕ "ਨਵਾਂ ਜਨਮ" ਤੇ "ਹਨੇਰਿਆਂ ਤੋਂ ਪਾਰ" ਅਤੇ "ਜੁਝਣ ਤੋਂ ਬਿਨਾਂ ਹੱਲ ਕੋਈ ਨਾ" ਕੋਰੀਓਗ੍ਰਾਫੀ ਪੇਸ਼ ਕਰਜਨਤਾ ਨੂੰ ਸੁਚੇਤ ਕਰਨ ਦਾ ਕਲਾਤਮਕ ਤੇ ਖੂਬਸੂਰਤ ਯਤਨ ਕੀਤਾ।

-ਸਰੋਕਾਰਾਂ ਦੀ ਆਵਾਜ਼

# ਈ ਸਕੀਮ ਬਾਰੇ ਹਾਈਕੋਰਟ 'ਚ ਦਾਇਰ ਲੋਕਹਿਤ ਪਟੀਸ਼ਨ 'ਚ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ

## ਕੇਸ ਦੀ ਸੁਣਵਾਈ ਲਈ ਅਗਲੀ ਤਾਰੀਖ 1 ਦਸੰਬਰ ਨਿਸ਼ਚਿਤ



ਮੋਹਾਲੀ : ਮੁਹਾਲੀ-ਮੁੱਲਾਂਪੁਰ ਖਰੜ ਡੇਰਾਬਸੀ ਜੀਰਕਪੁਰ ਵਿੱਚ ਲੱਖਾਂ ਸਸਤੇ ਘਰ ਸਰਕਾਰੀ ਤੰਤਰ ਦੀ ਮਿਲੀਭੁਗਤ ਨਾਲ ਪਿਛਲੇ ਅੱਠ ਸਾਲ ਤੋਂ ਨਹੀਂ ਮਿਲ ਸਕੇ। ਆਰਥਿਕ ਤੌਰ ਉਤੇ ਕਮਜੋਰ ਲੋਕਾਂ ਨੂੰ ਸਸਤੇ ਘਰ ਮੁਹੱਈਆ ਕਰਵਾਉਣ ਦੇ ਮਕਸਦ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਈਸਕੀਮ ਸਹੀ ਢੰਗ ਨਾਲ ਲਾਗੂ ਨਾ ਕਰਨ 'ਤੇ ਸਤਨਾਮ ਸਿੰਘ ਦਾਊਂ ਵੱਲੋਂ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈਕੋਰਟ ਵਿਖੇ ਲੋਕਹਿਤ ਵਿੱਚ ਪਟੀਸ਼ਨ ਦਾਇਰ ਕੀਤੀ ਗਈ ਹੈ। ਮਾਨਯੋਗ ਹਾਈਕੋਰਟ ਵੱਲੋਂ ਇਸ ਕੇਸ ਦੀ ਸੁਣਵਾਈ ਲਈ ਤਾਰੀਖ 1 ਦਸੰਬਰ 2016 ਨਿਸ਼ਚਿਤ ਕੀਤੀ ਗਈ ਹੈ। ਇਸ ਗੱਲ ਦੀ ਪੁਸ਼ਟੀ ਪਟੀਸ਼ਨਰ ਸਤਨਾਮ ਸਿੰਘ ਦਾਊਂ ਦੇ ਵਕੀਲ ਐਡਵੋਕੇਟ ਆਰਬੈਸ ਨੇ ਕੀਤੀ।

ਅੱਜ ਇੱਥੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਸਤਨਾਮ ਸਿੰਘ ਦਾਊਂ, ਬਲਵਿੰਦਰ ਸਿੰਘ ਕੁੰਭੜਾ, ਪ੍ਰੇਮ ਸਿੰਘ ਗੁਰਦਾਸਪੁਰੀ, ਬਲਵਿੰਦਰ ਸਿੰਘ ਮਾਣਕਪੁਰ ਕੱਲਰ, ਸੁਖਵਿੰਦਰ ਸਿੰਘ ਆਦਿ ਨੇ ਦੱਸਿਆ ਕਿ ਆਰਥਿਕ ਤੌਰ 'ਤੇ ਕਮਜੋਰ ਲੋਕਾਂ ਦੇ ਮਕਾਨ ਬਣਾਉਣ ਦਾ ਸੁਪਨਾ ਪੂਰਾ ਕਰਨ ਦੀ ਜ਼ਿੰਮੇਵਾਰੀ ਪੰਜਾਬ ਸਰਕਾਰ , ਮੋਹਾਲੀ , ਖਰੜ ਤੇ ਡੇਰਾਬੱਸੀ ਦੇ 8 ਸਾਲਾਂ ਤੋਂ ਰਹੇ ਐਮ ਸਥਾਨਕ ਸਰਕਾਰਾਂ ਦੇ ਮੰਤਰੀ ਸ੍ਰੀ ਅਨਿਲ ਜੋਸ਼ੀ ਤੇ ਪੂਰੀ ਪੰਜਾਬ ਸਰਕਾਰ, ਵਿਰੋਧੀ ਧਿਰ ਕਾਂਗਰਸ ਤੇ ਮੋਹਾਲੀ ਦੇ ਮੌਜੂਦਾ ਮੇਅਰ ਅਤੇ ਗਮਾਡਾ ਦੇ ਚੇਅਰਮੈਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਉਪ ਚੇਅਰਮੈਨ ਸੁਖਬੀਰ ਸਿੰਘ ਬਾਦਲ ਦੀ ਬਨਦੀ ਹੈ। ਜੇਕਰ ਉਪਰੋਕਤ ਸਰਕਾਰੀ ਤੰਤਰ ਸਰਮਾਏਦਾਰ ਬਿਲਡਰਾਂ ਨੂੰ ਲੁੱਟਣ ਤੇ ਆਮ ਲੋਕਾਂ ਨੂੰ ਸਸਤੇ ਘਰ ਦੇਣ ਦੀ ਸਹੀ ਨੀਅਤ ਰੱਖਦਾ ਤਾਂ ਸਿਰਫ ਗਮਾਡਾ ਦੇ ਖੇਤਰ ਜਿਸ ਵਿੱਚ ਮੋਹਾਲੀ ਅਤੇ ਮੁੱਲਾਂਪੁਰ ਦਾ ਏਰੀਆ ਆਉਂਦਾ ਹੈ ਤਾਂ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲਗਭਗ 25 ਹਜ਼ਾਰ ਪਰਿਵਾਰਾਂ ਨੂੰ ਸਸਤੇ ਘਰ ਮਿਲ ਸਕਦੇ ਸਨ, ਜਿਸ ਨਾਲ ਇਸ ਇਲਾਕੇ ਦੇ ਸਾਰੇ ਰਿਹਾਇਸ਼ੀ ਕਿਰਾਏਦਾਰ ਵੱਡੇ ਹੋ ਢੁੱਕੇ ਸੰਯੁਕਤ ਪਰਿਵਾਰਾਂ ਦੇ ਛੋਟੇ ਪਰਿਵਾਰ ਫੈਕਟਰੀਆਂ ਜਾਂ ਕੰਪਨੀਆਂ ਵਿਚ ਕੰਮ ਕਰਦੇ ਉਨ੍ਹਾਂ ਪਰਿਵਾਰਾਂ ਨੂੰ ਮਿਲਣੇ ਸਨ, ਜਿਹਨਾਂ ਦੀ ਸਲਾਨਾ ਆਮਦਨ 5 ਲੱਖ ਰੁਪਏ ਤੋਂ ਘੱਟ ਹੈ। ਪ੍ਰੰਤੂ ਸਰਕਾਰ ਦੇ ਮੰਤਰੀ ਸੰਤਰੀ ਆਪਸੀ ਮਿਲੀਭੁਗਤ ਕਰਕੇ ਵਾਰ ਵਾਰ ਈਸਕੀਮ ਤਹਿਤ ਆਪਣੇ ਚਹੇਤਿਆਂ ਦੇ ਘਰ ਭਰਨ ਤੇ ਲੋੜਵੰਦਾਂ ਦੇ ਹੱਕ ਮਾਰਦਾ ਰਿਹਾ। ਸਾਲ 2008 ਤੋਂ ਲੈਂ ਕੇ ਜੂਨ 2016 ਤਕ ਪੰਜਾਬ ਸਰਕਾਰ ਨੇ ਆਰਥਿਕ ਤੌਰ ਤੇ ਕਮਜ਼ੋਰ ਵਰਗਾਂ ਨੂੰ ਸਸਤੇ ਘਰ ਦੇਣ ਦੀ ਸਕੀਮ ਤਿੰਨ ਵਾਰ ਗੁਮਰਾਹਕੁੰਨ ਢੰਗ ਨਾਲ ਬਦਲੀ ਕੀਤੀ ਪ੍ਰੰਤੂ ਅਜੇ ਤੱਕ ਕਿਸੇ ਨੂੰ ਮਕਾਨ ਨਹੀਂ ਮਿਲ ਸਕੇ। ਹੈਰਾਨੀ ਦੀ ਗੱਲ ਇਹ ਹੈ ਕਿ ਕਾਂਗਰਸ ਦੇ ਐਮਵੀ ਵਿਧਾਨ ਸਭਾ ਵਿੱਚ ਚੁੱਪ ਕਰਕੇ ਬੈਠੇ ਰਹੇ ਤੇ ਕਦੇ ਵੀ ਈਸਕੀਮ ਬਾਰੇ ਨਹੀਂ ਬੋਲੇ। ਦੇਸ਼ ਦੀ ਪਾਰਲੀਮੈਂਟ ਅਤੇ ਹਾਈਕੋਰਟ ਦੀ ਸਖ਼ਤੀ ਤੋਂ ਬਾਅਦ ਮਈ 2016 ਵਿਚ ਪੰਜਾਬ ਸਰਕਾਰ ਨੇ ਲੋਕਾਂ ਅਦਾਲਤਾਂ ਤੇ ਦੇਸ਼ ਦੀ ਪਾਰਲੀਮੈਂਟ ਨੂੰ ਗੁੰਮਰਾਹ ਕਰਨ ਤੇ ਆਮ ਲੋੜਵੰਦ ਲੋਕਾਂ ਦਾ ਵੋਟ ਬੈਂਕ ਲੁੱਟਣ ਲਈ ਸਕੀਮ ਅਧੀਨ ਲਗਭਗ 13 ਹਜਾਰ ਘਰ ਪੰਜਾਬ ਦੇ ਵਸਨੀਕਾਂ ਨੂੰ ਦੇਣ ਦਾ ਇਸ਼ਤਿਹਾਰ ਦੇ ਕੇ ਅਰਜ਼ੀਆਂ ਵੀ ਮੰਗ ਲਈਆਂ ਪ੍ਰੰਤੂ ਸਕੀਮ ਨੂੰ ਫੇਲ੍ਹ ਕਰਨ ਅਤੇ ਆਪਣੇ ਚਹੇਤਿਆਂ ਨੂੰ ਮਿਲੀਭੁਗਤ ਕਰ ਕੇ ਘਰ ਦੇਣ ਦੀ ਨੀਅਤ ਨਾਲ ਸਰਕਾਰ ਨੇ ਲੋਕਾਂ ਕੋਲੋਂ ਬਿਨਾਂ ਕਿਸੀ ਰਸੀਦ ਤੋਂ ਅਰਜ਼ੀਆਂ ਪ੍ਰਾਪਤ ਕਰ ਲਈਆਂ। ਸ਼ੱਕ ਇਹ ਵੀ ਹੈ ਕੇ ਜੇਕਰ ਸਰਕਾਰ ਦੀ ਕਾਨੂੰਨ ਮੁਤਾਬਿਕ ਚੋਣ ਜ਼ਾਬਤਾ ਲਗਣ ਤੋਂ ਪਹਿਲਾਂ ਲੋਕਾਂ ਨੂੰ ਘਰ ਦੇਣ ਦੀ ਮਜਬੂਰੀ ਬਣ ਜਾਏ ਤਾਂ ਉਹ ਚੋਰ ਮੋਰੀਆਂ ਰਾਹੀਂ ਸੱਤਾਧਾਰੀ ਪਾਰਟੀ ਦੇ ਸਮਰਥਕਾਂ ਤੇ ਪ੍ਰਾਪਰਟੀ ਡੀਲਰਾਂ ਨੂੰ ਹੀ ਘਰ ਦੇ ਦੇਣਗੇ ਅਤੇ ਲੋੜਵੰਦ ਪਰਿਵਾਰਾਂ ਝਾਕਦੇ ਰਹਿ ਜਾਣਗੇ। ਇਹੀ ਨਹੀਂ ਸਰਕਾਰ ਨੇ ਇਸ ਸਕੀਮ ਅਧੀਨ ਆਉਂਦੀ ਮੋਹਾਲੀ ਸ਼ਹਿਰ ਦੀ 252 ਏਕੜ ਜ਼ਮੀਨ ਵੇਚਣ ਦਾ ਪ੍ਰਬੰਧ ਕਰਨ ਲਈ ਜੂਨ 2016 ਵਿੱਚ ਨਵੀਂ ਸਕੀਮ ਪਾਸ ਕਰ ਲਈ।

ਸਤਨਾਮ ਸਿੰਘ ਦਾਊਂ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ 10 ਲੱਖ ਸਸਤੇ ਘਰ ਦੇਣ ਲਈ ਇਹ ਸਕੀਮ ਨਵੰਬਰ 2008 ਵਿੱਚ ਬਣਾਈ ਸੀ ਪ੍ਰੰਤੂ ਮਿਲੀਭੁਗਤ ਕਾਰਨ ਇਹ ਘਰ ਬਣਾਏ ਤਾਂ ਗਏ ਪਰ ਇਕ ਵੀ ਲੋੜਵੰਦ ਪਰਿਵਾਰ ਨੂੰ ਨਹੀਂ ਦਿੱਤਾ ਗਿਆ। ਬਾਅਦ ਵਿਚ ਇਹ ਮਾਮਲਾ ਆਮ ਆਦਮੀ ਪਾਰਟੀ ਦੇ ਧਿਆਨ ਵਿੱਚ ਲਿਆਉਣ ਤੋਂ ਬਾਅਦ ਇਸ ਮਾਮਲੇ ਦੀ ਪੈਰਵਾਈ ਦੇਸ਼ ਦੀ ਪਾਰਲੀਮੈਂਟ ਵਿਚ ਪਟਿਆਲਾ ਤੋਂ ਮੈਂਬਰ ਪਾਰਲੀਮੈਂਟ ਡਾਕਟਰ ਧਰਮਵੀਰ ਗਾਂਧੀ ਵਲੋਂ ਲਗਾਤਾਰ ਕੀਤੀ ਜਾ ਰਹੀ ਹੈ ਤੇ ਨਾਲ ਹੀ ਪੰਜਾਬ ਹਾਈਕੋਰਟ ਵਿੱਚ ਸਤਨਾਮ ਦਾਊਂ ਵਲੋਂ ਲੋਕਾਂ ਨੂੰ ਇਨਸਾਫ ਦੁਆਉਣ ਲਈ ਕੇਸ ਲੜਿਆ ਜਾ ਰਿਹਾ ਹੈ। ਹੁਣ ਸਰਕਾਰ ਨੇ ਜੂਨ 2016 ਵਿਚ ਜੋ ਨਵੀਂ ਸਕੀਮ ਬਣਾਈ ਹੈ ਇਸ ਖਿਲਾਫ ਇਕ ਕੇਸ ਹਾਈਕੋਰਟ ਵਿਚ ਕੀਤਾ ਗਿਆ ਹੈ ਤਾਂ ਜੋ ਲੋੜਵੰਦ ਪਰਿਵਾਰਾਂ ਨੂੰ ਘਰ ਮਿਲ ਸਕਣ।

## ਜੰਗ ਹੋਵੇਗੀ...

ਜੰਗ ਹੋਵੇਗੀ ਤੇ ਹੁਕਮ ਚਲਾਏ ਜਾਣਗੇ,
ਦੋਨਾਂ ਪਾਸੇ ਘਰ ਸਾਡੇ ਜਲਾਏ ਜਾਣਗੇ,

ਮਰਨਗੇ ਸਾਡੇ ਭਰਾ ਦੋਵੇਂ ਪਾਸੇ ਗਰੀਬ,
ਮੈਡਲ ਹੋਰਾਂ ਦੀ ਛਾਤੀ ਸਜਾਏ ਜਾਣਗੇ,

ਸਾਨੂੰ ਵੀ ਖਾ ਗਿਆ ਸੋਸ਼ਲ ਮੀਡੀਆ,
ਫੋਕੇ ਸਾਂਤੀ ਦੇ ਬਿਗਲ ਵਜਾਏ ਜਾਣਗੇ,

ਮਾਹੌਲ ਹੋਵੇਗਾ ਖ਼ੂਨ-ਖਰਾਬੇ ਦਾ ਤਾਂ ਵੀ,
ਲੁਟੇਰਿਆਂ ਵੱਲੋਂ ਸੁਪਨੇ ਚੁਰਾਏ ਜਾਣਗੇ,

ਗੂੰਜੇਗੀ ਫਿਜ਼ਾ 'ਚ ਨ਼ਫਰਤ ਦੀ ਅਵਾਜ਼,
ਕੰਧਾਂ 'ਤੇ ਭੈੜੇ ਪੇਪਰ ਚਿਪਕਾਏ ਜਾਣਗੇ,

ਕਿੰਨ੍ਹਾਂ ਭਿਆਨਕ ਹੋਵੇਗਾ ਸਾਰਾ ਮੰਜ਼ਰ,
ਵਸਦੇ ਲੋਕੀਂ ਉਜਾੜਨੇ ਮਿਟਾਏ ਜਾਣਗੇ,

ਸੜਵਾ ਦੇਣੇ ਮੁਲਕ ਉਨ੍ਹਾਂ ਗੰਦੇ ਲੀਡਰਾਂ,
ਵੱਡਿਆਂ ਦੇਸ਼ਾਂ ਵੱਲੋਂ ਏਹ ਫਸਾਏ ਜਾਣਗੇ,

ਮੌਤ ਦੀ ਖੇਡ ਖੇਡਕੇ ਏ ਚੁੱਪ ਹੋ ਜਾਣਗੇ,
ਫਿਰ ਸਾਂਤੀ ਲਈ ਹੱਥ ਵਧਾਏ ਜਾਣਗੇ,

ਵਰਤ ਲੈਣਗੇ ਹਰ ਹਰਬਾ ਏ ਦੁਸ਼ਮਣ,
ਹਰ ਪਾਸੇ ਲਾਸ਼ਾਂ ਦੇ ਢੇਰ ਲਾਏ ਜਾਣਗੇ,

ਲੋਕੀਂ ਕਦੋਂ ਚਾਹੁੰਦੇ ਯੁੱਧ ਦੱਸ 'ਸੁਖਰਾਜ'
ਏਹ ਤਾਂ ਪ੍ਰਯੋਗਾਂ ਵਿੱਚ ਤੜਫਾਏ ਜਾਣਗੇ,

ਮਜਬੂਤ ਹੋ ਜਾਣਗੇ ਨੇਤਾ ਅਤੇ ਦੇਸ਼ ਵੱਡੇ,
ਝੰਡਿਆਂ 'ਚ ਲਪੇਟ ਵੀਰ ਘਲਾਏ ਜਾਣਗੇ,

**- ਪ੍ਰਿਤਪਾਲ**

---

## ਕਵਿਤਾ

ਤਾਂ ਹੀ ਦਿਲਕਸ਼ ਜਹਾਨ ਸ਼ਬਦਾਂ ਦਾ
ਸੱਚਾ ਸੁੱਚਾ ਇਮਾਨ ਸ਼ਬਦਾਂ ਦਾ।

ਕੋਈ ਵਲ-ਛਲ ਕੋਈ ਫ਼ਰੇਬ ਨਹੀਂ,
ਕਿੰਡਾ ਸਾਦਾ ਬਿਆਨ ਸ਼ਬਦਾਂ ਦਾ।

ਤੂੰ ਵੀ, ਮੈਂ ਵੀ ਤੇ ਸਭ ਨੇ ਮਿਟ ਜਾਣਾ,
ਰਹਿਣਾ ਬਾਕੀ ਨਿਸ਼ਾਨ ਸ਼ਬਦਾਂ ਦਾ।

ਕਿਥੇ ਗ਼ਜ਼ਲਾਂ ਨੇ ਨਾਲ ਤੁਰਨਾ ਸੀ,
ਜੇ ਨਾ ਧਰਦੇ ਧਿਆਨ ਸ਼ਬਦਾਂ ਦਾ।

ਇਹ ਤਾਂ ਕੁਦਰਤ ਦੀ ਦਾਤ ਹੈ 'ਲੋਚੀ',
ਕਾਹਦਾ ਕਰਨਾ ਗੁਮਾਨ ਸ਼ਬਦਾਂ ਦਾ।

**- ਤ੍ਰੈਲੋਚਨ ਲੋਚੀ**

## ਭਗਤ ਸਿਆਂ...

ਤੇਰੇ ਜਨਮ ਦਿਨ ਤੇ ਭਗਤ ਸਿਆਂ, ਅਸੀਂ ਖ਼ੂਬ ਜਸ਼ਨ ਮਨਾਵਾਂਗੇ,
ਜ਼ਮੀਰ ਗੁਲਾਮ ਹੋ ਚੁੱਕੀ ਹੈ ਲੇਕਿਨ ਨਾਹਰੇ ਆਜ਼ਾਦੀ ਦੇ ਲਾਵਾਂਗੇ।

ਅੱਜ ਦੇ ਦਿਨ ਅਸੀਂ ਸੁਬ੍ਹਾ ਉਠਕੇ, ਗੁਰਦੁਆਰੇ ਵੀ ਜਾਵਾਂਗੇ,
ਪੁੱਚਕਾਰਾਂਗੇ ਪੱਥਰਾਂ ਨੂੰ, ਗਊ ਮਾਤਾ ਦੇ ਤਾਜ਼ਾ ਦੁੱਧੀਂ ਨਵਾਵਾਂਗੇ।

ਜੋ ਚੀਖਾਂ ਨਾਲ ਪੇਟ ਭਰ ਰਿਹੈ, ਓਹ ਤਾਂ ਗਰੀਬ ਦਾ ਬੱਚਾ ਹੈ,
ਦੇਖੀਂ! ਤਰੱਕੀ ਦੇ ਜ਼ੋਰ ਸ਼ੋਰ 'ਚ ਅਸੀਂ ਝੌਂਪੜੀਆਂ ਪੁੱਲ ਜਾਵਾਂਗੇ।

ਪਿਛਲੇ ਕਾਫ਼ੀ ਅਰਸੇ ਤੋਂ, ਪੰਜਾਬ ਤੇ ਬਾਦਲ ਛਾਏ ਹੋਏ ਨੇ,
ਪਾਣੀ ਦਾ ਮੀਂਹ ਨਹੀਂ ਪੈਂਦਾ, ਦੁੱਧ ਰੰਗਾ ਜਿਹਾ ਲੈ ਆਏ ਹੋਏ ਨੇ।

ਅਸੀਂ ਆਜ਼ਾਦ ਕੱਦ ਹੋਏ ਸਾਂ, ਜ਼ਹਿਨੀਅਤ ਸਦਾ ਗੁਲਾਮ ਰਹੀ
ਪਹਿਲਾਂ ਚਿੱਟਿਆਂ ਦਾ ਰਾਜ ਸੀ, ਹੁਣ ਭੂਰੇ ਹੱਥ ਲ਼ਗਾਮ ਰਹੀ।

ਸਾਡੇ ਪਿੰਡਾਂ ਦੇ ਗੱਭਰੂ, ਪਿੰਡ ਨਹੀਂ ਰਹਿੰਦੇ, ਸ਼ਹਿਰ ਨੂੰ ਭੱਜਦੇ ਨੇ,
ਨਹੀਂ ਏਹ ਖੜਤਾਲ ਨਹੀਂ, ਉਹਨਾਂ ਦੇ ਭਿੜਦੇ ਗੋਡੇ ਵੱਜਦੇ ਨੇ।

ਦਫ਼ਤਰ ਸਕੂਲ ਬੰਦ ਰਹਿਣਗੇ, ਤੇ ਬੀਵੀ ਨੂੰ ਲੈ ਬਾਜ਼ਾਰ ਜਾਵਾਂਗੇ,
ਸੱਚੇ ਵਾਅਦੇ ਸਵੇਰ ਨੂੰ ਕਰਾਂਗੇ, ਲਾਜ਼ਮ, ਸ਼ਾਮ ਪਈ ਭੁੱਲ ਜਾਵਾਂਗੇ।

ਤੇਰਾ ਜਨਮ ਦਿਨ ਹੋਵੇ ਜਾਂ ਦਿਨ ਹੋਵੇ ਫਾਂਸੀ ਦਾ ਭਗਤ ਸਿਆਂ,
ਅਸੀਂ, ਭਾਰਤ ਦੇ ਵਾਸੀ, ਕੁਛ ਇਸ ਤਰ੍ਹਾਂ ਬਸ ਜਸ਼ਨ ਮਨਾਵਾਂਗੇ।

**ਪ੍ਰਕਾਸ਼ ਸੋਹਲ, ਯੂ. ਕੇ.**

---

## ਕਵਿਤਾ

ਲੰਘ ਗਈਆਂ ਗੁੱਲ ਕਰਕੇ ਦੀਵੇ, ਰੋਕੇ ਕੌਣ ਹਵਾਵਾਂ ਨੂੰ।
ਸਾਥ ਸਮਾਂ ਹੀ ਛੱਡ ਜਾਵੇ ਤਾਂ, ਪਵੇ ਨਾ ਬੂਰ ਦੁਆਵਾਂ ਨੂੰ।

ਮਰ, ਖਪ ਗਏ ਵਿਦੇਸ਼ਾਂ ਵਿਚ ਹੀ, ਗਏ ਸੀ ਜੋ ਰੁਜ਼ਗਾਰ ਲਈ,
ਕਿਵੇਂ ਦਿਲਾਸਾ ਦੇ ਸਕਦੇ ਹਾਂ, ਪੱਥਰ ਹੋਈਆਂ ਮਾਵਾਂ ਨੂੰ।

ਔੜਾਂ ਮਾਰੀ ਧਰਤੀ ਨੂੰ ਸੀ, ਬੱਝੀ ਆਸ ਛਰਾਟੇ ਦੀ,
ਆਈ ਹਨੇਰੀ ਚੰਦਰੀ ਲੈ ਗਈ, ਆਪਣੇ ਨਾਲ ਘਟਾਵਾਂ ਨੂੰ।

ਮਿੱਟੀ ਦੇ ਸੰਗ ਮਿੱਟੀ ਹੋਵੇ, ਲੋਕ ਕਹਿਣ ਅੰਨਦਾਤਾ ਹੈ,
ਹਾਰ-ਹੰਭ ਕੇ ਚੁਣਿਆ ਉਸ ਨੇ ਰੱਸੀ ਅਤੇ ਸ਼ਾਖਾਵਾਂ ਨੂੰ।

ਦੋ ਵੇਲੇ ਜੇ ਬਲ਼ੇ ਨਾ ਚੁੱਲ੍ਹਾ, ਕਿਰਤੀ ਤੇ ਮਜ਼ਦੂਰਾਂ ਦਾ,
'ਭਾਰਤ ਮਾਤਾ ਦੀ' ਜੈ ਉਥੇ, ਸੋਂਹਦੀ ਨਹੀਂ ਫ਼ਿਜ਼ਾਵਾਂ ਨੂੰ।

ਦਾਗੋਦਾਗ਼ ਕਚਹਿਰੀ ਅੰਦਰ, ਮੁਜ਼ਰਮ ਖੁੱਲ੍ਹੇ ਘੁੰਮ ਰਹੇ,
ਕਈ ਬੇਦੋਸ਼ੇ ਭੁਗਤਣ ਏਥੇ ਉਮਰਾਂ ਦੀਆਂ ਸਜ਼ਾਵਾਂ ਨੂੰ।

ਚਿਖਾ ਮੇਰੀ ਤੇ ਚਿਣਨਾ ਇਸ ਨੂੰ ਇਹ ਰੁੱਖ ਮੇਰਾ ਹਾਣੀ ਹੈ,
ਮਰ ਕੇ ਵੀ ਨਾ ਵਿਛੜਾਂ ਇਸ ਤੋਂ, ਸਜਦਾ ਇਸ ਦੀਆਂ ਛਾਵਾਂ ਨੂੰ।

ਦੇਖ ਹਵਾ ਜ਼ਹਿਰੀਲੀ ਆਖਰ, ਸੱਦੀ ਸਭਾ ਪਰਿੰਦਿਆਂ ਨੇ,
ਨਗਰੀ ਛੱਡਣੀ ਪਈ 'ਸੇਖਵਾਂ' ਘੁੱਗੀਆਂ, ਚਿੜੀਆਂ, ਕਾਵਾਂ ਨੂੰ।

**- ਜੇ. ਐਸ. ਸੇਖਵਾਂ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ ਅਤੇ ਤਰਕਸ਼ੀਲ**
**ਵਿਗਿਆਨਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220**
**ਟੋਰਾਂਟੋ : ਹਰਬੰਸ ਸਿੰਘ 416-817-7142**
**ਦਵਿੰਦਰ ਤੂਰ 416-902-9372**

## ਦਿਲ ਦੇ ਵਲਵਲੇ

ਉਹ ਮੈਨੂੰ ਪੁੱਛਦੀ ਰਹਿੰਦੀ ਕਿ ਤੂੰ ਹੁਣ ਹੱਸਦਾ ਕਿਉਂ ਨੀ,
ਜੋ ਘੁੰਡੀ ਦਿਲ 'ਚ ਹੈ ਤੇਰੇ ਤੂੰ ਮੈਨੂੰ ਦੱਸਦਾ ਕਿਉਂ ਨੀ।
ਮੈਂ ਦਿਲ ਦੇ ਵਲਵਲਿਆਂ ਵਿਚ ਇਹ ਅਕਸਰ ਸੋਚਦਾ ਰਹਿਨਾ,
ਕਿ ਤੈਥੋਂ ਸੁਣ ਨਹੀਂ ਹੋਣਾ ਜੋ ਤੈਨੂੰ ਸੱਚ ਹੈ ਕਹਿਣਾ।
ਕਿ ਮੇਰਾ ਗੱਚ ਭਰ ਆਉਂਦਾ ਸੁਣ ਪੰਜਾਬ ਦੇ ਬਾਰੇ,
ਕੀ ਕੀ ਐਬ ਨੇ ਉਥੇ ਅੱਜ ਮੈਂ ਦੱਸਣੇ ਸਾਰੇ।
ਜਿਥੇ ਘਾਟ ਨਾ ਐਸੇ ਲੋਕਾਂ ਦੀ,
ਇਨ੍ਹਾਂ ਖ਼ੂਨ ਪੀਣੀਆਂ ਜੋਕਾਂ ਦੀ।
ਜੋ ਜੱਟ ਨੂੰ ਵੈਲੀ ਦੱਸਦੇ ਨੇ,
ਕੁੜੀਆਂ ਤੇ ਨਿਸ਼ਾਨੇ ਕੱਸਦੇ ਨੇ।
ਕਿ ਗੱਭਰੂ ਕਰਨਾ ਨੇ ਚਾਹੁੰਦੇ ਐਸਾ ਦੌਰ ਬਣਾ ਦਿੱਤਾ,
ਇਨ੍ਹਾਂ ਲੱਚਰ ਗਾਇਕਾਂ ਨੇ ਨਸ਼ੇ ਨੂੰ ਟੌਰ ਬਣਾ ਦਿੱਤਾ।
ਚਿੱਟਾਜਿਸ ਘਰ ਵੜਿਆ ਏ ਕੁਝ ਵੀ ਛੱਡਿਆ ਨੀ ਪੱਲੇ,
ਓ ਕੋਈ ਰੋਕੋ ਬਾਂਹ ਫੜਕੇ, ਧੀ-ਪੁੱਤ ਸਿਵਿਆਂ ਨੂੰ ਚੱਲੇ।
ਜੋ ਬਣੇ ਵਪਾਰੀ ਨਸ਼ਿਆਂ ਦੇ,
ਪਾ-ਪਾ ਲਾਹਨਤਾਂ ਕੋਸਦਾ ਰਹਿਣਾ।
ਮੈਂ ਦਿਲ ਦੇ ਵਲਵਲਿਆਂ ਵਿਚ ਇਹ ਅਕਸਰ ਸੋਚਦਾ ਰਹਿਨਾ।
ਕਿ ਜਿਸ ਦੇਸ਼ ਦੀ ਖਾਤਰ ਯੋਧੇ ਫਾਸੀਆਂ ਚੜ੍ਹ ਗਏ,
ਅੱਜ ਉਸ ਦੇਸ਼ ਨੂੰ ਲੀਡਰ ਬਣ ਕੇ ਕੋਬਰਾ ਲੜ ਗਏ।
ਜਿਥੇ ਪੜ੍ਹਿਆਂ ਲਿਖਿਆਂ ਤੇ ਬੱਦਲ ਡਾਗਾਂ ਦਾ ਵਰਦਾ,
ਜਿਥੇ ਚੋਰਾਂ ਠੱਗਾਂ ਨੂੰ ਹਰ ਕੋਈ ਜੀ-ਜੀ ਹੈ ਕਰਦਾ।
ਜਿਥੇ ਹਾਕਮ ਮੌਜਾਂ ਕਰਦਾ ਹੈ, ਅੰਨਦਾਤਾ ਭੁੱਖਾ ਮਰਦਾ ਹੈ।
ਜਿਥੇ ਵਿਹਲੇ ਬੁੱਲ੍ਹੇ ਲੁੱਟਣ ਜੀ ਤੇ ਕਿਰਤੀ ਸੂਲੀ ਚੜ੍ਹਦਾ ਹੈ।
ਜਿਥੇ ਵਹਿਮ ਤੇ ਭਰਮ ਬਥੇਰੇ ਨੇ
ਤਾਹੀ ਪਿੰਡ-ਪਿੰਡ ਖੁੱਲ੍ਹਗੇ ਡੇਰੇ ਨੇ।
ਜੋ ਮਾਇਆ ਨਾਗਨੀ ਕਹਿੰਦੇ ਨੇ, ਖੁਦ ਮਹਿਲਾਂ ਦੇ ਵਿਚ ਰਹਿੰਦੇ ਨੇ।
ਜੋ ਮੌਤ ਸੱਚਾਈ ਦੱਸਦੇ ਨੇ, ਖੁਦ ਬਾਡੀਗਾਰਡ ਵੀ ਰੱਖਦੇ ਨੇ।
ਜਿਥੇ ਮੰਗਤਾ ਭੁੱਖਾ ਮਰਦਾ ਏ, ਪਰ ਦੁੱਧ ਪੱਥਰਾਂ 'ਤੇ ਚੜ੍ਹਦਾ ਏ।
ਜਿਥੇ ਬਿਨਾਂ ਕਸੂਰੋਂ ਜੇਲ੍ਹਾਂ ਨੇ, ਸਦਾ ਲੇਟ ਆਉਂਦੀਆਂ ਰੇਲਾਂ ਨੇ
ਜਿਥੇਹਰ ਇਕ ਮੋੜ 'ਤੇ ਧਰਨਾ ਏ,
ਪੈਰੀ ਰੁਲਦਾ ਪੱਗ ਤੇ ਪਰਨਾ ਏ।
ਜਿਥੇ ਕੁੱਤੀ ਰਲ ਕੇ ਚੋਰਾਂ ਨਾਲ, ਆਪਣਿਆਂ ਨਾਲ ਦਗੇ ਕਮਾਉਂਦੀ ਏ,
ਉਥੇ ਮੀਡੀਆ ਉਹੀ ਕਹਿੰਦਾ ਜੋ ਸਰਕਾਰ ਕਹਾਉਣਾ ਚਾਹੁੰਦੀ ਏ।
ਉਥੇ ਸੱਚੀਆਂ ਆਵਾਜ਼ਾਂ ਨੂੰ ਝੂਠ ਨੇ ਨੋਚਦਾ ਰਹਿਣਾ,
ਮੈਂ ਦਿਲ ਦੇ ਵਲਵਲਿਆਂ ਵਿਚ ਇਹ ਅਕਸਰ ਸੋਚਦਾ ਰਹਿਨਾ।
ਜਿਥੇ ਵੱਖ ਸਕੂਲ ਗਰੀਬਾਂ ਲਈ, ਤੇ ਹਾਸਪੀਟਲ ਵੀ ਵੰਡੇ ਨੇ,
ਗੁਰੂਘਰ ਵੀ ਵੰਡ ਕੇ ਬਹਿ ਗਏ ਆਂ, ਨਾ ਸ਼ਮਸ਼ਾਨਘਾਟ ਹੀ ਛੱਡੇ ਨੇ।
ਜਿਥੇ ਹਰ ਕੋਈ ਬਣਿਆ ਆਸ਼ਕ ਏ, ਨਿੱਤ ਨਵੀਂ ਕੁੜੀ ਤੇ ਮਰਦੇ ਨੇ,
ਜੋ ਹੀਰਾ ਲੱਭਦੇ ਫਿਰਦੇ ਨੇ, ਖੁਦ ਕੁੜੀ ਜੰਮਣ ਤੋਂ ਡਰਦੇ ਨੇ।
ਇਹ ਬੋਝ ਬੜਾ ਏ ਧਰਤੀ 'ਤੇ ਜੋ ਕਤਲ ਕੁੱਖਾਂ ਵਿਚ ਕਰਦੇ ਨੇ।
ਜਿਥੋਂ ਫਿਰਦਾ ਯੂਥ ਹੈ ਭੱਜਣ ਨੂੰ, ਕੋਈ ਰਾਹ ਵਿਦੇਸ਼ ਦਾ ਲੱਭਣ ਨੂੰ।
ਫਿਰ ਹੱਥ ਏਜੰਟਾਂ ਆਉਂਦੇ ਨੇ, ਉਹ ਸਣੇ ਜਹਾਜ਼ ਡਬਾਉਂਦੇ ਨੇ।
ਜਿਥੇ ਸਕੂਲਾਂ ਤੋਂ ਵੱਧ ਠੇਕੇ ਨੇ, ਜਿਥੇ ਪੁਲਿਸ ਚੋਰ ਕੇ ਏਕੇ ਨੇ।
ਉਥੇ ਲੋਕ ਨੀ ਜਾਂਦੇ ਥਾਣੇ ਨੂੰ, ਉਹ ਮੰਨ ਲੈਂਦੇ ਨੇ ਭਾਣੇ ਨੂੰ।
ਉਹ ਡਰਦੇ ਉਨ੍ਹਾਂ ਖੋਟਾਂ ਤੋਂ, ਕੰਮ ਹੁੰਦਾ ਨੀ ਬਿਨ ਨੋਟਾਂ ਤੋਂ।
ਜਿਥੇ ਧਰਮ ਦੇ ਨਾਂ 'ਤੇ ਦੰਗਾ ਏ, ਕਹਿੰਦੇ ਸਾਡਾ ਧਰਮ ਹੀ ਚੰਗਾ ਏ।
ਕੁਝ ਧਰਮ ਲਈ ਵੱਢੇ ਦਿੱਲੀ ਵਿਚ, ਕੁਝ ਵੱਢੇ ਵਿਚ ਗੁਜਰਾਤ ਗਏ।
ਜੋ ਧਰਮ ਦੇ ਠੇਕੇਦਾਰ ਬਣੇ, ਪਾ ਅਬਦਾਲੀ ਨੂੰ ਮਾਤ ਗਏ।
ਜਿਥੇ ਨਦੀਆਂ ਨੂੰ ਮਾਂ ਕਹਿੰਦੇ ਨੇ, ਵਿਚ ਗੰਦ ਵੀ ਪਾਉਂਦੇ ਰਹਿੰਦੇ ਨੇ।
ਕੋਈ ਗਾਂ ਦਾ ਮਾਸ ਜੇ ਖਾਂਦਾ ਏ, ਤਾਂ ਆਪਣੀ ਜਾਨ ਤੋਂ ਜਾਂਦਾ ਏ।
ਜਿਥੋਂ ਲੱਭਾਂ ਮਾਰਗ ਦਰਸ਼ਕ ਨੂੰ, ਜੋ ਸਭ ਕੁਝ ਸਹੀ ਕਰਾ ਦੇਵੇ,
ਭੁੱਲੇ ਭਟਕੇ ਹੋਏ ਲੋਕ ਮੇਰੇ, ਜੋ ਸਿੱਧੇ ਰਸਤੇ ਪਾ ਦੇਵੇ।
ਕੋਈ ਝੂਠ ਨਾ ਚਹਿਲ ਲਿਖ ਬੈਠੀ, ਲ਼ਫਜ਼ਾਂ ਨੂੰ ਬੋਚਦਾ ਰਹਿਨਾ
ਮੈਂ ਦਿਲ ਦੇ ਵਲਵਲਿਆਂ ਵਿਚ ਇਹ ਅਕਸਰ ਸੋਚਦਾ ਰਹਿਨਾ।

**- ਸੁਖਦੀਪ ਸਿੰਘ ਚਹਿਲ**

## ਗਦਰੀ ਬੋਲੀਆਂ-

ਹੋ...ਪਿੰਡ ਲੋਪੋਕੇ ਜੰਮਿਆ ਮੇਵਾ
ਜਦੋਂ ਕੈਨੇਡਾ ਆਇਆ
ਬਈ...ਵਿਚ ਫਰੇਜ਼ਰ ਕਰੇ ਨੌਕਰੀ
ਸੀ ਸੱਚ ਨੂੰ ਪਰਨਾਇਆ
ਬੇਲਾ ਸਿੰਘ ਜਦ ਕਰੇ ਹੁਦਰੀਆਂ
ਗਿਆ ਨਾ ਮਨ ਸਮਝਾਇਆ
ਮੋਢੀ ਟੋਡੀਆਂ ਦਾ
ਕਿਨਸਨ ਪਾਰ ਬੁਲਾਇਆ
ਮੋਢੀ ਟੋਡੀਆਂ ਦਾ...।

ਹੋ ਵਿਚ ਪ੍ਰਦੇਸਾਂ ਕਰਨ ਕਮਾਈਆਂ
ਗਏ ਸੀ ਹਿੰਦਸਤਾਨੀ
ਬਈ...ਵਿਚ ਕੈਨੇਡਾ ਵਿਚ ਅਮਰੀਕਾ
ਕੰਮੀ ਪਈ ਜਵਾਨੀ
ਹੋ ਕਾਣੀ ਵੰਡ ਅਹਿਸਾਸ ਜਗਾਤੇ
ਕਾਰਨ ਇਹਦਾ ਗੁਲਾਮੀ
ਛੱਡਕੇ ਸਭ ਕੁਝ ਇੰਡੀਆ ਮੁੜਗੇ
ਜਾ ਕੇ ਗਦਰ ਮਚਾਏ
ਗਏ ਕਮਾਈਆਂ ਨੂੰ
ਯੋਧੇ ਬਣ-ਬਣ ਆਏ
ਗਏ ਕਮਾਈਆਂ ਨੂੰ
ਯੋਧੇ ਬਣ-ਬਣ ਆਏ...।

ਕੈਲੇਫੋਰਨੀਆਂ ਆਇਆ ਸਰਾਭਾ
ਉੱਚੀਆਂ ਕਰਨ ਪੜ੍ਹਾਈਆਂ
ਯੂਨੀਵਰਸਿਟੀ ਬਾਰਕਲੇ ਵਿਚ
ਆਣ ਕਲਾਸਾਂ ਲਾਈਆਂ
ਥਾਂ-ਥਾਂ ਵੰਡੀਆਂ
ਥਾਂ-ਥਾਂ ਧੱਕੇ
ਨਸਲੀ ਹੋਣ ਲੜਾਈਆਂ
ਪਹਿਲਾ ਲੈਣੀ ਅਸੀ ਅਜ਼ਾਦੀ
ਰਾਹ ਦੇਸ ਦਾ ਫੜਿਆ
ਗਦਰ ਮਚਾਉਣ ਲਈ
ਜਾ ਛਾਉਣੀ ਵਿਚ ਵੜਿਆ
ਗਦਰ ਮਚਾਉਣ ਲਈ...।

ਮਾਪੇ ਛੱਡਗੇ, ਬੱਚੇ ਛੱਡਗੇ,
ਛੱਡਗੇ ਸਾਕ-ਸਕੀਰੀ
ਬਈ ਪੈਰਾ ਦੇ ਵਿਚ ਪਾਈਆਂ ਬੇੜੀਆਂ,
ਹੋ ਪੈਰਾਂ ਦੇ ਵਿਚ ਪਾਈਆਂ ਬੇੜੀਆਂ,
ਹੋ ਗਈ ਕੁਰਕ ਜੰਗੀਰੀ
ਉਹਨਾਂ ਉਮਰ ਦੇਸ਼ ਨਾ ਤੇ ਲਾਤੀ,
ਨਹੀਂ ਜਵਾਨੀ ਮਾਣੀ
ਕਾਲੇ ਪਾਣੀਆਂ ਨੂੰ
ਜਾਂਦੇ ਹਿੱਕਾ ਤਾਣੀ
ਕਾਲੇ ਪਾਣੀਆਂ ਨੂੰ....।

ਹੱਕ ਮੰਗਣ ਲਈ ਨਿੱਤਰੇ ਸੂਰਮੇ
ਵਿਚ ਜੇਲ੍ਹਾਂ ਦੇ ਡੱਕੇ
ਬਈ ਤਿੰਨ ਫੁੱਟ ਪਿੰਜਰੇ ਉਮਰਾਂ ਬੀਤੀਆਂ
ਨਾ ਅੱਕੇ ਨਾ ਥੱਕੇ
ਆਈ ਅਜਾਦੀ ਜਾਂ ਸਮਝੋਤਾ
ਪਏ ਫੇਰ ਵੀ ਧੱਕੇ
ਆਪ ਰੁਪਈਆਂ ਜੇਬ 'ਚ ਪਾਉਂਦੇ
ਜੰਨਤਾ ਲਈ ਚਵਾਨੀ
ਗਦਰੀ ਯੋਧਿਆਂ ਦੀ
ਕਿਓ ? ਰੋਲੋ ਕੁਰਬਾਨੀ
ਗਦਰੀ ਯੋਧਿਆਂ ਦੀ...
ਕਿਓ ? ਰੋਲੋ ਕੁਰਬਾਨੀ..।

ਹੋ ਆਗੇ ਕਾਲੇ ਤੁਰਗੇ ਚਿੱਟੇ...
ਬਈ ਆਗੇ ਕਾਲੇ ਤੁਰਗੇ ਚਿੱਟੇ...।
ਬੈਠੀ ਭਾਰਤ ਮਾਤਾ ਪਿੱਟੇ
ਅਸਲੀ ਵਾਰਸ ਤਾਂ ਜਾਨਾਂ ਵਾਰਗੇ
ਸੀਨੇ ਖਾ ਸਗੀਨਾਂ
ਕੀਹਨੇ ਮੋੜਨੀਆਂ
ਹੋਈਆਂ ਕੁਰਕ ਜ਼ਮੀਨਾਂ
ਕੀਹਨੇ ਮੋੜਨੀਆਂ... ?

**ਬਲਜਿੰਦਰ ਸੰਘਾ**
403-680-3212

# Shaheed Bhagat Singh 110th birthday commemorated at Kurukshetra

**Kavita Vidrohi**

Kurukshetra: On 110th Birthday of Shaheed Bhagat Singh commemorated at Kurukshetra under the banner of Jan SangharshManch Haryana, NirmanKary Mzdoor Misrti Union, MNREGA Mzdoor Union, Shaheed Bhagat Shingh Disha Manch, SOSD. A public meeting organised at the local Ramleela Ground Kurukshetra. Before the public meeting mass gathering paid floral tribute to Shaheed Bhagat Singh at Shaheed Bhagat Singh Disha Snsthan situated statue of Bhagat Singh. A march remembering Bhagat Singh, raising slogans like 'InquilabZindabad', 'Long Live BhagatSingh' , 'Long Live Socialist Revolution' moved across the roads of city Kurukshetra. March culminated into a public meeting at Ramleela Ground. Public meeting presided over by ShaheedBhagat Singh Disha Trust Senior member Dr.Lehna Singh.









Shaheed Bhagat Singh Disha Manch National Convener Shyam Sunder while speaking as the main speaker said that Bhagat Singh's aim was to establish the rule of workers by revolution ending the rule of Britishers but it unfortunate that his programme was not carried ahead after his martyrdom. Today even those who claim themselves as his followers they are presenting Bhagat Singh in a wrong way. Some are presenting Bhagat Singh as terrorist while others even leftists are naming Bhagat Singh as 'revolutionary terrorist'. Bhagat Singh had himself clarified that 'I am not a terrorist and if someone has taken me as terrorist please correct himself'. Bhagat Singh clearly put forth the programme of socialist revolution by the workers for the workers. He did not said that revolution can be done by a handful of people by some terrorist activities. So to brand Bhagat Singh as revolutionary terrorist is to kill his thoughts. Shyam Sunder further stated that in capitalistic system any government is just the managing committee of interests of capitalists and the change of government does not change the miserable lives of dalits, workers, women and oppressed class. Today to end communalism, casteist and religion based riots we will have to move ahead on the scientific ideology of Bhagat Singh. We will have to follow the revolutionary way as told by Bhagat Singh.

Speaking at public meeting Jan SangharshManch Haryana state President Phool Singh Gautam said that on one hand Modi government is raising slogans like ' betibchao, betipadhao', 'sbkasath, sabkavikas', 'ShrmaveJayte' , on the other hand the situation of dalits , women and workers is worsening day by day. Citing Una incident and other atrocities against women he said that the doings and sayings of Modi government are opposite to each other. By changing labour laws the exploitation of working class is increasing and Modiji is inviting foreign capitalist to exploit the workers more. Working class will have to get united on the thoughts of Shaheed Bhagat Singh abolishing the difference ofcaste and religion. He said that no divine power will come to make working class free from miseries rather they themselves will have to come forward and raise the banner of Bhagat Singh's Inquilab.

Addressing the mass gathering Jan Sangharsh Manch Haryana Vice-President Advocate SudeshKumari said that today the maker of all things is leading a miserable life. In the present capitalist democracy the working class which produces everything is devoid of basic needs of life. She put forth the resolution in favour of struggling Honda Tapukara workers. Referring to Honda workers she said that since last 19 September Honda Workers are on indefinite hunger strike, they are only demanding the reinstatement of suspended workers and withdrawing of false cases framed on them to suppress their justified demand. Workers are dying at their doors but Rajasthan government as well as Modi government is silent on this injustice. Recently Honda management of Tapukara plant had ousted nearly 3000 workers from the work. The mass gathering passed the resolution of full solidarity with Honda workers unanimously. And it was announced that Manch will fight shoulder to shoulder with Honda workers in their fight for justice.

Shaheed Bhagat Singh Disha Trust secretary Chander Rekha put light on the family background and revolutionary life of Shaheed-e-Aazam and said that we must also provide such atmosphere in our homes that our children may know Bhagat Singh and follow the path shown by him.

Karnail Singh, president NirmanKary Mazdoor Mistri Union said that governments give lollipops to workers in the form of different welfare schemes but when the workers demand the benefits of these scheme then the hollowness of these schemes comes before us. Workers are compelled to make rounds of offices. He said that the workers will have to understand that the way of their freedom from exploitation is only by getting united under unions and raising mass movements in light of thoughts of Bhagat Singh.

Students Organisation for Socialist Democracy {SOSD} convener Kavita Vidrohi said that today efforts are being made by ruling parties that thoughts of Bhagat Singh don't reach the masses. No doubt Bhagat Singh is presented as a Hero but plans are made to keep his thoughts out of reach of young generation. On one hand our Prime Minister Modiji pays tributes to Bhagat Singh, visits his ancestral home and offers flowers but on the hand announces from Red Fort that there is no need of becoming Bhagat Singh today. Actually the ruling class is afraid of thoughts of Bhagat Singh, they are afraid of that if young generation will follow the path of Bhagat Singh then their exploitation based heaven will be no more. She appealed to students and youths to take the responsibility of carrying forward the mission ofBhagat Singh.

NirmanKaryaMzdoorMistri Union leader BhagwatSwaroop said the real relatives of Bhagat Singh are those who will carry forward his mission so the need is to become his third relatives as said by Bhagat Singh. MNREGA Mzdoor Union leader SomNath said that whenever working class raises his voice against oppression and exploitation they are been supressed with batons and guns. Maruti workers in Haryana and Honda workers in Rajasthan are burning examples of it. Today not only the thoughts of Bhagat Singh are being presented in wrong ways in textbooks but even when the common masses try to establish statute of the great martyr Bhagat Singh they are stopped from doing it by different methods, this is what happened in a village called NandKarnMazra of Kaithal district in Haryana.

At the end of meeting Dr. Lehna Singh in his presidential speech presented revolutionary thanks to all the participants and said that the real tribute to Bhagat Singh is that we took an oath on this day of spreading the thoughts of Bhagat Singh to masses and work hard for realising his dream of socialist revolution. With revolutionary slogans the meeting ended with great revolutionary enthusiasm.


## ਭਾਅ ਜੀ ਵਿੱਚ ਜਿਉਂਦਾ ਭਗਤ ਸਿੰਘ

(ਸਫ਼ਾ 24 ਦੀ ਬਾਕੀ)

ਦੇ ਲੱਚਰ ਫਿਲਮਾਂ ਲਈ-ਲੱਚਰ ਫਿਲਮਾਂ ਲਈ।"

ਦਰਅਸਲ ਭਾਅ ਜੀ ਨੇ ਆਪਣੀ ਵਿਰਾਸਤ ਨਾਟ ਮੰਡਲੀਆਂ ਉਪਰ ਲੋਕਾਈ ਪ੍ਰਤੀ ਗੰਭੀਰ ਅਤੇ ਸੰਜੀਦਗੀ ਭਰਭੂਰ ਚੁਣੌਤੀਆਂ ਦੀਆਂ ਜ਼ੁੰਮੇਵਾਰੀਆਂ ਆਇਦ ਕੀਤੀਆਂ ਹਨ। ਭਾਅ ਜੀ ਅਨੁਸਾਰ ਨਾਟ ਕਲਾ ਤੇ ਇਨਕਲਾਬੀ ਫਲਸਫਾ ਮਹਿਜ਼ ਸਹੁਜ ਤ੍ਰਿਪਤੀ ਜਾਂ ਮੰਨੋਰੰਜਨ ਨਹੀਂ ਸਗੋ ਲੋਕ ਪੱਖੀ ਚੇਤਨਤਾ ਤੇ ਸੰਗਰਾਮਾ ਦੇ ਸੰਚਾਰ ਦਾ ਅਹਿਮ ਕਾਜ਼ ਹੈ। ਜੇ ਭਾਅ ਜੀ ਨੇ ਅੱਧੀ ਸਦੀ ਤੋਂ ਵੱਧ ਦਾ ਸਮਾਂ ਭਗਤ ਸਿੰਘ ਦੀ ਵਿਚਾਰਧਾਰਾ ਨਾਲ ਸੰਵਾਦ ਰਚਾਇਆ ਲੋਕਾਂ ਵਿੱਚ ਲਿਆਂਦਾ ਹੈ ਤਾਂ ਉਨ੍ਹਾਂ ਨੇ ਆਪਣੇ ਜਾਣ ਤੋਂ ਬਾਅਦ ਅਨੇਕਾਂ ਨਾਟ ਮੰਡਲੀਆਂ ਰਾਹੀਂ ਆਪਣੀ ਸੋਚ ਦੇ ਸੰਚਾਰ ਦੀ ਇਸ ਜ਼ੁਮੇਵਾਰੀ ਦਾ ਭਾਰ ਵੀ ਉਨ੍ਹਾਂ ਦੇ ਮੋਢਿਆ ਤੇ ਪਾਇਆ ਹੈ। ਤਾਂ ਜੋ ਇਹ ਨਾਟ ਮੰਡਲੀਆਂ ਆਉਣ ਵਾਲੇ ਕਈ ਦਹਾਕਿਆ ਤੱਕ ਇਨਕਲਾਬੀ ਜ਼ੁੰਮੇਵਾਰੀ ਲੈ ਕੇ ਤੁਰਨਾ। ਇਹ ਨਾਟ ਮੰਡਲੀਆ ਜ਼ੁੰਮੇ ਲੱਗਾ ਇਤਿਹਾਸਕ ਜ਼ੁਮੇਵਾਰੀਆਂ ਦਾ ਕਾਰਜ਼ ਹੈ ਜੋ ਉਹਨਾਂ ਕਰਨਾ ਹੈ। ਭਗਤ ਸਿੰਘ ਅਤੇ ਭਾਅ ਜੀ ਕੁਰਾਹੇ ਪੈ ਰਹੇ ਇਨ੍ਹਾਂ ਕਲਾਕਾਰਾਂ ਦੇ ਕਿਰਦਾਰਾਂ ਤੇ ਅੱਥਰੂ ਵਹਾ ਰਹੇ ਹਨ। ਬਿਲਕੁਲ ਉਸੇ ਤਰ੍ਹਾਂ ਜਿਵੇਂ ਭਾਅ ਜੀ ਨੇ ਇਸ ਅਖੌਤੀ ਆਜ਼ਾਦੀ ਦੇ ਮੰਜ਼ਰ ਤੱਕ ਕੇ ਵਹਾਏ ਸਨ। ਉਹ ਅੱਥਰੂ ਅੱਜ ਕਹਿ ਰਹੇ ਹਨ ਆਓ ਇਨ੍ਹਾਂ ਨੂੰ ਪੂੰਝਣ ਲਈ ਸੰਗਰਾਮੀ ਹੱਥ ਅੱਗੇ ਵਧਾਈਏ।

# ਅਮਰੀਕੀ ਲੋਕਤੰਤਰ ਦਾ ਸੱਚ ਕੀ ਹੈ !



ਦਰਬਾਰਾ ਸਿੰਘ ਕਾਹਲੋਂ



ਜਿਸ ਅਮਰੀਕੀ ਲੋਕਤੰਤਰ ਨੂੰ ਅਜੋਕੇ ਵਿਸ਼ਵ ਦਾ ਸਭ ਤੋਂ ਪੁਰਾਣਾ ਅਤੇ ਤਾਕਤਵਰ ਲੋਕਤੰਤਰ ਪ੍ਰਚਾਰਿਆ ਜਾਂਦਾ ਹੈ, ਜਿਸ ਅਮਰੀਕੀ ਲੋਕਤੰਤਰ ਨੂੰ ਸ਼ੁੱਧ ਲੋਕਤੰਤਰ ਵਜੋਂ ਇਸ ਦੇ ਪ੍ਰਧਾਨ ਰਹੇ ਆਬਰਾਹਮ ਲਿੰਕਨ ਦੇ ਇਸ ਮਸ਼ਹੂਰ ਕਥਨ ਕਿ ਲੋਕਤੰਤਰ ਲੋਕਾਂ ਦੁਆਰਾ, ਲੋਕਾਂ ਦੀ, ਲੋਕਾਂ ਲਈ ਸਰਕਾਰ ਹੁੰਦੀ ਹੈ, ਵਿਆਖਿਆ ਕੀਤੀ ਜਾਂਦੀ ਹੈ, ਹਕੀਕਤ ਵਿਚ ਅਤਿ ਦਰਜੇ ਦਾ ਅਸ਼ੁੱਧ ਅਤੇ ਛੱਲ-ਛਲੇਡਾ ਭਰਿਆ ਲੋਕਤੰਤਰ ਹੈ।

ਬਲਕਿ ਨਵੰਬਰ, 2016 ਨੂੰ ਹੋਣ ਜਾ ਰਹੀਆਂ ਅਮਰੀਕੀ ਪ੍ਰਧਾਨ ਦੀਆਂ ਚੋਣਾਂ ਵਿਚ ਪ੍ਰਧਾਨਗੀ ਪਦ ਦੀ ਉਮੀਦਵਾਰੀ ਲਈ ਪ੍ਰਾਇਮਰੀਆਂ ਵਿਚ ਚੋਣ ਲੜ ਰਿਹਾ ਉਮੀਦਵਾਰ ਬਰਨੀ ਸੈਂਡਰਜ਼ ਇਸ ਲੋਕਤੰਤਰ ਦੇ ਉੱਚੇ ਚਬੂਤਰੇ ਤੋਂ ਸੰਘ ਪਾੜ-ਪਾੜ ਕੇ ਦੁਹਾਈ ਸੁਣਿਆ ਗਿਆ। ਅਮਰੀਕੀ ਲੋਕਤੰਤਰ ਦੀ ਇਸ ਦੁਰਦਸ਼ਾ ਲਈ ਉਹ ਇਸ ਦੇ ਬੰਦ ਪ੍ਰਾਇਮਰੀਜ਼ ਸਿਸਟਮ ਨੂੰ ਜੁੰਮੇਵਾਰ ਠਹਿਰਾਉਂਦਾ ਹੈ, ਜੋ ਆਮ ਅਮਰੀਕੀ ਵੋਟਰਾਂ ਨੂੰ ਇੰਨਾਂ ਦੁਆਰਾ ਚੁਣੇ ਜਾਣ ਵਾਲੇ ਡੈਲੀਗੇਟਾਂ ਦੀ ਚੋਣ ਪ੍ਰਕ੍ਰਿਆ ਵਿਚ ਭਾਗ ਨਹੀਂ ਲੈਣ ਦਿੰਦਾ।

ਉਸ ਅਨੁਸਾਰ ਬੰਦ ਪ੍ਰਾਇਮਰੀਜ਼ ਉਤਸ਼ਾਹਿਤ ਅਜ਼ਾਦ ਵੋਟਰਾਂ ਨੂੰ ਵੋਟ ਪਾਉਣ ਦੇ ਮੁੱਢਲੇ ਅਧਿਕਾਰ ਤੋਂ ਵਾਂਝੇ ਰਖਦੀਆਂ ਹਨ ਅਤੇ ਉਨ੍ਹਾਂ ਨੂੰ ਡੈਮੋਕ੍ਰੈਟਿਕ ਚੋਣ ਸਿਸਟਮ ਵਿਚ ਸ਼ਾਮਿਲ ਹੋਣ ਸਬੰਧੀ ਨਿਰਉਤਸ਼ਾਹਿਤ ਕਰਦੀਆਂ ਹਨ। ਦੁਨੀਆਂ ਬਦਲ ਚੁੱਕੀ ਹੈ ਪਰ ਅਮਰੀਕੀ ਸਿਸਟਮ ਨਹੀਂ ਬਦਲ ਰਿਹਾ। ਸੱਚਾਈ ਇਹ ਹੈ ਕਿ ਬੰਦ ਪ੍ਰਾਇਮਰੀਜ਼ ਵੱਧ ਤੋਂ ਵੱਧ ਅਮਰੀਕੀਆਂ ਲਈ ਲੋਕਤੰਤਰ ਦੇ ਦਰਵਾਜ਼ੇ ਬੰਦ ਕਰ ਰਹੀਆਂ ਹਨ। ਰਾਜਨੀਤਕ ਪਾਰਟੀਆਂ ਹੱਥੋਂ ਨਕਾਰੇ ਲੋਕ ਸ਼ਰਮ ਮਹਿਸੂਸ ਕਰਦੇ ਲੋਕਤੰਤਰ ਤੋਂ ਦੂਰ ਹੋ ਰਹੇ ਹਨ।

ਚਾਰਲਸ ਸ਼ੁਮਰ ਦਾ ਇਸ ਸਿਸਟਮ ਬਾਰੇ ਕਹਿਣਾ ਹੈ, "ਕਲੋਜ਼ਡ ਪ੍ਰਾਇਮਰੀਜ਼ ਅਮਰੀਕੀ ਸਿਸਟਮ ਨੂੰ ਜ਼ਹਿਰੀਲਾ ਬਣਾਉਂਦੀਆਂ ਹਨ ਅਤੇ ਇਸ ਦਾ ਕੁਦਰਤੀ ਸੰਤੁਲਨ ਲਪੇਟੇ ਵਿਚ ਰਖ ਰਹੀਆਂ ਹਨ।" ਇਹ ਸਿਸਟਮ ਅਮਰੀਕੀ ਲੋਕਤੰਤਰੀ ਸਿਸਟਮ ਨੂੰ ਇਕ ਵਿਸ਼ੇਸ਼ ਵਰਗ ਦੇ ਲੋਕਤੰਤਰ ਵਜੋਂ ਸਥਾਪਿਤ ਕਰਦਾ ਹੈ ਜਿਸਦੀ ਮਿਸਾਲ ਜਾਰਜ ਓਰਵੈੱਲ ਦੇ 'ਐਨੀਮਲ ਫਾਰਮ' ਵਿਚੋਂ ਵਧੀਆ ਮਿਲਦੀ ਹੈ, ਜਿਸ ਵਿਚ ਉਹ ਲਿਖਦੇ ਹਨ, "ਸਭ ਜਾਨਵਰ ਬਰਾਬਰ ਹੁੰਦੇ ਹਨ ਪਰ ਕੁਝ ਜਾਨਵਰ ਦੂਸਰਿਆਂ ਨਾਲੋਂ ਵੱਧ ਬਰਾਬਰ ਹੁੰਦੇ ਹਨ।"

ਇਸ ਸਮੇਂ ਨਵੰਬਰ, 2016 ਨੂੰ ਪ੍ਰਧਾਨਗੀ ਪਦ ਲਈ ਹੋਰਨਾਂ ਤੋਂ ਇਲਾਵਾ ਦੋ ਪ੍ਰਮੁੱਖ ਉਮੀਦਵਾਰ ਦੋ ਪ੍ਰਮੁੱਖ ਪਾਰਟੀਆਂ ਵੱਲੋਂ ਮੈਦਾਨ ਵਿਚ ਹਨ। ਡੈਮੋਕ੍ਰੈਟਿਕ ਪਾਰਟੀ ਹਿਲੇਰੀ ਕਲਿੰਟਨ ਅਤੇ ਰਿਪਬਲਕਿਨ ਪਾਰਟੀ ਵੱਲੋਂ ਡੋਨਾਲਡ ਟਰੰਪ।

ਦਰਅਸਲ ਅਮਰੀਕਾ ਅੰਦਰ ਪ੍ਰਮੁੱਖ ਤੌਰ 'ਤੇ ਦੋ ਰਾਜਨੀਤਕ ਪਾਰਟੀਆਂ, ਡੈਮੋਕ੍ਰੈਟਿਕ ਅਤੇ ਰਿਪਬਲੀਕਨ ਆਪੋ-ਆਪਣੇ ਪ੍ਰਧਾਨਗੀ ਪਦ ਲਈ ਉਮੀਦਵਾਰ ਚੁਣਨ ਲਈ (ੳ) ਓਪਨ ਪ੍ਰਾਇਮਰੀਜ਼ (ਅ) ਬੰਦ ਪ੍ਰਾਇਮਰੀਜ਼ (ੲ) ਓਪਨ ਕਾਕਸ (ਸ) ਬੰਦ ਕਾਕਸ ਸਿਸਟਮ ਦਾ ਸਹਾਰਾ ਲੈਂਦੀਆਂ ਹਨ। ਅਮਰੀਕਾ ਵਿਚ ਹੋਰ ਵੀ ਕਾਫੀ ਰਾਜਨੀਤਕ ਪਾਰਟੀਆਂ ਹਨ। ਸੰਨ 1980 ਤੋਂ ਤੀਸਰੀ ਰਾਜਨੀਤਕ ਪਾਰਟੀ ਵਜੋਂ ਗਰੀਨ ਪਾਰਟੀ ਉੱਭਰੀ ਹੈ। ਇਸ ਤੋਂ ਇਲਾਵਾ ਪ੍ਰਮੁੱਖ ਹਨ ਸੰਨ 1971 ਵਿਚ ਸਥਾਪਿਤ ਹੋਈ ਲਿਬਰਟੇਰੀਅਨ ਪਾਰਟੀ, ਵਰਕਰਜ਼ ਵਰਲਡ ਪਾਰਟੀ, ਅਮਰੀਕਨ ਪਾਰਟੀ, ਰਿਫਾਰਮ ਪਾਰਟੀ, ਅਮਰੀਕਾ ਅਜ਼ਾਦ ਪਾਰਟੀ, ਸੰਵਿਧਾਨਿਕ ਪਾਰਟੀ ਵਗੈਰਾ, ਵਗੈਰਾ। ਪਰ ਇਹ ਬਹੁਤ ਛੋਟੀਆਂ ਅਤੇ ਰਾਜਨੀਤਕ ਤੌਰ ਪ੍ਰਭਾਵਹੀਨ ਪਾਰਟੀਆਂ ਹਨ। ਇਸ ਤੋਂ ਇਲਾਵਾ ਅਜ਼ਾਦ ਉਮੀਦਵਾਰ ਵਜੋਂ ਪ੍ਰਧਾਨਗੀ ਪਦ ਦੀ ਚੋਣ ਵੀ ਲੜੀ ਜਾਂਦੀ ਹੈ।

ਅਮਰੀਕਾ ਦੇ 50 ਪ੍ਰਾਂਤਾਂ ਵਿਚ ਚੋਣ ਪ੍ਰਕ੍ਰਿਆ ਦਾ ਵੱਖ-ਵੱਖ ਢੰਗ ਹੈ। ਓਪਨ ਪ੍ਰਾਇਮਰੀਜ਼ ਵਿਚ ਵੋਟਿੰਗ ਵਾਲੇ ਦਿਨ ਪਾਰਟੀ ਡੈਲੀਗੇਟ ਚੁਣਨ ਲਈ ਵੋਟਰ ਨੂੰ ਖੁੱਲ੍ਹ ਹੁੰਦੀ ਹੈ। ਪਰ ਕਲੋਜ਼ਡ ਪ੍ਰਾਇਮਰੀ ਵਿਚ ਹਮਾਇਤੀ ਵੋਟਰਾਂ ਨੂੰ ਪਾਰਟੀ ਨਾਲ ਰਜਿਸਟਰ ਹੋਣਾ ਪੈਂਦਾ ਹੈ। ਵੋਟਿੰਗ ਵਾਲੇ ਦਿਨ ਸਿਰਫ਼ ਰਜਿਸਟਰਡ ਵੋਟਰ ਹੀ ਡੈਲੀਗੇਟ ਨੂੰ ਵੋਟ ਪਾ ਸਕਦੇ। ਵੋਟ ਦਾ ਅਧਿਕਾਰ ਖੁੱਲ੍ਹਾ ਹੋਣ ਬਾਰੇ ਪਾਰਟੀਆਂ ਇਹ ਸਮਝਦੀਆਂ ਹਨ ਕਿ ਇਸ ਪ੍ਰਕ੍ਰਿਆ ਵਿਚ ਵਿਰੋਧੀ ਪਾਰਟੀ ਦੇ ਹਮਾਇਤੀ, ਵਿਰੋਧੀ ਪਾਰਟੀ ਦੇ ਕਮਜ਼ੋਰ ਉਮੀਦਵਾਰ ਦੇ ਡੈਲੀਗੇਟ ਨੂੰ ਪਾਲਾ ਬਦਲ ਵੋਟ ਪਾ ਕੇ ਤਕੜੇ ਉਮੀਦਵਾਰ ਨੂੰ ਹਰਾਉਣ ਦਾ ਯਤਨ ਕਰਦੇ ਹਨ। ਮਿਸਾਲ ਵਜੋਂ ਰਿਪਬਲੀਕਨ ਹਮਾਇਤੀਆਂ ਵਲੋਂ ਆਪਣੀ ਪਾਰਟੀ ਦੀ ਥਾਂ ਪਾਲਾ ਬਦਲ ਕੇ ਕਮਜ਼ੋਰ ਡੈਮੋਕ੍ਰੈਟਿਕ ਪਾਰਟੀ ਦੇ ਉਮੀਦਵਾਰ ਦੀ ਹਮਾਇਤ ਕਰਨੀ। ਇਹ ਰਾਜਨੀਤਕ ਸ਼ਰਾਰਤ ਰੋਕਣ ਲਈ ਬੰਦ ਪ੍ਰਾਇਮਰੀਜ਼ ਨੂੰ ਤਰਜੀਹ ਦਿਤੀ ਜਾਂਦੀ ਹੈ।

ਪਰ ਕਾਰਪੋਰੇਟ ਘਰਾਣਿਆਂ, ਸਥਾਪਿਤ ਨਿਜ਼ਾਮ ਅਤੇ ਬਾਹੂਬਲੀਆਂ ਦੀ ਹਮਾਇਤ ਰਖਣ ਵਾਲੇ ਉਮੀਦਵਾਰ ਇਸ ਪ੍ਰਕ੍ਰਿਆ ਦਾ ਵੱਡਾ ਦੁਰਉਪਯੋਗ ਕਰਕੇ ਲੋਕਤੰਤਰੀ ਸਿਸਟਮ ਨੂੰ ਅਪੰਗ ਬਣਾ ਕੇ ਤਾਨਾਸ਼ਾਹੀ ਸਥਾਪਿਤ ਕਰਦੇ ਹਨ। ਮਿਸਾਲ ਵਜੋਂ ਅਪ੍ਰੈਲ, 2016 ਵਿਚ ਨਿਊਯਾਰਕ ਪ੍ਰਾਂਤ ਵਿਚ ਡੈਲੀਗੇਟ ਚੋਣਾਂ ਸਮੇਂ ਤਾਕਤਵਰ ਉਮੀਦਵਾਰਾਂ ਨੇ ਚੋਣਾਂ ਸਮੇਂ ਤਾਨਾਸ਼ਾਹ ਢੰਗ ਨਾਲ ਹੇਰਾ-ਫੇਰੀ ਕੀਤੀ। ਇੰਨਾਂ ਚੋਣਾਂ ਵਿਚ ਡੈਮੋਕ੍ਰੈਟਿਕ ਪਾਰਟੀ ਦੀ ਤਾਕਤਵਰ ਉਮੀਦਵਾਰ ਸਾਬਕਾ ਪ੍ਰਧਾਨ ਬਿਲ ਕਲਿੰਟਨ ਦੀ ਪਤਨੀ ਅਤੇ ਗ੍ਰਹਿ ਸਕੱਤਰ (ਮੰਤਰੀ) ਰਹੀ ਹਿਲੇਰੀ ਕਲਿੰਟਨ ਅਤੇ ਰਿਪਬਲੀਕਨ ਪਾਰਟੀ ਦੇ ਧਨਾਢ ਉਮੀਦਵਾਰ ਡੋਨਾਲਡ ਟਰੰਪ ਜਿੱਤੇ।

ਡੈਮੋਕ੍ਰੈਟਿਕ ਉਮੀਦਵਾਰ ਹਿਲੇਰੀ ਕਲਿੰਟਨ ਦਾ ਮੁੱਖ ਮੁਕਾਬਲਾ ਪਾਰਟੀ ਦੇ ਦੂਸਰੇ ਪ੍ਰਮੁੱਖ ਉਮੀਦਵਾਰ ਬਰਨੀ ਸੈਂਡਰਜ਼ ਨਾਲ ਸੀ ਜਿਸ ਨੂੰ ਆਮ ਲੋਕਾਂ, ਨੌਜਵਾਨਾਂ, ਕਿਰਤੀਆਂ, ਪਛੜਿਆਂ ਦੀ ਸੋਸ਼ਲ ਡੈਮੋਕ੍ਰੈਟ ਹੋਣ ਕਰਕੇ ਇਨਕਲਾਬੀ ਹਮਾਇਤ ਪ੍ਰਾਪਤ ਸੀ। ਉਹ ਚਾਹੁੰਦਾ ਹੈ ਕਿ ਕਿਰਤੀ ਦੀ ਘੱਟੋ-ਘੱਟ ਉਜਰਤ ਪ੍ਰਤੀ ਘੰਟਾ 15 ਡਾਲਰ ਹੋਵੇ, ਹਰ ਵਿਅਕਤੀ ਕੋਲ ਕਰਜ਼ਾ ਮੁਕਤ ਮਕਾਨ ਹੋਵੇ, ਕੌਮਾਂਤਰੀ ਜਨਤਕ ਵਿਰੋਧੀ ਵਪਾਰਕ ਸੰਧੀਆਂ ਰੱਦ ਹੋਣ, ਫਰੈਕਿੰਗ ਸਿਸਟਮ ਤੇ ਪਾਬੰਦੀ ਲਗੇ।

ਨਿਊਯਾਰਕ ਪ੍ਰਾਂਤ ਦੀਆਂ ਪ੍ਰਾਇਮਰੀ ਚੋਣਾਂ ਬਹੁਤ ਮਹੱਤਵ ਰਖਦੀਆਂ ਹਨ ਜਿਵੇਂ ਕਿ ਸ਼ਿਕਾਗੋ, ਸਾਨਫਰਾਂਸਿਸਕੋ ਆਦਿ। ਨਿਊਯਾਰਕ ਅਮਰੀਕਾ ਦੀ ਵਿੱਤੀ, ਵਪਾਰਕ ਅਤੇ ਸਭਿਆਚਾਰਕ ਰਾਜਧਾਨੀ ਵਜੋਂ ਜਾਣੀ ਜਾਂਦੀ ਹੈ ਜਿਵੇਂ ਭਾਰਤ ਅੰਦਰ ਮੁੰਬਈ (ਮਹਾਂਰਾਸ਼ਟਰ) ਇਸ ਦੀ ਅਬਾਦੀ ਜੋ ਕਰੀਬ ਦੋ ਕਰੋੜ ਹੈ ਜਿਸ ਵਿਚੋਂ ਨਿਊਯਾਰਕ ਸ਼ਹਿਰ ਦੀ 84 ਲੱਖ ਹੈ, ਯੂਰਪ ਦੇ ਕਈ ਦੇਸ਼ਾਂ ਜਿਵੇਂ ਡੈਨਮਾਰਕ, ਅਸਟਰੀਆ, ਨਾਰਵੇ, ਫਿਨਲੈਂਡ, ਸਵਿਟਜ਼ਰਲੈਂਡ ਅਤੇ ਸਵੀਡਨ ਆਦਿ ਨਾਲੋਂ ਵੱਧ ਹੈ, ਚੋਣ ਬੈਰੋਮੀਟਰ ਵਿਚ ਵੱਡਾ ਰੋਲ ਅਦਾ ਕਰਦੀ ਹੈ।

ਇਸ ਦੀਆਂ ਚੋਣਾਂ ਵਿਚ ਵੱਡੀ ਘੱਪਲੇਬਾਜ਼ੀ ਹੋਈ। ਸਾਰੇ ਵਿਸ਼ਵ ਵਿਚ ਅਮਰੀਕੀ ਲੋਕਤੰਤਰ ਦਾ ਜਨਾਜ਼ਾ ਨਿਕਲਿਆ। ਇੰਨਾਂ ਪ੍ਰਾਇਮਰੀਆਂ ਵਿਚ ਸਿਰਫ 19.7 ਪ੍ਰਤੀਸ਼ਤ ਰਜਿਸਟਰਡ ਨਿਊਯਾਰਕਰ ਵੋਟਰਾਂ ਨੇ ਆਪਣੇ ਮੱਤ ਅਧਿਕਾਰ ਦੀ ਵਰਤੋਂ ਕੀਤੀ ਜੋ ਲੁਸਿਆਨਾ ਰਾਜ ਬਾਅਦ ਸਭ ਤੋਂ ਘੱਟ ਸਨ। ਕਿੰਗਜ਼ ਕਾਊਂਟੀ ਬੋਰਡ ਆੱਫ ਇਲੈਕਸ਼ਨ ਦੇ ਅਧਿਕਾਰੀਆਂ ਬਰੁੱਕਲਿਨ ਸਬੰਧਿਤ 126,000 ਰਜਿਸਟਰਡ ਡੈਮੋਕ੍ਰੈਟ ਵੋਟਰਾਂ ਦੇ ਨਾਮ ਹੀ ਗਾਇਬ ਕਰ ਦਿਤੇ। ਇਸ ਘਪਲੇ ਤੇ ਪਰਦਾ ਪਾਉਣ ਲਈ ਸਬੰਧਿਤ ਉੱਚ ਅਧਿਕਾਰੀ ਨੂੰ ਮੁਅੱਤਲ ਕਰ ਦਿਤਾ।

ਹੈਰਾਨਗੀ ਇਸ ਗੱਲ ਦੀ ਵੀ ਹੈ ਕਿ ਬਲਸ਼ਾਲੀ ਡੈਮੋਕ੍ਰੈਟ ਪਾਰਟੀ ਉਮੀਦਵਾਰ ਦੀ ਬੜੀ ਬੇਸ਼ਰਮੀ ਨਾਲ ਉਘੇ ਮੀਡੀਆ ਘਰਾਣੇ ਅਤੇ ਅਖ਼ਬਾਰ ਵਲੋਂ ਖੁੱਲ੍ਹੇਆਮ ਪੱਤਰਕਾਰੀ ਦੇ ਸਿਧਾਂਤਾਂ ਅਤੇ ਖਾਸ ਕਰਕੇ ਨਿਰਪੱਖਤਾ ਨੂੰ ਛਿੱਕੇ 'ਤੇ ਟੰਗ ਕੇ ਮਦਦ ਕੀਤੀ ਗਈ। ਮੁੱਖ ਮਕਸਦ ਉੱਭਰਦੇ ਲੋਕਪ੍ਰਿਆ ਡੈਮੋਕ੍ਰੈਟ ਉਮੀਦਵਾਰ ਬਰਨੀ ਸੈਂਡਰਜ਼ ਨੂੰ ਹਰਾਉਣਾ ਸੀ। ਉਸ ਦੇ ਅਜ਼ਾਦ ਹਮਾਇਤੀਆਂ ਨੂੰ ਇਸ ਚੋਣ ਪ੍ਰਕ੍ਰਿਆ ਨੇੜੇ ਢੁੱਕਣ ਨਹੀਂ ਦਿਤਾ।

ਇਵੇਂ ਹੀ ਰਿਪਬਲੀਕਨ ਪਾਰਟੀ ਦੇ ਨਸਲਪ੍ਰਸਤ, ਜੰਗਬਾਜ਼, ਵਿਸ਼ਵ ਅੰਦਰ ਅਮਰੀਕੀ ਥਾਣੇਦਾਰੀ ਦੇ ਅਲੰਬਰਦਾਰ ਧਨਾਢ ਉਮੀਦਵਾਰ ਡੋਨਾਲਡ ਟਰੰਪ ਨੇ ਟੈਕਸਾਸ ਦੇ ਸੈਨੇਟਰ ਉਮੀਦਵਾਰ ਟੈੱਡ ਕਰੂਜ਼ ਅਤੇ ਓਹੀਓ ਦੇ ਗਵਰਨਰ ਰਿਪਬਲੀਕਨ ਉਮੀਦਵਾਰ ਜੋਹਨ ਕਾਸਿਚ ਨੂੰ ਨਿਊਯਾਰਕ ਦੀਆਂ ਪ੍ਰਾਇਮਰੀਜ਼ ਵਿਚ ਢੇਰ ਕਰ ਦਿਤਾ। ਵਿਸ਼ਵ ਭਰ ਦੇ ਲੋਕਾਂ ਨੂੰ ਅਮਰੀਕੀ ਲੋਕਤੰਤਰ ਬਾਰੇ ਅਤੇ ਇਸ ਦੇ ਤਾਕਤਵਰ, ਤਾਨਾਸ਼ਾਹ, ਸਾਮਰਾਜਵਾਦੀ ਅਤੇ ਸਰਮਾਏਦਾਰ ਜਾਲਮ ਨਿਜ਼ਾਮ ਦੇ ਸਿਸਟਮ ਬਾਰੇ ਜਾਨਣ ਦੀ ਅਤਿ ਲੋੜ ਜਿਸ ਵਿਚੋਂ ਆਮ ਬਹੁਗਿਣਤੀ ਵੋਟਰਾਂ ਨੂੰ ਮਨਫੀ ਕੀਤਾ ਗਿਆ ਹੈ।

ਪ੍ਰਧਾਨ ਦੀ ਚੋਣ ਵਿਚ ਆਮ ਅਮਰੀਕੀ ਵੋਟਰਾਂ ਦਾ ਕੋਈ ਰੋਲ ਨਹੀਂ ਹੁੰਦਾ। ਪ੍ਰਾਇਮਰੀਆਂ ਵਿਚ ਰਾਜਨੀਤਕ ਪਾਰਟੀਆਂ ਦੇ ਸਿਰਫ਼ ਪ੍ਰਮੁੱਖ ਹਮਾਇਤੀ ਕੌਮ ਸਾਹਮਣੇ ਉਮੀਦਵਾਰ ਪ੍ਰਸਤੁੱਤ ਕਰ ਦਿੰਦੇ ਹਨ।

ਵੱਖ ਰਾਜਾਂ ਵਿਚ ਮਸਾਂ 20-25 ਪ੍ਰਤੀਸ਼ਤ ਯੋਗ ਮੱਤਦਾਤਾ ਅਗਲੇ ਪ੍ਰਧਾਨਗੀ ਪਦ ਦੇ ਵੱਖ-ਵੱਖ ਪਾਰਟੀਆਂ ਦੇ ਉਮੀਦਵਾਰਾਂ ਵਿਚੋਂ ਚੋਣ ਕਰਨ ਲਈ ਆਪਣੇ ਵੋਟ ਅਧਿਕਾਰ ਦੀ ਵਰਤੋਂ ਕਰਦੇ ਹਨ।

ਜੋ ਵੋਟਰ ਟੈਲੀਵਿਜ਼ਨ ਡਿਬੇਟ, ਸੋਸ਼ਲ ਮੀਡੀਆ, ਉਮੀਦਵਾਰ ਦੇ ਵਿਚਾਰਾਂ, ਪ੍ਰੋਗਰਾਮਾਂ, ਭਵਿੱਖੀ ਯੋਜਨਾਵਾਂ ਤੋਂ ਪ੍ਰਾਪਤ ਜਾਣਕਾਰੀ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਫਾਦਾਰੀ ਬਦਲਣਾ ਚਾਹੁੰਦੇ ਹਨ ਜਾਂ ਉੱਤਮ ਉਮੀਦਵਾਰ ਦੀ ਹਮਾਇਤ ਕਰਨਾ ਚਾਹੁੰਦੇ ਹਨ, ਅਜੋਕੇ ਅਮਰੀਕੀ ਚੋਣ ਸਿਸਟਮ ਵਿਚ ਹਿੱਸਾ ਲੈਣ ਤੋਂ ਵਾਂਝੇ ਕਰ ਦਿਤੇ ਜਾਂਦੇ ਹਨ। ਸਿਰਫ਼ ਪਾਰਟੀ ਕਾਰਡ ਰਖਣ ਵਾਲਿਆਂ ਨੂੰ ਆਗਿਆ ਦਿਤੀ ਜਾਂਦੀ ਹੈ। ਭਾਵ ਅਜ਼ਾਦ ਖਿਆਲਾਂ ਵਾਲੇ ਵੋਟਰ ਚੋਣ ਪ੍ਰਕ੍ਰਿਆ ਤੋਂ ਤਕਨੀਕੀ ਤੌਰ 'ਤੇ ਲਾਂਭੇ ਕਰ ਦਿਤੇ ਜਾਂਦੇ ਹਨ।

ਬੰਦ ਪ੍ਰਾਇਮਰੀਜ਼ ਦਰਅਸਲ ਅਮਰੀਕਾ ਦੀ ਬੰਦ ਡੈਮੋਕ੍ਰੇਸੀ, ਬੰਦ ਰਾਜਨੀਤਕ ਅਤੇ ਪ੍ਰਸਾਸ਼ਨਿਕ ਸਭਿਆਚਾਰ ਤਾਕਤਵਰ ਹਥਿਆਰ ਹਨ। ਅਮਰੀਕੀ ਲੋਕ ਅਜੋਕੇ ਅਮਰੀਕੀ ਸਰਮਾਏਦਾਰ, ਕਾਰਪੋਰੇਟ ਘਰਾਣਿਆਂ ਦੁਆਰਾ ਸੋਸ਼ਤ, ਤਾਕਤਵਰ ਫੌਜੀ ਅਤੇ ਪ੍ਰਸਾਸ਼ਨਿਕ ਤਾਨਾਸ਼ਾਹ, ਜੰਗਬਾਜ਼, ਬਦਇੰਤਜ਼ਾਮ ਅਤੇ ਭ੍ਰਿਸ਼ਟਾਚਾਰ ਨਿਜ਼ਾਮ ਤੋਂ ਨਿਜ਼ਾਤ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਇਸ ਨਿਜ਼ਾਮ ਦੀ ਬੰਦ ਚੋਣ ਪ੍ਰਕ੍ਰਿਆ ਵਿਚ ਭਾਗ ਹੀ ਨਹੀਂ ਲੈਣ ਦਿਤਾ ਜਾਂਦਾ।

ਅਜੋਕਾ ਅਮਰੀਕੀ ਨਿਜ਼ਾਮ ਕਾਇਮ ਰਖਣ ਲਈ ਡੈਮੋਕ੍ਰੈਟਿਕ ਪਾਰਟੀ ਦੇ ਸੁਪਰ ਡੈਲੀਗੇਟ ਜਿੰਨਾਂ ਦੀ ਗਿਣਤੀ 15 ਪ੍ਰਤੀਸ਼ਤ ਹੈ ਅਤੇ ਜਿੰਨਾਂ ਵਿਚ ਮੈਂਬਰ ਨੈਸ਼ਨਲ ਕਮੇਟੀ, ਸਾਰੇ ਪਾਰਟੀ ਕਾਂਗਰਸ ਮੈਂਬਰ, ਗਵਰਨਰ, ਸਾਬਕਾ ਪ੍ਰਧਾਨ, ਉਪ ਪ੍ਰਧਾਨ, ਸੈਨੇਟ ਅਤੇ ਹਾਊਸ ਦੇ ਸਾਬਕਾ ਆਗੂ, ਸਾਬਕਾ ਨੈਸ਼ਨਲ ਕਮੇਟੀ ਮੁੱਖੀ ਸ਼ਾਮਿਲ ਹੁੰਦੇ ਹਨ। ਇਵੇਂ ਹੀ ਰਿਪਬਲੀਕਨ ਪਾਰਟੀ ਦੇ ਹਰ ਪ੍ਰਾਂਤ ਦੀ ਰਾਸ਼ਟਰੀ ਕਮੇਟੀ ਦੇ ਤਿੰਨ-ਤਿੰਨ ਮੈਂਬਰ ਸੁਪਰ ਡੈਲੀਗੇਟ ਹੁੰਦੇ ਹਨ। ਇਹ ਸੁਪਰ ਡੈਲੀਗੇਟ ਮਨਪਸੰਦ ਤਾਕਤਵਰ ਉਮੀਦਵਾਰ ਦੀ ਚੋਣ ਵਿਚ ਅਤਿ ਮਹੱਤਵਪੂਰਨ ਰੋਲ ਅਦਾ ਕਰਦੇ ਹਨ। ਦੋਹਾਂ ਪ੍ਰਮੁੱਖ ਅਮਰੀਕੀ ਰਾਜਨੀਤਕ ਪਾਰਟੀਆਂ ਦੇ ਰਾਜਨੀਤਕ ਉਦੇਸ਼ਾਂ, ਭਵਿੱਖੀ ਪ੍ਰੋਗਰਾਮਾਂ ਅਤੇ ਰਾਜਨੀਤਕ ਸਭਿਆਚਾਰ ਵਿਚ ਕੋਈ ਫ਼ਰਕ ਨਹੀਂ ਹੈ।

ਜਿਸ ਰਾਜਨੀਤਕ, ਤਾਨਾਸ਼ਾਹ, ਸਰਮਾਏਦਾਰ, ਬਸਤਵਾਦੀ ਜੰਗਬਾਜ਼, ਮਾਨਵ ਅਧਿਕਾਰਾਂ ਦੇ ਘਾਤੀ, ਭ੍ਰਿਸ਼ਟ ਨਿਜ਼ਾਮ ਦਾ ਅਮਰੀਕਾ ਅੰਦਰ ਬੋਲਬਾਲਾ ਹੈ ਅਤੇ ਜਿਸ ਦੀ ਕਰੀਬ 36 ਕਰੋੜ ਅਮਰੀਕੀਆਂ ਤੇ ਪੀਢੀ ਜਕੜ ਕਾਇਮ ਹੈ ਕੀ ਇਹ ਉੱਤਰੀ ਕੋਰੀਆ, ਅਰਬ ਤਾਨਾਸ਼ਾਹ ਅਤੇ ਫੌਜੀ ਜਾਂ ਨਸਲਵਾਦੀ-ਕੱਟੜਵਾਦੀ ਨਿਜ਼ਾਮਾਂ ਨਾਲੋਂ ਅਲੱਗ ਹੈ? ਕੀ ਅਮਰੀਕਾ ਅੰਦਰ ਲੋਕਾਂ ਦੁਆਰਾ, ਲੋਕਾਂ ਦੀ, ਲੋਕਾਂ ਲਈ ਸਰਕਾਰ ਚੁਣਨ ਦਾ ਲੋਕਾਂ ਨੂੰ ਅਧਿਕਾਰ ਹੈ? ਅਮਰੀਕੀ ਲੋਕਤੰਤਰ ਇਕ ਕਪਟ ਭਰੇ ਛੱਲ-ਛਲੇਡੇ ਸਿਸਟਮ ਨਾਲ ਲਬਰੇਜ਼ ਜਨ ਵਿਰੋਧੀ ਨਿਜ਼ਾਮ ਹੈ।

ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ।
ਕੈਂਪਬੈਲਫੋਰਡ, ਕੈਨੇਡਾ।
001-905-910-1124



# ਪੰਜਾਬ ਦੀ ਵਿਦਿਆਰਥੀ ਲਹਿਰ ਦੇ ਇਤਿਹਾਸ ਦਾ ਸ਼ਾਨਾਮੱਤਾ ਪੰਨਾ

ਅਕਤੂਬਰ 1972 ਵਿੱਚ ਪੰਜਾਬ ਦੇ ਸ਼ਹਿਰ ਮੋਗੇ ਵਿਖੇ ਇੱਕ ਅਜਿਹਾ ਗੋਲ਼ੀ ਕਾਂਡ ਵਾਪਰਿਆ ਜਿਸਨੇ ਉਸ ਵੇਲ਼ੇ ਪੰਜਾਬ ਦੀ ਲੋਕਾਈ ਦੇ ਗੁੱਸੇ ਤੇ ਨਫ਼ਰਤ ਨੂੰ ਲਾਵੇ ਦੇ ਰੂਪ ਵਿੱਚ ਫੁੱਟਣ ਦਾ ਮੌਕਾ ਦਿੱਤਾ ਤੇ ਸਮੁੱਚੇ ਸੂਬੇ ਵਿੱਚ ਇਨਕਲਾਬੀ ਊਰਜਾ ਦਾ ਸੰਚਾਰ ਕੀਤਾ। ਇਸ ਕਾਂਡ ਨੇ ਪੰਜਾਬ ਵਿੱਚ ਨਵੇਂ ਸਿਰਿਓਂ ਨਾ ਸਿਰਫ਼ ਵਿਦਿਆਰਥੀ ਲਹਿਰ ਦੇ ਜਥੇਬੰਦ ਹੋਣ ਦਾ ਮੁੱਢ ਬੰਨ੍ਹਿਆ ਸਗੋਂ ਇਸਤੋਂ ਵੀ ਅੱਗੇ ਵਧ ਕੇ ਇਸਨੇ ਪੰਜਾਬ ਦੇ ਨੌਜਵਾਨਾਂ, ਕਿਰਤੀਆਂ, ਕਿਸਾਨਾਂ ਤੇ ਮੁਲਾਜ਼ਮਾਂ ਨੂੰ ਵੀ ਜਥੇਬੰਦ ਲਹਿਰਾਂ ਦੇ ਰੂਪ ਵਿੱਚ ਉੱਭਰਨ ਵਿੱਚ ਮਦਦ ਕੀਤੀ। ਆਪਣੀ ਇਸੇ ਅਹਿਮ ਮਹੱਤਤਾ ਕਾਰਨ ਇਹ ਅੱਜ ਵੀ ਨਾ ਸਿਰਫ਼ ਪੰਜਾਬ ਦੇ ਵਿਦਿਆਰਥੀਆਂ ਸਗੋਂ ਸਮੁੱਚੀ ਜੁਝਾਰੂ ਲੋਕਾਈ ਲਈ ਪ੍ਰੇਰਨਾ ਦਾ ਸੋਮਾ ਬਣਿਆ ਹੋਇਆ ਹੈ। ਇਸ ਘਟਨਾ ਨੂੰ ਅੱਜ 43 ਸਾਲ ਦਾ ਸਮਾਂ ਬੀਤ ਚੁੱਕਾ ਹੈ, ਇਸ ਲਈ ਅੱਜ ਨਵੀਂ ਪੀੜੀ ਨੂੰ ਇਸ ਮਹਾਨ ਵਿਰਸੇ ਤੋਂ ਜਾਣੂ ਕਰਵਾਉਣ ਲਈ ਇਸਦੀ ਚਰਚਾ ਕਰਨ ਦੀ ਅਹਿਮ ਲੋੜ ਹੈ।

ਮੋਗਾ ਗੋਲ਼ੀ ਕਾਂਡ ਦੇ ਨਾਮ ਨਾਲ਼ ਜਾਣਿਆ ਜਾਂਦਾ ਇਹ ਸੁਰਖ਼ ਪੰਨਾ ਉਸ ਵੇਲ਼ੇ ਮੋਗੇ ਵਿਖੇ ਚਲਦੇ ਰੀਗਲ ਸਿਨੇਮੇ ਨਾਲ਼ ਜੁੜਿਆ ਹੋਇਆ ਹੈ। ਇਸ ਸਿਨੇਮਾ ਦਾ ਮਾਲਕ ਇੱਕ ਤਕੜੀ ਆਰਥਿਕ ਹੈਸੀਅਤ ਵਾਲ਼ਾ ਸੀ ਜਿਸਦੇ 82 ਸਿਨੇਮਾ ਚਲਦੇ ਸਨ। ਇਸ ਕਾਰਨ ਉਸਦੀ ਸਰਕਾਰੀ ਦਰਬਾਰੇ ਵੀ ਪਹੁੰਚ ਸੀ ਤੇ ਉਸਨੇ ਆਪਣੇ ਕਾਰੋਬਾਰ ਨੂੰ ਚਲਾਉਣ ਲਈ ਗੁੰਡੇ ਵੀ ਪਾਲ਼ੇ ਹੋਏ ਸਨ। ਉਸ ਵੇਲ਼ੇ ਵਿਦਿਆਰਥੀਆਂ ਲਈ ਸਿਨੇਮੇ ਦੀ ਅੱਧੀ ਟਿਕਟ ਦੀ ਸਹੂਲਤ ਸੀ। ਪਰ ਰੀਗਲ ਸਿਨੇਮੇ ਦੇ ਮਾਲਕ ਵੱਲੋਂ ਬਿਠਾਏ ਗੁੰਡੇ ਅਕਸਰ ਵਿਦਿਆਰਥੀਆਂ ਨਾਲ਼ ਧੱਕੇਸ਼ਾਹੀ ਕਰਦੇ ਸਨ ਤੇ ਵਿਦਿਆਰਥੀਆਂ ਨੂੰ ਰਿਆਇਤ ਹਾਸਲ ਕਰਨ ਤੋਂ ਰੋਕਦੇ ਸਨ। ਇਸ ਤੋਂ ਬਿਨਾਂ ਟਿਕਟਾਂ ਦੀ ਬਲੈਕ ਰੋਕਣ, ਵਿਦਿਆਰਥੀਆਂ ਲਈ ਵੱਖਰੀ ਟਿਕਟ ਖਿੜਕੀ ਸਮੇਤ ਸਿਨੇਮੇ ਵਿੱਚ ਪਾਰਕਿੰਗ ਜਿਹੀਆਂ ਸਹੂਲਤਾਂ ਦੀ ਮੰਗ ਨੂੰ ਲੈ ਕੇ ਉਸ ਵੇਲ਼ੇ ਬਣੀ ਹੋਈ 'ਸਟੂਡੈਂਟਸ ਵੈਲਫੇਅਰ ਕਮੇਟੀ' ਅਤੇ ਭਾਕਪਾ ਦੀ ਵਿਦਿਆਰਥੀ ਜਥੇਬੰਦੀ ਏ.ਆਈ.ਐੱਸ.ਐੱਫ. ਦੇ ਨੁਮਾਇੰਦੇ ਸਿਨੇਮਾ ਪ੍ਰਬੰਧਕਾਂ ਨੂੰ ਮਿਲਣ ਗਏ ਤਾਂ ਪਹਿਲਾਂ ਤੋਂ ਤਿਆਰ ਬੈਠੇ ਉਹਨਾਂ ਦੇ ਗੁੰਡਿਆਂ ਨੇ ਵਿਦਿਆਰਥੀਆਂ ਦੀ ਕੁੱਟਮਾਰ ਕੀਤੀ ਜਿਸ ਵਿੱਚ ਕਈ ਵਿਦਿਆਰਥੀ ਜ਼ਖ਼ਮੀ ਹੋਏ। ਪੁਲਿਸ ਨੇ ਕੋਈ ਕਾਰਵਾਈ ਕਰਨ ਦੀ ਥਾਂ ਵਿਦਿਆਰਥੀਆਂ ਨੂੰ ਹੀ ਤੰਗ ਕਰਨਾ ਸ਼ੁਰੂ ਕਰ ਦਿੱਤਾ। ਇਸ ਮਗਰੋਂ ਵਿਦਿਆਰਥੀ ਆਪਣੀਆਂ ਇਹਨਾਂ ਮੰਗਾਂ ਨੂੰ ਲੈ ਕੇ 5 ਅਕਤੂਬਰ ਨੂੰ ਵਿਸ਼ਾਲ ਇਕੱਠ ਕੀਤਾ। ਇਸ ਇਕੱਠ ਨੂੰ ਖਿੰਡਾਉਣ ਲਈ ਭਾਰੀ ਪੁਲਿਸ ਤਾਇਨਾਤ ਕੀਤੀ ਗਈ ਜਿਸਨੇ ਵਿਦਿਆਰਥੀਆਂ ਨੂੰ ਖਿੰਡਾਉਣ ਲਈ ਹਰ ਹਰਬਾ ਵਰਤਿਆ– ਵਿਦਿਆਰਥੀਆਂ ਉੱਤੇ ਅੱਥਰੂ ਗੈਸ ਦੇ ਗੋਲ਼ੇ ਸੁੱਟ ਗਏ, ਹੱਥੋਪਾਈ ਕੀਤੀ ਗਈ। ਇਸ ਖਿੱਚ-ਧੂਹ ਵਿੱਚ ਵਿਦਿਆਰਥੀਆਂ ਦਾ ਜਥਾ ਡੀ. ਐੱਸ. ਪੀ. ਚੀਮਾ ਤੱਕ ਪੁੱਜਿਆ ਜਿਸਨੇ ਕੋਈ ਗੱਲ ਸੁਣਨ ਦੀ ਥਾਂ ਵਿਦਿਆਰਥੀਆਂ ਨਾਲ਼ ਝੜਪ ਸ਼ੁਰੂ ਕਰ ਦਿੱਤੀ ਤੇ ਗੋਲ਼ੀ ਚਲਾਉਣ ਦਾ ਹੁਕਮ ਦੇ ਦਿੱਤਾ। ਇਸ ਗੋਲ਼ੀ ਕਾਂਡ ਵਿੱਚ ਮੋਗਾ ਨੇੜਲੇ ਪਿੰਡ ਚੜਿੱਕ ਦੇ ਦੋ ਵਿਦਿਆਰਥੀਆਂ, ਸਵਰਨ ਤੇ ਹਰਜੀਤ ਸ਼ਹੀਦ ਹੋਏ ਤੇ ਇਸਤੋਂ ਬਿਨਾਂ ਇੱਕ ਰਿਕਸ਼ਾ ਚਾਲਕ, ਇੱਕ ਅਧਿਆਪਕ ਤੇ ਇੱਕ ਬੱਚੀ ਇਸ ਵਿੱਚ ਮਾਰੀ ਗਈ। ਇਸ ਦੌਰਾਨ ਕਈ ਜ਼ਖ਼ਮੀ ਹੋਏ ਤੇ ਇਸ ਦੌਰਾਨ ਪੁਲਿਸ ਵਿਦਿਆਰਥੀਆਂ ਉੱਤੇ ਬਰਬਰ ਜਬਰ ਢਾਹੁਦੀ ਰਹੀ ਤੇ ਸ਼ਾਮ ਤੱਕ ਮਗਰੋਂ ਇਹ ਮੁਜ਼ਾਹਰਾ ਖਿੰਡਾ ਦਿੱਤਾ ਗਿਆ।

ਉਸ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦੇ ਮੁੜ-ਗਠਨ ਦੀ ਪ੍ਰਕਿਰਿਆ ਸ਼ੁਰੂਆਤੀ ਪੜਾਅ ਉੱਤੇ ਸੀ ਜੋ ਕਿ 1965 ਵਿੱਚ ਬਣਨ ਮਗਰੋਂ ਦਹਿਸ਼ਤਗਰਦ ਮਾਅਰਕੇਬਾਜ਼ੀ ਤੇ ਸਰਕਾਰੀ ਜ਼ਬਰ ਦਾ ਸ਼ਿਕਾਰ ਹੋਣ ਕਾਰਨ 1969 ਤੱਕ ਖਿੰਡ ਗਈ ਸੀ। ਮੋਗਾ ਵਿਖੇ 7 ਅਕਤੂਬਰ ਨੂੰ ਫੇਰ ਇੱਕ ਵੱਡਾ ਮੁਜ਼ਾਹਰਾ ਰੱਖਿਆ ਗਿਆ। ਇਸ ਮੁਜ਼ਾਹਰੇ ਵਿੱਚ ਏ. ਆਈ. ਐੱਸ. ਐੱਫ. ਦੇ ਨਾਲ ਪੰਜਾਬ ਸਟੂਡੈਂਟਸ ਯੂਨੀਅਨ ਵੀ ਸ਼ਾਮਲ ਹੋਈ। ਇਸ ਦਿਨ ਪੁਲਿਸ ਨੇ ਫੇਰ ਮੁਜ਼ਾਹਰੇ ਉੱਤੇ ਗੋਲ਼ੀਬਾਰੀ ਕੀਤੀ ਤੇ ਮੁਜ਼ਾਹਰੇ ਨੂੰ ਖਿੰਡਾ ਦਿੱਤਾ। ਇਸ ਦੌਰਾਨ ਪੁਲਿਸ ਵੱਲੋਂ ਗੋਲ਼ੀਆਂ ਚਲਾ ਕੇ ਵਿਦਿਆਰਥੀਆਂ ਨੂੰ ਸ਼ਹੀਦ ਕੀਤੇ ਜਾਣ ਦੀ ਖ਼ਬਰ ਅੱਗ ਵਾਂਗ ਸੂਬੇ ਵਿੱਚ ਫੈਲ ਗਈ ਤੇ ਇਸ ਵਿਰੁੱਧ ਲੋਕਾਂ ਦਾ ਗੁੱਸਾ ਲਾਵਾ ਬਣ ਸੜਕਾਂ ਉੱਤੇ ਵਹਿ ਤੁਰਿਆ। ਇਸ ਮਗਰੋਂ ਲੋਕਾਂ ਦੇ ਰੋਹਮਈ ਸੰਘਰਸ਼ਾਂ ਦਾ ਇੱਕ ਸਿਲਸਿਲਾ ਸ਼ੁਰੂ ਹੋਇਆ। ਥਾਂ-ਥਾਂ ਲੋਕਾਂ ਤੇ ਵਿਦਿਆਰਥੀਆਂ ਨੇ ਸਰਕਾਰ ਦੇ ਇਸ ਸ਼ਰਮਨਾਕ ਕਾਰੇ ਵਿਰੁੱਧ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਕਈ ਥਾਵਾਂ 'ਤੇ ਬੱਸਾਂ ਭੰਨੀਆਂ ਗਈਆਂ, ਸਰਕਾਰੀ ਦਫ਼ਤਰ ਘੇਰੇ ਗਏ। ਲੁਧਿਆਣਾ, ਜਗਰਾਓਂ, ਮੋਗਾ, ਰੋਡੇ, ਫਰੀਦਕੋਟ, ਅੰਮ੍ਰਿਤਸਰ ਸਮੇਤ ਅਨੇਕਾਂ ਥਾਵਾਂ 'ਤੇ ਵਿਦਿਆਰਥੀਆਂ-ਨੌਜਵਾਨਾਂ ਦੀਆਂ ਪੁਲਿਸ ਨਾਲ਼ ਝੜਪਾਂ ਹੁੰਦੀਆਂ ਰਹੀਆਂ। ਪੰਜਾਬ ਵਿੱਚ ਫੌਜ ਤਾਇਨਾਤ ਕਰ ਦਿੱਤੀ ਗਈ ਤੇ ਦਫ਼ਾ 144 ਲਾ ਦਿੱਤੀ ਗਈ। ਇਸ ਦੌਰਾਨ ਹਜ਼ਾਰਾਂ ਦੀ ਗਿਣਤੀ ਵਿੱਚ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਪਰ ਲੋਕਾਂ ਦਾ ਰੋਹ ਥੰਮਣ ਦਾ ਨਾਮ ਨਹੀਂ ਲੈ ਰਿਹਾ ਸੀ। 11 ਅਕਤੂਬਰ ਨੂੰ ਪੀ.ਐੱਸ.ਯੂ. ਨੇ ਪੰਜਾਬ ਬੰਦ ਦਾ ਸੱਦਾ ਦਿੱਤਾ ਜਿਸਨੂੰ ਲੋਕਾਂ ਨੇ ਭਰਵਾਂ ਹੁੰਗਾਰਾ ਦਿੱਤਾ। ਇਸ ਦੌਰਾਨ 16 ਅਕਤੂਬਰ ਨੂੰ ਏ. ਆਈ. ਐੱਸ. ਐੱਫ. ਘੋਲ਼ ਵਾਪਸ ਲੈਣ ਦਾ ਐਲਾਨ ਕਰਕੇ ਇਸ ਸੰਘਰਸ਼ ਨੂੰ ਦਗਾ ਦੇ ਗਈ। ਪਰ ਲੋਕਾਂ ਦੇ ਬੇਅੰਤ ਗੁੱਸੇ ਕਾਰਨ ਇਹ ਸੰਘਰਸ਼ ਜਲਦੀ ਰੁਕਣ ਵਾਲਾ ਨਹੀਂ ਸੀ ਤੇ ਇਸਦੀ ਅਗਵਾਈ ਪੂਰੀ ਤਰ੍ਹਾਂ ਪੀ. ਐੱਸ. ਯੂ. ਦੀ ਕਮਾਂਡ ਹੇਠ ਆ ਗਈ। ਥਾਂ-ਥਾਂ ਵਿਦਿਆਰਥੀ ਪੀ. ਐੱਸ. ਯੂ. ਦੇ ਝੰਡੇ ਹੇਠ ਇਕੱਠੇ ਹੋਣ ਲੱਗੇ। ਆਮ ਨੌਜਵਾਨਾਂ, ਕਿਰਤੀਆਂ, ਮਜ਼ਦੂਰਾਂ, ਕਿਸਾਨਾਂ ਨੇ ਵੀ ਵਧ ਚੜ੍ਹ ਕੇ ਇਸ ਸੰਘਰਸ਼ ਦਾ ਸਾਥ ਦਿੱਤਾ। ਇਸ ਜੁਝਾਰੂ ਘੋਲ਼ ਮਗਰੋਂ ਰੀਗਲ ਸਿਨੇਮਾ ਉਸਦੇ ਮਾਲਕ, ਸਰਕਾਰ ਤੇ ਪ੍ਰਸ਼ਾਸਨ ਦੀਆਂ ਅਨੇਕਾਂ ਕੋਸ਼ਿਸ਼ਾਂ ਮਗਰੋਂ ਵੀ ਚੱਲ ਨਾ ਸਕਿਆ। ਕਈ ਮਹੀਨਿਆਂ ਦੇ ਲੰਮੇ ਸੰਘਰਸ਼ ਮਗਰੋਂ ਦੋਸ਼ੀ ਪੁਲਿਸ ਮੁਲਜ਼ਮਾਂ ਨੂੰ ਮੁਅੱਤਲ ਕਰਨ ਦੀ ਮੰਗ ਤਾਂ ਪੂਰੀ ਨਾ ਹੋ ਸਕੀ ਪਰ ਰੀਗਲ ਸਿਨੇਮੇ ਨੂੰ ਬੰਦ ਕਰਕੇ ਉਸਦੀ ਥਾਂ ਸ਼ਹੀਦ ਹੋਏ ਵਿਦਿਆਰਥੀਆਂ ਦੀ ਯਾਦਗਾਰ ਬਣਾਉਣ ਦੀ ਮੰਗ ਮੰਨਣ ਲਈ ਸਰਕਾਰ ਨੂੰ ਮਜਬੂਰ ਹੋਣਾ ਪਿਆ ਜਿੱਥੇ ਮਗਰੋਂ ਸ਼ਹੀਦ ਯਾਦਗਾਰੀ ਲਾਇਬ੍ਰੇਰੀ ਉਸਾਰੀ ਗਈ।

ਇਸ ਸੰਘਰਸ਼ ਦੀ ਮਹੱਤਤਾ ਸਿਰਫ਼ ਇਸ ਗੱਲ ਵਿੱਚ ਨਹੀਂ ਕਿ ਇਹ ਸੰਘਰਸ਼ ਕਿੰਨੀਆਂ ਜਾਂ ਕਿਹੜੀਆਂ ਮੰਗਾਂ ਮੰਨਵਾ ਸਕਿਆ, ਸਗੋਂ ਇਸਦੀ ਇਸ ਨਾਲ਼ੋਂ ਕਿਤੇ ਜ਼ਿਆਦਾ ਅਹਿਮ ਮਹੱਤਤਾ ਇਸ ਗੱਲ ਵਿੱਚ ਹੈ ਕਿ ਇਸਨੇ ਬਦਹਾਲੀ ਤੇ ਬੇਚੈਨੀ ਵਿੱਚ ਰਹਿ ਰਹੀ ਪੰਜਾਬ ਦੀ ਲੋਕਾਈ ਨੂੰ ਲੁੱਟ, ਜ਼ਬਰ ਤੇ ਬੇਇਨਸਾਫ਼ੀ ਦਾ ਜਥੇਬੰਦ ਹੋਕੇ ਟਾਕਰਾ ਕਰਨ ਲਈ ਪ੍ਰੇਰਿਆ। ਇਸਨੇ ਇੱਕ ਤਰ੍ਹਾਂ ਖੜੋਤ ਤੇ ਨਿਰਾਸ਼ਾ ਦੇ ਸ਼ਿਕਾਰ ਨੌਜਵਾਨਾਂ-ਵਿਦਿਆਰਥੀਆਂ ਵਿੱਚ ਨਵੀਂ ਇਨਕਲਾਬੀ ਰੂਹ ਫੂਕੀ। ਇਸਨੇ ਵਿਦਿਆਰਥੀਆਂ, ਨੌਜਵਾਨਾਂ, ਕਿਸਾਨਾਂ, ਮਜ਼ਦੂਰਾਂ ਤੇ ਮੁਲਜ਼ਮਾਂ ਨੂੰ ਜਨਤਕ ਲੀਹ ਹੇਠ ਜਥੇਬੰਦ ਹੋਕੇ ਸੰਘਰਸ਼ ਕਰਨ ਦੀ ਪਿਰਤ ਪਾਈ। ਇਸ ਘਟਨਾ ਮਗਰੋਂ ਵਿੱਚੋਂ ਪੈਦਾ ਹੋਈ




ਇਨਕਲਾਬੀ ਊਰਜਾ, ਜੋਸ਼ ਤੇ ਉਤਸ਼ਾਹ ਸਕਦਾ ਇੱਕ ਅਜਿਹੀ ਮਜ਼ਬੂਤ ਤੇ ਵਿਸ਼ਾਲ ਵਿਦਿਆਰਥੀ ਲਹਿਰ ਉਸਰੀ ਜੋ ਲਗਭਗ ਇੱਕ ਦਹਾਕੇ ਲਈ ਸੂਬੇ ਵਿੱਚ ਆਪਣੀ ਆਥਾਹ ਪ੍ਰਾਪਤੀਆਂ, ਕੁਰਬਾਨੀਆਂ ਤੇ ਸੰਘਰਸ਼ਾਂ ਦੀ ਸ਼ਾਨਾਮੱਤੀ ਵਿਰਾਸਤ ਨੂੰ ਹੋਰ ਅਮੀਰ ਕਰਦੀ ਰਹੀ। ਇਹੋ ਸ਼ਾਨਾਮੱਤੀ ਵਿਰਾਸਤ ਅੱਜ ਵੀ ਆਪਣੇ ਤਜ਼ਰਬੇ, ਪ੍ਰਾਪਤੀਆਂ, ਕੁਰਬਾਨੀਆਂ ਤੇ ਪ੍ਰੇਰਨਾ ਸਕਦਾ ਵਿਦਿਆਰਥੀ ਲਹਿਰ ਦਾ ਰਾਹ ਰੁਸ਼ਨਾ ਰਹੀ ਹੈ। ਅੱਜ ਦੀ ਵਿਦਿਆਰਥੀ ਲਹਿਰ '70ਵਿਆਂ ਦੀ ਲਹਿਰ ਨਾਲ਼ੋਂ ਕਾਫ਼ੀ ਕਮਜ਼ੋਰ ਹਾਲਤ ਵਿੱਚ ਹੈ ਤੇ ਨਵੇਂ ਸਿਰਿਓਂ ਇੱਕ ਜ਼ੋਰਦਾਰ ਹੰਭਲਾ ਮਾਰਨ ਦੀ ਮੰਗ ਕਰਦੀ ਹੈ। ਅਜਿਹੀ ਨਵੀਂ ਸ਼ੁਰੂਆਤ ਲਈ ਵਿਦਿਆਰਥੀ ਲਹਿਰ ਦੇ ਇਸ ਸ਼ਾਨਾਮੱਤੇ ਇਤਿਹਾਸ ਵੱਲ ਵੇਖਦੇ ਹੋਏ ਇਹ ਅਹਿਸਾਸ ਹੁੰਦਾ ਹੈ ਕਿ ਅਸੀਂ ਕੋਈ ਖਲਾਅ ਵਿੱਚੋਂ ਸ਼ੁਰੂਆਤ ਨਹੀਂ ਕਰ ਰਹੇ ਸਗੋਂ ਸਾਨੂੰ ਸਹਾਰਾ ਦੇਣ ਲਈ ਸਾਡੇ ਕੋਲ਼ ਸਾਡੇ ਪੁਰਖਿਆਂ ਦੀ ਅਮੀਰ ਵਿਰਾਸਤ ਹੈ।

ਅੱਜ ਜਦੋਂ ਅਸੀਂ ਉਸ ਘਟਨਾ ਨਾਲ਼ੋਂ ਇੱਕ ਇਤਿਹਾਸਕ ਦੂਰੀ 'ਤੇ ਖੜੇ ਹਾਂ ਤਾਂ ਇਸ ਵੇਲ਼ੇ ਅਸੀਂ ਪਿੱਛੇ ਮੁੜਕੇ ਵੇਖਦੇ ਹੋਏ ਇਸ ਘਟਨਾ ਵਿੱਚ ਲੋਕਾਂ ਦੇ ਭਾਂਬੜ ਬਣ ਫੈਲਣ ਦੇ ਕਾਰਨਾਂ ਨੂੰ ਹੋਰ ਵਧੇਰੇ ਸਪੱਸ਼ਟਤਾ ਨਾਲ਼ ਸਮਝ ਸਕਦੇ ਹਾਂ। ਇਸਨੂੰ ਸਮਝਣ ਲਈ ਉਸ ਵੇਲ਼ੇ ਦੀਆਂ ਕੁੱਝ ਕੌਮੀ ਤੇ ਕੌਮਾਂਤਰੀ ਘਟਨਾਵਾਂ ਉੱਤੇ ਨਜ਼ਰ ਮਾਰਨ ਦੀ ਲੋੜ ਹੈ। ਕੌਮੀ ਹਾਲਤਾਂ ਉੱਤੇ ਗੱਲ ਕਰੀਏ ਤਾਂ 1964-65 ਤੱਕ ਨਹਿਰੂ ਦੇ ਮਿਸ਼ਰਤ ਅਰਥਚਾਰੇ ਵਾਲ਼ੇ ਨਕਲੀ ਸਮਾਜਵਾਦ ਦੀ ਕਲੀ ਉੱਤਰਨੀ ਸ਼ੁਰੂ ਹੋ ਗਈ ਸੀ। ਇਸ 1965 ਤੋਂ ਭਾਰਤੀ ਅਰਥਚਾਰਾ ਸੰਕਟ ਦਾ ਸ਼ਿਕਾਰ ਹੋਣਾ ਸ਼ੁਰੂ ਹੋਇਆ ਤੇ ਇਸਦੀ ਵਿਕਾਸ ਦੀ ਦਰ ਹੇਠਾਂ ਡਿੱਗਣੀ ਸ਼ੁਰੂ ਹੋਈ। ਇਸ ਨਾਲ ਸਮੁੱਚੇ ਦੇਸ਼ ਵਿੱਚ ਬੇਰੁਜ਼ਗਾਰੀ, ਮਹਿੰਗਾਈ ਤੇ ਆਰਥਿਕ ਅਸੁਰੱਖਿਆ ਫੈਲਣ ਲੱਗੀ। ਵਿਦਿਆਰਥੀਆਂ-ਨੌਜਵਾਨਾਂ ਨੂੰ ਵੀ ਦੂਰ ਹੁੰਦੀ ਸਿੱਖਿਆ ਤੇ ਵਧ ਰਹੀ ਬੇਰੁਜ਼ਗਾਰੀ ਵਿੱਚ ਆਪਣਾ ਭਵਿੱਖ ਧੁੰਦਲਾ ਨਜ਼ਰ ਆਉਣ ਲੱਗਾ। ਅਜ਼ਾਦੀ ਮਗਰੋਂ ਬਿਹਤਰ ਜ਼ਿੰਦਗੀ ਦੇ ਲੋਕਾਂ ਦੇ ਸੁਪਨਿਆਂ ਨੂੰ ਵਧ ਰਹੀ ਗਰੀਬੀ, ਬਦਹਾਲੀ ਦੀ ਤਲਖ਼ ਹਕੀਕਤ ਨੇ ਤੋੜਿਆਂ ਤੇ ਲੋਕਾਂ ਵਿੱਚ ਗੁੱਸਾ ਤੇ ਬੇਚੈਨ ਫੈਲਣ ਲੱਗੀ ਜੋ 1971-72 ਤੱਕ ਆਪਣੇ ਸਿਖ਼ਰਾਂ 'ਤੇ ਸੀ।

ਦੂਜੀ ਅਹਿਮ ਘਟਨਾ ਨਕਸਲਬਾੜੀ ਲਹਿਰ ਸੀ। 1967 ਵਿੱਚ ਸ਼ੁਰੂ ਹੋਈ ਇਹ ਲਹਿਰ ਪੰਜਾਬ ਵਿੱਚ ਵੀ ਜੰਗਲ਼ ਦੀ ਅੱਗ ਵਾਂਗ ਫੈਲ ਗਈ। ਇਸ ਲਹਿਰ ਦੇ ਨਾਲ਼ ਹੀ ਸਰਕਾਰੀ ਜ਼ਬਰ ਵੀ ਸ਼ੁਰੂ ਹੋ ਗਿਆ। ਪੰਜਾਬ ਵਿੱਚ ਵੀ ਵੱਡੇ ਪੱਧਰ 'ਤੇ ਨੌਜਵਾਨਾਂ, ਸਿਆਸੀ ਕਾਰਕੁੰਨਾਂ ਦੀਆਂ ਗ੍ਰਿਫ਼ਤਾਰੀਆਂ, ਝੂਠੇ ਮੁਕੱਦਮਿਆਂ, ਫਰਜ਼ੀ ਮੁਕਾਬਲਿਆਂ ਤੇ ਕਤਲਾਂ ਦਾ ਸਿਲਸਿਲਾ ਸ਼ੁਰੂ ਹੋਇਆ। ਪੰਜਾਬ ਦੇ ਨੌਜਵਾਨਾਂ ਨੂੰ ਕੋਹ-ਕੋਹ ਕੇ ਝੂਠੇ ਪੁਲਿਸ ਮੁਕਾਬਲਿਆਂ 'ਚ ਮਾਰਿਆ ਗਿਆ। ਪੰਜਾਬ ਦੀ ਲੋਕਾਈ ਨੇ ਆਪਣਾ ਜਵਾਨ ਲਹੂ ਸੱਤ੍ਹਾ ਦੇ ਜ਼ਬਰ ਹੇਠ ਗਲ਼ੀਆਂ-ਨਾਲ਼ੀਆਂ ਵਿੱਚ ਰੁੜਦਾ ਵੇਖਿਆ। ਕਈ ਸਾਲ ਪੰਜਾਬ ਦੇ ਅਨੇਕਾਂ ਘਰਾਂ ਵਿੱਚ ਬੇਵਕਤੀਆਂ ਸੱਥਰਾਂ ਵਿਛੀਆਂ, ਨੌਜਵਾਨਾਂ ਦੇ ਸਿਵੇ ਬਲ਼ੇ ਤੇ ਲੋਕਾਂ ਨੇ ਖ਼ੂਨ ਦੇ ਹੰਝੂ ਵਹਾਏ। ਇਸ ਕਾਰਨ ਵੀ ਵੇਲ਼ੇ ਦੇ ਹਾਕਮਾਂ ਵਿਰੁੱਧ ਲੋਕਾਂ ਦੇ ਦਿਲਾਂ ਵਿੱਚ ਨਫ਼ਰਤ ਦੀ ਅੱਗ ਬਲਣ ਲੱਗੀ।

ਇਸੇ ਤਰ੍ਹਾਂ ਕੌਮਾਂਤਰੀ ਹਾਲਤਾਂ ਦੀ ਗੱਲ ਕਰੀਏ ਤਾਂ ਪਹਿਲੀ ਅਹਿਮ ਘਟਨਾ ਇਹ ਸੀ ਕਿ ਉਸ ਵੇਲ਼ੇ ਸੰਸਾਰ ਦੇ ਵੱਡੇ ਹਿੱਸੇ ਵਿੱਚ ਵਿਦਿਆਰਥੀ ਲਹਿਰਾਂ ਦਾ ਜ਼ੋਰ ਸੀ। ਖ਼ਾਸ ਕਰਕੇ 1968 ਤੋਂ ਫਰਾਂਸ, ਜਰਮਨੀ, ਇੰਗਲੈਂਡ, ਇਟਲੀ, ਅਮਰੀਕਾ, ਮੈਕਸੀਕੋ ਸਮੇਤ ਸੰਸਾਰ ਦੇ ਕਾਫ਼ੀ ਹਿੱਸੇ ਵਿੱਚ ਵਿਦਿਆਰਥੀਆਂ ਲਹਿਰਾਂ ਦਾ ਹੜ੍ਹ ਵਗ ਰਿਹਾ ਸੀ। ਕੌਮਾਂਤਰੀ ਪੱਧਰ 'ਤੇ ਚੱਲ ਰਹੀ ਇਸ ਹਵਾ ਦਾ ਪ੍ਰਭਾਵ ਭਾਰਤ ਉੱਤੇ ਪੈਣਾ ਵੀ ਲਾਜ਼ਮੀ ਹੀ ਸੀ। ਇਸ ਮਹੌਲ ਨੇ ਵੀ ਪੰਜਾਬ ਵਿੱਚ ਵਿਦਿਆਰਥੀ ਲਹਿਰ ਦੇ ਉਭਾਰ ਨੂੰ ਹੱਲਾਸ਼ੇਰੀ ਦਿੱਤੀ।

ਕੌਮਾਂਤਰੀ ਪੱਧਰ ਉੱਤੇ ਦੂਜੀ ਘਟਨਾ ਅਮਰੀਕੀ ਸਾਮਰਾਜ ਵੱਲੋਂ ਵੀਅਤਨਾਮ ਉੱਤੇ ਥੋਪੀ ਘਿਨਾਉਣੀ ਜੰਗ ਸੀ ਜਿਸ ਵਿੱਚ ਵੀਅਤਨਾਮ ਦੀ ਲੋਕ ਮੁਕਤੀ ਫੌਜ 1971-72 ਤੱਕ ਅਮਰੀਕਾ ਨੂੰ ਮਿੱਟੀ 'ਚ ਰੋਲ਼ਦੇ ਹੋਏ ਜਿੱਤ ਕੰਢੇ ਪਹੁੰਚ ਚੁੱਕੀ ਸੀ। ਸੰਸਾਰ ਭਰ ਵਿੱਚ ਅਮਰੀਕੀ ਸਾਮਰਾਜ ਦੇ ਇਹਨਾਂ ਕੁਕਰਮਾਂ ਕਾਰਨ ਸਾਮਰਾਜੀ ਪ੍ਰਬੰਧ ਖ਼ਿਲਾਫ਼ ਲੋਕਾਂ ਵਿੱਚ ਰੋਹ ਤੇ ਨਫ਼ਰਤ ਅਤੇ ਵੀਅਤਨਾਮ ਲਈ ਹਮਦਰਦੀ ਸੀ। ਸੰਸਾਰ ਭਰ ਵਿੱਚ ਅਮਰੀਕੀ ਸਾਮਰਾਜ ਵਿਰੁੱਧ ਮੁਜ਼ਾਹਰੇ, ਲਹਿਰਾਂ ਜ਼ੋਰਾਂ 'ਤੇ ਸਨ। ਇਹ ਲਹਿਰਾਂ ਤੇ ਸਾਮਰਾਜੀ ਪ੍ਰਬੰਧ ਖ਼ਿਲਾਫ਼ ਨਫ਼ਰਤ ਪੰਜਾਬ ਸਮੇਤ ਭਾਰਤ ਵਿੱਚ ਵੀ ਵੱਡੇ ਪੱਧਰ 'ਤੇ ਸੀ। ਇਹ ਘਟਨਾ ਵੀ ਪੰਜਾਬ ਦੇ ਲੋਕਾਂ, ਖ਼ਾਸਕਰ ਨੌਜਵਾਨਾਂ-ਵਿਦਿਆਰਥੀਆਂ ਨੂੰ ਹਰ ਤਰ੍ਹਾਂ ਦੀ ਬੇਇਨਸਾਫ਼ੀ ਖ਼ਿਲਾਫ਼ ਡਟਣ ਲਈ ਪ੍ਰੇਰ ਰਹੀ ਸੀ।

ਇਸ ਤਰ੍ਹਾਂ ਮੋਗਾ ਗੋਲ਼ੀ ਕਾਂਡ ਮਗਰੋਂ ਉੱਭਰਿਆ ਵਿਸ਼ਾਲ ਲੋਕ ਰੋਹ ਕੋਈ ਅਣਕਿਆਸੀ ਘਟਨਾ ਜਾਂ ਕੋਈ ਖਲਾਅ ਵਿੱਚੋਂ ਪੈਦਾ ਹੋਇਆ ਵਰਤਾਰਾ ਨਹੀਂ ਸੀ। ਉਪਰੋਕਤ ਖਾਸ ਕੌਮੀ ਤੇ ਕੌਮਾਂਤਰੀ ਹਾਲਤਾਂ ਵਿੱਚ ਪੰਜਾਬ ਦੇ ਲੋਕਾਂ ਵਿੱਚ ਗੁੱਸੇ, ਨਫ਼ਰਤ ਤੇ ਬੇਚੈਨੀ ਦਾ ਇੱਕ ਵੱਡਾ ਸਮੁੰਦਰ ਪਲ਼ ਰਿਹਾ ਸੀ। 1972 ਦੇ ਮੋਗਾ ਗੋਲ਼ੀ ਕਾਂਡ ਨੇ ਇਸ ਸਮੁੰਦਰ ਨੂੰ ਇੱਕ ਲਹਿਰ ਬਣ ਉੱਭਰਨ ਦਾ ਰਾਹ ਦਿੱਤਾ। ਅਜਿਹੀ ਲਹਿਰ ਜਿਸਨੇ ਪੰਜਾਬ ਦੇ ਲੋਕਾਂ ਦੀ ਜ਼ਿੰਦਗੀ ਦੀ ਜਹਾਲਤ ਤੇ ਜ਼ਿੱਲਤ ਨੂੰ ਪੂੰਝ ਦਿੱਤਾ ਤੇ ਉਸਦੀ ਥਾਂ ਸੰਘਰਸ਼ਾਂ, ਕੁਰਬਾਨੀਆਂ ਦਾ ਇੱਕ ਨਵਾਂ ਦੌਰ ਸ਼ੁਰੂ ਹੋਇਆ। ਪੰਜਾਬ ਦੀ ਲੋਕਾਂ ਨੇ ਹਰ ਤਰ੍ਹਾਂ ਦੀ ਲੁੱਟ, ਗੁਲਾਮੀ, ਜ਼ਬਰ ਤੇ ਬੇਇਨਸਾਫ਼ੀ ਸਹਿੰਦੇ ਹੋਏ ਧਰਤੀ 'ਤੇ ਰੀਂਗਦੇ ਕੀੜਿਆਂ ਵਰਗੀ ਜ਼ਿੰਦਗੀ ਹੋਰ ਜਿਉਣ ਤੋਂ ਨਾਂਹ ਕਰਕੇ ਆਪਣੇ ਹਿੱਸੇ ਦੇ ਹਰ ਪਲ ਲਈ, ਹਰ ਸਾਹ ਲਈ ਸੰਘਰਸ਼ ਕਰਦੇ ਹੋਏ ਇੱਕ ਬਹਾਦਰੀ ਤੇ ਸਵੈਮਾਣ ਵਾਲ਼ੀ ਜ਼ਿੰਦਗੀ ਜਿਉਣ ਦਾ ਰਾਹ ਲੱਭ ਲਿਆ। ਭਾਵੇਂ ਕੁੱਝ ਕਾਰਨਾਂ ਕਰਕੇ (ਜਿਨ੍ਹਾਂ ਦੀ ਚਰਚਾ ਇੱਥੇ ਬੇਲੋੜੀ ਹੈ) ਇਹ ਲਹਿਰ ਮਨੁੱਖਤਾ ਦੀ ਮੁਕਤੀ ਦੇ ਅਸਲ ਨਿਸ਼ਾਨੇ ਤੱਕ ਤਾਂ ਨਾ ਪੁੱਜ ਸਕੀ ਪਰ ਫੇਰ ਵੀ ਆਉਣ ਵਾਲ਼ੀਆਂ ਪੀੜ੍ਹੀਆਂ ਲਈ ਗੁਲਾਮੀ ਨੂੰ ਸਹਿੰਦੇ ਰਹਿਣ ਦੀ ਥਾਂ ਉਸ ਨੂੰ ਖ਼ਤਮ ਕਰਨ ਲਈ ਸੰਘਰਸ਼ ਕਰਦੇ ਹੋਏ ਜਿਉਣਾ ਸਿਖਾ ਗਈ ਤੇ ਕੁਰਬਾਨੀਆਂ, ਇਨਕਲਾਬੀ ਜਜ਼ਬੇ ਤੇ ਸੰਘਰਸ਼ਾਂ ਨਾਲ਼ ਭਰੇ ਤਜ਼ਰਬੇ ਤੇ ਵੰਗਾਰ ਦੀ ਇੱਕ ਵਿਰਾਸਤ ਛੱਡ ਗਈ। ਇਹ ਆਉਣ ਵਾਲ਼ੀਆਂ ਪੀੜ੍ਹੀਆਂ ਵਿੱਚ ਜਥੇਬੰਦ ਸੰਘਰਸ਼ਾਂ ਦੀ ਪਿਰਤ ਪਾ ਗਈ ਤੇ ਉਹਨਾਂ ਲਈ ਇਸ ਪਿਰਤ ਨੂੰ ਹੋਰ ਅੱਗੇ ਉੱਚੇ ਮੁਕਾਮ 'ਤੇ ਲਿਜਾਣ ਦੀ ਵੰਗਾਰ ਛੱਡ ਗਈ। ਅੱਜ ਫੇਰ ਪੰਜਾਬ ਦੇ ਨੌਜਵਾਨਾਂ-ਵਿਦਿਆਰਥੀਆਂ ਸਮੇਤ ਲੋਕਾਂ ਦਾ ਵੱਡਾ ਹਿੱਸਾ ਗੁਲਾਮੀ ਦੀਆਂ ਬੇੜੀਆਂ ਨੂੰ ਤੋੜਨ ਦੀਆਂ ਕੋਸ਼ਿਸ਼ਾਂ ਵਿੱਚ ਜਿਉਣ ਦੀ ਥਾਂ ਉਹਨਾਂ ਨੂੰ ਪ੍ਰਵਾਨ ਕਰਦੇ ਹੋਏ ਜਿਉਂ ਰਿਹਾ ਹੈ। ਇਹਨਾਂ ਹਾਲਤਾਂ ਵਿੱਚ 1972 ਦੇ ਮੋਗਾ ਗੋਲ਼ੀ ਕਾਂਡ ਤੇ ਉਸ ਮਗਰੋਂ ਖੜੀ ਹੋਈ ਸਮੁੱਚੀ ਜਨਤਕ ਲਹਿਰ ਦੀ ਵਿਰਾਸਤ ਨੂੰ ਅੱਜ ਮੁੜ ਯਾਦ ਕਰਨ ਤੇ ਲੋਕਾਂ ਵਿੱਚ ਲਿਜਾਣ ਦੀ ਲੋੜ ਹੈ। ਅੱਜ ਆਪਣੀ ਇਸ ਇਨਕਲਾਬੀ ਵਿਰਾਸਤ ਨੂੰ ਯਾਦ ਕਰਨ ਦਾ ਮਤਲਬ ਇਸਦੀ ਵੰਗਾਰ ਨੂੰ ਕਬੂਲਣਾ ਹੈ, ਇਸਦੇ ਛੱਡੇ ਹੋਏ ਸਿਰੇ ਨੂੰ ਫੜ ਕੇ ਮਨੁੱਖਤਾ ਦੀ ਮੁਕਤੀ ਦੇ ਸਫ਼ਰ ਨੂੰ ਅੱਗੇ ਤੋਰਨਾ ਹੈ। ਇਸ ਸਫ਼ਰ ਵਿੱਚ ਵਕਤੀ ਠਹਿਰਾਅ ਤੇ ਪਿੱਛੇ ਹਟਣਾ ਤਾਂ ਹੋ ਸਕਦਾ ਹੈ ਪਰ ਇਸ ਸਫ਼ਰ ਨੇ ਜਿੱਤ ਤੋਂ ਬਿਨਾਂ ਮੁੱਕਣਾ ਨਹੀਂ ਹੈ।

# ‘ਕਾਕਾ ਜੀ’ ਜੀ ਤੋਂ ‘ਭਾਅ ਜੀ’ ਗੁਰਸ਼ਰਨ ਸਿੰਘ ਤੱਕ ਦਾ ਸਫ਼ਰ



ਹਰਜੀਤ ਬੇਦੀ

ਜਦੋਂ ਕੋਈ “ਭਾਅ ਜੀ” ਸ਼ਬਦ ਦਾ ਉਚਾਰਣ ਕਰਦਾ ਹੈ ਤਾਂ ਯੁਗਪੁਰਸ਼ ਭਾਅ ਜੀ ਗੁਰਸ਼ਰਨ ਸਿੰਘ ਦਾ ਚਿਹਰਾ ਸਾਹਮਣੇ ਆ ਜਾਂਦਾ ਹੈ। ਕਾਕਾ ਗੁਰਸ਼ਰਨ ਨੇ ਡਾ: ਗਿਆਨ ਸਿੰਘ ਦੇ ਘਰ 16 ਸਤੰਬਰ 1929 ਸ਼ਾਹਾਨਾ ਕਿਸਮ ਦੇ ਪਰਿਵਾਰ ਵਿੱਚ ਜੋ ਅੰਗਰੇਜਾਂ ਨੂੰ ਸਭਿੱਅਕ ਕੌਮ ਮੰਨਦੇ ਹੋਏ ਉਹਨਾਂ ਦੀ ਜੀਵਨ ਜਾਚ ਵਿੱਚ ਢਲਣ ਦਾ ਕਾਇਲ ਸੀ ਵਿੱਚ ਜਨਮ ਲਿਆ। ਆਧੁਨਿਕ ਸਰੋਕਾਰਾਂ ਵਾਲੇ ਇਸ ਪਰਿਵਾਰ ਵਿੱਚ ਸਿੱਖੀ ਸੰਕਲਪ ਸੰਕੀਰਨ ਨਹੀਂ ਸਗੋਂ ਪ੍ਰਗਤੀਸ਼ੀਲ ਸਨ। ਗੁਰਸ਼ਰਨ ਸਿੰਘ ਦੀ ਮੁਢਲੀ ਪੜ੍ਹਾਈ ਮੁਲਤਾਨ ਦੇ ਮਿਊਂਸਪੈਲਟੀ ਦੇ ਅਧੀਨ ਸਕੂਲ ਵਿੱਚ ਹੋਈ ਜਿੱਥੇ ਗੁਰਮੁਖੀ (ਪੰਜਾਬੀ) ਦੀ ਪੜ੍ਹਾਈ ਦਾ ਪ੍ਰਬੰਧ ਸੀ। ਉਸੇ ਸਕੂਲ ਵਿੱਚ ਇੱਕ ਦਲਿਤ ਬੱਚਾ ਬੁਧੂਆ ਵੀ ਪੜ੍ਹਦਾ ਸੀ ਜੋ ਸਭ ਤੋਂ ਲਾਇਕ ਵਿਦਿਆਰਥੀ ਸੀ ਉਸ ਦੀ ਲਿਖਾਈ ਮੋਤੀਆਂ ਵਰਗੀ ਸੀ ਪਰ ਉਹ ਤੀਜੀ ਜਮਾਤ ਤੋਂ ਅੱਗੇ ਨਾ ਪੜ੍ਹ ਸਕਿਆ।

ਗੁਰਸ਼ਰਨ ਸਿੰਘ ਦੇ ਪਿਤਾ ਰਿਜ਼ਰਵ ਫੋਰਸ ਵਿੱਚ ਡਾਕਟਰ ਹੋਣ ਕਾਰਨ ਉਸ ਨੂੰ ਕਈ ਸ਼ਹਿਰਾਂ ਦੇ ਸਕੂਲਾਂ ਵਿੱਚ ਪੜ੍ਹਨਾ ਪਿਆ। ਕਈ ਵਰ੍ਹੇ ਬਾਦ ਜਦ ਗੁਰਸ਼ਰਨ ਮੁਲਤਾਨ ਗਿਆ। ਉਹ ਸਾਈਕਲ ਤੇ ਜਾ ਰਿਹਾ ਸੀ ਤਾਂ ਉਸ ਦੇ ਕੋਲ ਦੀ ਉਸੇ ਦੀ ਉਮਰ ਦਾ ਹੀ ਇੱਕ ਨੌਜਵਾਨ ਲੰਘਿਆ ਤੇ ਦੋਵੇਂ ਇੱਕ ਦੂਜੇ ਨੂੰ ਦੇਖਕੇ ਲੰਘ ਗਏ ਫਿਰ ਇੱਕ ਦਮ ਪਿੱਛੋਂ ਆਵਾਜ਼ ਆਈ, “ਕਾਕਾ ਜੀ”। ਜਦ ਸਾਇਕਲ ਰੋਕ ਕੇ ਪਿਛਾਂਹ ਦੇਖਿਆ ਤਾਂ ਉਹ ਬੁਧੂਆ ਸੀ। ਜਿਸ ਸੜਕ ਤੇ ਗੁਰਸ਼ਰਨ ਸਾਈਕਲ ਭਜਾਈ ਜਾਂਦਾ ਸੀ ਉਸੇ ਤੇ ਉਸਦਾ ਲਾਇਕ ਅਤੇ ਖੁਸ਼ਖੱਤੀ ਵਾਲਾ ਜਮਾਤੀ ਜਮਾਂਦਾਰ ਸੀ। ਉਸ ਦਿਨ ਉਸ ਨੂੰ ਇਹ ਅਹਿਸਾਸ ਬੜੀ ਸ਼ਿੱਦਤ ਨਾਲ ਹੋਇਆ ਕਿ ਉਹ ਖਾਦੇ ਪੀਂਦੇ ਘਰ ਦਾ ਬੱਚਾ ਹੋਣ ਕਰਕੇ ਕਾਲਜ਼ ਵਿੱਚ ਪੜ੍ਹ ਰਿਹਾ ਹੈ ਤੇ ਬੁਧੂਆ ਜਮਾਂਦਾਰ ਕਹੇ ਜਾਂਦੇ ਪਰਿਵਾਰ ਦਾ ਬੱਚਾ ਹੋਣ ਕਰਕੇ ਸੜਕ ਤੇ ਝਾੜੂ ਲਾ ਰਿਹਾ ਸੀ। ਗੁਰਸ਼ਰਨ ਸਿੰਘ ਦੇ ਕਹਿਣ ਮੁਤਾਬਕ, “ਜਦ ਵੀ ਮੈਂ ਬਰਾਬਰੀ ਦੇ ਸਮਾਜ ਦਾ ਸੰਦੇਸ਼ ਦੇ ਰਿਹਾ ਹੁੰਦਾ ਹਾਂ, ਉਸ ਸਮੇਂ ਬੁਧੂਆ ਨਾਲ ਹੋਏ ਮੇਲ ਦਾ ਦ੍ਰਿਸ਼ ਮੇਰੇ ਹਿਰਦੇ ਵਿੱਚ ਹੁੰਦਾ ਹੈ”।

ਗੁਰਸ਼ਰਨ ਸਿੰਘ ਨੇ ਜਵਾਨੀ ਵਿੱਚ ਪੈਰ ਧਰਦੇ ਹੀ “ਇਪਟਾ” ਲਹਿਰ ਦਾ ਦੌਰ ਦੇਖਿਆ ਸੀ ਜਿਸ ਵਿੱਚ ਤੇਰਾ ਸਿੰਘ ਚੰਨ ਤੇ ਜੋਗਿੰਦਰ ਬਾਹਰਲਾ ਵਰਗੇ ਰੰਗਮੰਚ ਕਲਾਕਾਰਾਂ ਨੇ ਮਹਾਨ ਸਿਰਜਣਾ ਕੀਤੀ। ਇਸੇ ਤਰ੍ਹਾਂ ਉਸ ਦੌਰ ਦੀਆਂ ਜਲਜ਼ਲਾ, ਨੀਚਾ ਨਗਰ ਅਤੇ ਦੋ ਬੀਘਾ ਜ਼ਮੀਨ ਵਰਗੀਆਂ ਫਿਲਮਾਂ ਵੀ ਆਈਆਂ। ਜਿਨ੍ਹਾਂ ਵਿੱਚ ਕਮਿਊਨਿਸਟ ਵਿਚਾਰਧਾਰਾ ਸੀ, ਧਰਮ ਨਿਰਪੱਖਤਾ ਸੀ, ਗਰੀਬ ਆਦਮੀ ਦੇ ਪੱਖ ਵਿੱਚ ਉਠਦੀ ਆਵਾਜ਼ ਸੀ। ਇਸ ਸਭ ਕੁੱਝ ਦਾ ਗੁਰਸ਼ਰਨ ਸਿੰਘ ਦੇ ਮਨ ਤੇ ਬਹੁਤ ਡੂੰਘਾ ਅਸਰ ਸੀ। ਆਜਾਦੀ ਦੇ ਜਸ਼ਨੀ ਦੌਰ ਵਿੱਚ 1951 ਵਿੱਚ ਗੁਰਸ਼ਰਨ ਸਿੰਘ ਨੇ ਭਾਖੜਾ ਡੈਮ ਦੀ ਨੌਕਰੀ ਕਰਦੇ ਸਮੇਂ ਸੱਭਿਆਚਾਰਕ ਸਰਗਰਮੀਆਂ ਸ਼ੁਰੂ ਕੀਤੀਆਂ। ਲੋਕ 15 ਅਗਸਤ ਅਤੇ 26 ਜਨਵਰੀ ਦਾ ਦਿਨ ਇੱਕ ਤਿਉਹਾਰ ਵਾਂਗ ਮਨਾਉਂਦੇ ਸਨ। ਭਾਖੜਾ ਡੈਮ ਪ੍ਰਾਜੈਕਟ ਤੇ ਵੀ ਸੱਭਿਆਚਾਰਕ ਪਰੋਗਰਾਮ ਉਲੀਕਿਆ ਜਾਂਦਾ ਸੀ ਅਤੇ ਗੁਰਸ਼ਰਨ ਸਿੰਘ ਦੀ ਡਿਉਟੀ ਕਲਾਕਾਰ ਸੱਦਣ ਦੀ ਲਗਦੀ ਸੀ। ਯਮਲਾ ਜੱਟ ਵਰਗੇ ਕਲਾਕਾਰ ਗੁਰਸ਼ਰਨ ਸਿੰਘ ਦੇ ਘਰ ਹੀ ਠਹਿਰਦੇ ਸਨ। ਇਸ ਤਰ੍ਹਾਂ ਦੇ ਇੱਕ ਪੋਗਰਾਮ ਵਿੱਚ ਜਦ ਤਿਆਰੀ ਮੁਕੰਲ ਹੋ ਗਈ ਤਾਂ ਗੁਰਸ਼ਰਨ ਸਿੰਘ ਦੀ ਸਲਾਹ ਸੀ, “ਆਫੀਸਰਜ਼ ਕਲੱਬ ਵਿੱਚ ਵਰਕਰ ਆ ਨਹੀਂ ਸਕਣਗੇ, ਕਿਉਂ ਨਾ ਉਹਨਾਂ ਨੂੰ ਗਰੈਂਡ ਰਿਹਰਸਲ ਵਿੱਚ ਬੁਲਾ ਲਈਏ”। ਜਿਸ ਦੇ ਜਵਾਬ ਵਿੱਚ ਕਿਹਾ ਗਿਆ, “ਇਹ ਕਲਚਰਲ ਪ੍ਰੋਗਰਾਮ ਹੈ ਗੁਰਸ਼ਰਨ ਸਿੰਘ! ਇਹਨਾਂ ਵਰਕਰਾਂ ਨੂੰ ਕੀ ਪਤਾ ਕਲਾ ਕੀ ਹੁੰਦੀ ਹੈ?” ਇਸ ਗੱਲ ਨੇ ਗੁਰਸ਼ਰਨ ਸਿੰਘ ਦੇ ਮਨ ਵਿੱਚ ਰੋਹ ਪੈਦਾ ਕਰ ਦਿੱਤਾ ਕਿ ਕੀ ਕਲਾ ਉੱਤੇ ਵੀ ਵੱਡੇ ਕਹਾਉਂਦੇ ਲੋਕਾਂ ਦੀ ਅਜ਼ਾਰੇਦਾਰੀ ਹੋਵੇਗੀ? ਗੁਰਸ਼ਰਨ ਸਿੰਘ ਨੇ ਕਲਾਕਾਰਾਂ ਨਾਲ ਗੱਲ ਕਰਕੇ ਅਗਲੇ ਦਿਨ ਵਰਕਰਜ਼ ਕਲੱਬ ਵਿੱਚ ਪ੍ਰੋਗਰਾਮ ਕਰਵਾਇਆ। ਪਰੋਗਰਾਮ ਹੋਣ ਤੋਂ ਬਾਦ ਕਲਾਕਾਰਾਂ ਦਾ ਕਹਿਣਾ ਸੀ, “ਅਸਲ ਮਜ਼ਾ ਤਾਂ ਅੱਜ ਆਇਆ ਏ! ਲੋਕਾਂ ਦੇ ਸਰਗਰਮ ਹੁਲਾਰੇ ਤੋਂ ਬਿਨਾਂ ਕਲਾਕਾਰ ਨੂੰ ਮਜ਼ਾ ਕਿਵੇ ਆ ਸਕਦਾ ਹੈ?

ਇਸ ਤਰ੍ਹਾਂ ਹਰ ਵਾਰੀ ਨਹੀਂ ਸੀ ਹੋ ਸਕਦਾ। ਇਸ ਲਈ ਗੁਰਸ਼ਰਨ ਸਿੰਘ ਨੇ ਪਹਿਲਾ ਨਾਟਕ ਕਰਤਾਰ ਸ਼ਿਘ ਦੁੱਗਲ ਦਾ ਲਿਖਿਆ ਹੋਇਆ “ਦੀਵਾ ਬੁਝ ਗਿਆ” ਕੀਤਾ ਜਿਸ ਦਾ ਪ੍ਰਬੰਧਕ ਵੀ ਉਹ ਆਪ ਹੀ ਸੀ। ਇਸ ਨਾਟਕ ਵਿਚਲੇ ਇਸਤਰੀ ਪਾਤਰ ਨੂੰ ਬਜ਼ੁਰਗ ਪਾਤਰ ਵਿੱਚ ਢਾਲਿਆ। ਇਸ ਤਰ੍ਹਾਂ ਰੰਗਮੰਚ ਦੇ ਪਹਿਲੇ ਕਦਮ ਤੇ ਟੀਮ ਮੁਤਾਬਕ ਤਬਦੀਲੀ ਕੀਤੀ ਤੇ ਗੁਰਸ਼ਰਨ ਸਿੰਘ ਨੇ ਤਬਦੀਲੀ ਦੇ ਰੰਗ ਮੰਚ ਦੀ ਨੀਂਹ ਰੱਖ ਦਿੱਤੀ। ਇਸ ਨਾਟਕ ਤੋਂ ਅਗਲੇ ਦਿਨ ਜਿੱਥੇ ਵੀ ਉਹ ਜਾਂਦਾ ਬੱਚੇ ਉਸ ਦੀ ਸਾਂਗ ਲਾਉਂਦੇ “ਦੀਵਾ ਬੁਝ ਗਿਆ ਹੈ, ਦੀਵਾ ਬੁਝ ਗਿਆ ਹੈ” ਇਸ ਨੇ ਗੁਰਸ਼ਰਨ ਸਿੰਘ ਵਿੱਚ ਅਦਾਕਾਰ ਹੋਣ ਦਾ ਪੱਕਾ ਯਕੀਨ ਪੈਦਾ ਕਰ ਦਿੱਤਾ। ਨੰਗਲ ਵਰਕਰਜ਼ ਕਲੱਬ ਦੀ ਸਟੇਜ ਸਦਾ ਉਸ ਦੇ ਮਨ ਵਿੱਚ ਵਸਦੀ ਰਹੀ ਤੇ ਉਸ ਦੇ ਨਾਂ ਨਾਲ ਥੜਾ ਥੀਏਟਰ ਜੁੜ ਗਿਆ।

ਗੁਰਸ਼ਰਨ ਸਿੰਘ ਨੇ ਆਪਣੀ ਕਲਾ ਨੂੰ ਸਮਾਜਕ ਤਬਦੀਲੀ ਲਈ ਵਰਤਣਾ ਸ਼ੁਰੂ ਕਰ ਦਿੱਤਾ। ਗੁਰਸ਼ਰਨ ਸਿੰਘ ਦੇ ਕਥਨ ਅਨੁਸਾਰ ਜਦੋਂ ਉਹ ਭਾਖੜਾ ਡੈਮ ਉੱਤੇ ਕੰਮ ਕਰ ਰਿਹਾ ਸੀ ਤਾਂ ਪਹਾੜ ਦੀ ਚੋਟੀ ਤੇ ਖੜਾ ਥੱਲੇ ਦੇਖ ਰਿਹਾ ਸੀ। ਡੈਮ ਬਨਾਉਣ ਲਈ ਜਗ੍ਹਾ ਖਾਲੀ ਕਰਨ ਲਈ ਪਾਣੀ ਦੇ ਰੁਖ਼ ਨੂੰ ਮੋੜਨਾ ਸੀ। ਉਸ ਸਮੇਂ ਗੁਰਸ਼ਰਨ ਸਿੰਘ ਨੇ ਆਪਣੇ ਆਪ ਨੂੰ ਸੰਬੋਧਨ ਹੋ ਕੇ ਕਿਹਾ ਸੀ, “ਕਿ ਅੱਜ ਦੇ ਸਾਇੰਸ ਦੇ ਯੁਗ ਦੇ ਵਿੱਚ ਜੇਕਰ ਅਸੀਂ ਦਰਿਆਵਾਂ ਦਾ ਰੁਖ਼ ਮੋੜ ਸਕਦੇ ਹਾਂ ਤਾਂ ਜਿੰਦਗੀ ਦੇ ਰੁਖ਼ ਕਿਉਂ ਨਹੀਂ ਮੋੜ ਸਕਦੇ”। ਤੇ ਗੁਰਸ਼ਨ ਸਿੰਘ ਨੇ ਸਾਰੀ ਉਮਰ ਜਿੰਦਗੀ ਦਾ ਰੁਖ਼ ਮੋੜਨ ਲਈ ਲਾ ਦਿੱਤੀ। ਗੁਰਸ਼ਰਨ ਸਿੰਘ ਨੇ ਇਹ ਸਮਝ ਲਿਆ ਸੀ ਕਿ ਜੋ ਤਰੱਕੀ ਹੋਈ ਹੈ ਓਹ ਸਿਰਫ਼ ਅਮੀਰਾਂ ਲਈ ਹੋਈ ਹੈ।

ਭਾਅ ਜੀ ਮੁਤਾਬਕ ਕਮਿਊਨਿਸਟ ਹੋਣ ਦਾ ਮਤਲਬ ਨਿੱਜੀ ਹਿੱਤਾਂ ਨੂੰ ਸਮੂਹ ਦੇ ਹਿੱਤਾਂ ਅਧੀਨ ਰੱਖਣਾ ਹੈ। ਪੀੜਤ ਅਤੇ ਦੱਬੀ ਕੁਚਲੀ ਧਿਰ ਦੀ ਆਵਾਜ਼ ਬਣਨਾ ਹੈ। ਤਾਂ ਜੋ ਸਮਾਜ ਨੂੰ ਤੇ ਦੁਨੀਆਂ ਨੂੰ ਹੋਰ ਸੋਹਣਾ ਬਣਾਇਆ ਜਾ ਸਕੇ। ਸਥਿਤੀ ਦਾ ਠੀਕ ਢੰਗ ਨਾਲ ਮੁਲਾਂਕਣ ਕਰ ਕੇ ਲੋਕਾਂ ਨੂੰ ਚੇਤੰਨ, ਜਥੇਬੰਦ ਤੇ ਸੰਘਰਸ਼ਸ਼ੀਲ ਕੀਤਾ ਜਾਵੇ। ਆਪਣਾ ਇਹ ਅਕੀਦਾ ਪੂਰਾ ਕਰਨ ਲਈ ਭਾਅ ਜੀ ਨੇ ਨਾਟਕ ਨੂੰ ਮਾਧਿਅਮ ਬਣਾਇਆ। ਗੁਰਸ਼ਰਨ ਸਿੰਘ ਦਾ ਇਹ ਕਥਨ ਕਿ, “ਜੇ ਸਮਾਜ ਦੀ ਗੱਲ ਹੀ ਨਹੀਂ ਕਰਨੀ ਤਾਂ ਨਾਟਕ ਕਰਨਾ ਹੀ ਕਿਉਂ ਹੈ” ਉਹਨਾਂ ਦੇ ਨਾਟਕਾਂ ਤੋਂ ਪ੍ਰਤੱਖ ਰੂਪ ਵਿੱਚ ਉੱਘੜ ਕੇ ਸਾਹਮਣੇ ਆਉਂਦਾ ਹੈ। ਸਮਾਜ ਨੂੰ ਬਦਲਣ ਲਈ ਰਾਜਨੀਤਕ ਬਦਲ ਜਰੂਰੀ ਹੈ। ਭਾਅ ਜੀ ਦਾ ਇਹ ਪੱਕਾ ਯਕੀਨ ਸੀ ਕਿ ਅਜੋਕਾ ਨਾ-ਬਰਾਬਰੀ ਵਾਲਾ ਸਮਾਜ ਬਰਾਬਰੀ ਦਾ ਸਮਾਜ ਵਿੱਚ ਜ਼ਰੂਰ ਬਦਲੇਗਾ। ਇਸੇ ਲਈ ਕਮਿਊਨਿਸਟ ਲਹਿਰ ਜਦੋਂ ਮੱਠੀ ਪੈ ਗਈ ਤਾਂ ਇਹ ਕਿਹਾ ਜਾਣ ਲੱਗਾ ਕਿ ਕਾਮਰੇਡਾਂ ਦੀ ਫੱਟੀ ਪੋਚੀ ਗਈ। ਇਸ ਤੇ ਉਹਨਾਂ ਦੇ ਨਾਟਕ ਦੇ ਇੱਕ ਪਾਤਰ ਨੇ ਯਕੀਨ ਨਾਲ ਕਿਹਾ, “ਜਿੰਨਾਂ ਚਿਰ ਮਨੁੱਖੀ ਨਿਆਂ ਤੇ ਬਰਾਬਰੀ ਵਾਲਾ ਸਮਾਜ ਨਹੀਂ ਬਣਦਾ, ਇਹ ਫੱਟੀ ਪੋਚੀ ਨਹੀਂ ਜਾ ਸਕਦੀ”। ਇਹੀ ਕਾਰਨ ਹੈ ਕਿ ਭਾਅ ਜੀ ਦੇ ਨਾਟਕ ਮੱਧਵਰਗੀ ਸਮੱਸਿਆਵਾਂ ਦੀ ਥਾਂ ਤੇ ਕਿਰਤੀ ਵਰਗ ਦੀਆ ਮੰਗਾਂ ਉਮੰਗਾਂ, ਦੁੱਖਾਂ ਤਕਲੀਫਾਂ ਤੇ ਸਮੱਸਿਆਵਾਂ ਨੂੰ ਉਭਾਰਦੇ ਤੇ ਉਹਨਾਂ ਦੇ ਹੱਲ ਵੱਲ ਇਸ਼ਾਰਾ ਕਰਦੇ ਹਨ।



ਭਾਅ ਜੀ ਗੁਰਸ਼ਰਨ ਸਿੰਘ ਸਾਡੇ ਸਮੇਂ ਦੇ ਨਾਇਕ ਹਨ ਅਤੇ ਉਹ ਗੁਰੂ ਨਾਨਕ, ਗੋਬਿੰਦ ਸਿੰਘ ਅਤੇ ਸ਼ਹੀਦੇ ਆਜ਼ਮ ਭਗਤ ਸਿੰਘ ਨੂੰ ਨਾਇਕ ਮੰਨਦੇ ਸਨ। ਇਹਨਾਂ ਨਾਇਕਾਂ ਨੂੰ ਉਹ ਸਾਧਾਰਨ ਮਨੁੱਖ ਨੂੰ ਸਵੈਮਾਨ ਨਾਲ ਜਿਉਣ, ਹੱਕ ਸੱਚ ਦੀ ਪ੍ਰਾਪਤੀ ਵਾਸਤੇ ਅਤੇ ਜ਼ੁਲਮ ਵਿਰੁੱਧ ਖੜੋਣ ਤੇ ਉਸਦਾ ਟਾਕਰਾ ਕਰਨ ਲਈ ਪੇਸ਼ ਕਰਦੇ ਹਨ। ਉਹ ਇਸ ਗੱਲ ਦੇ ਕਾਇਲ ਸਨ ਸਨ ਕਿ ਬਾਬਾ ਨਾਨਕ ਨੇ ਮਲਕ ਭਾਗੋ ਨੂੰ ਆਮ ਲੋਕਾਂ ਸਾਹਮਣੇ ਖਰੀਆਂ ਖਰੀਆਂ ਸੁਣਾ ਕੇ ਮਲਕ ਭਾਗੋ ਨੂੰ ਨਿੰਦਿਆ ਸੀ। ਆਪਣੇ ਨਾਟਕਾਂ ਵਿੱਚ ਆਪਣੇ ਪਾਤਰਾਂ ਦੇ ਮੂੰਹੋਂ ਅੱਜ ਦੇ ਸੰਦਰਭ ਵਿੱਚ ਉਹੋ ਕੁੱਝ ਕਹਾ ਕੇ ਉਸ ਪਿਰਤ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ। ਉਹ ਲੋਕਾਂ ਨੂੰ ਇਹ ਸੰਦੇਸ਼ ਦਿੰਦੇ ਰਹੇ ਕਿ ਮੂਕ ਦਰਸ਼ਕ ਬਣ ਕੇ ਜ਼ੁਲਮ ਹੁੰਦਾ ਦੇਖਦੇ ਰਹਿਣਾ ਉਹਨਾ ਤੇ ਅਗਲੀਆਂ ਪੀੜ੍ਹੀਆਂ ਲਈ ਕਿੰਨਾ ਖਤਰਨਾਕ ਹੈ। ਇਹ ਗੱਲ ਉਹਨਾਂ ਆਪਣੇ ਨਾਟਕ “ਕਿਵ ਕੂੜੈ ਤੁੱਟੈ ਪਾਲਿ” ਵਿੱਚ ਬੜੇ ਜ਼ੋਰਦਾਰ ਢੰਗ ਨਾਲ ਕਹੀ ਕਿ, “ਮੇਰੀ ਧਰਤੀ ਦੇ ਲੋਕੋ ਇਹ ਮੱਤ ਭੁੱਲੋ ਕਿ ਜੇ ਅੱਜ ਕਿਸੇ ਜ਼ੁਲਮ ਨੂੰ ਤਮਾਸ਼ਾਈ ਬਣ ਕੇ ਦੇਖੋਗੇ ਤਾਂ ਕੱਲ੍ਹ ਨੂੰ ਤੁਹਾਡੇ ਬੱਚਿਆਂ, ਤੁਹਾਡੀਆਂ ਆਉਣ ਵਾਲੀਆਂ ਪੁਸ਼ਤਾਂ ਨੂੰ ਇਸਦੀ ਕੀਮਤ ਤਾਰਨੀ ਪਵੇਗੀ”।

ਭਾਅ ਜੀ ਗੁਰਸ਼ਰਨ ਸਿੰਘ ਨੇ ਜ਼ਿੰਦਗੀ ਭਰ ਔਰਤਾਂ ਲਈ ਬਰਾਬਰ ਸਮਾਜਿਕ ਦਰਜਾ, ਮਾਣ ਸਨਮਾਨ, ਉਹਨਾਂ ਦੇ ਹਿੱਤਾਂ ਦੀ ਰੱਖਿਆ ਲਈ ਲੜਾਈ ਜਾਰੀ ਰੱਖੀ ਕਿਉਂਕਿ ਉਹ ਸਮਝਦੇ ਸਨ ਜਦੋਂ ਤੱਕ ਔਰਤਾਂ ਮਰਦਾਂ ਦੇ ਬਰਾਬਰ ਮੋਢੇ ਨਾਲ ਮੋਢਾ ਲਾ ਕੇ ਨਹੀਂ ਖਲੋਣਗੀਆਂ ਲੋਕ ਸ਼ਕਤੀ ਨਹੀਂ ਬਣ ਸਕੇਗੀ। ਇਹ ਭਾਅ ਜੀ ਦੀ ਲੰਬੀ ਜਦੋ ਜਹਿਦ ਹੀ ਨਤੀਜਾ ਹੈ ਕਿ ਬੋਰਡ ਦੀਆਂ ਪ੍ਰੀਖਿਆਵਾਂ ਦੇ ਨਤੀਜਾ ਕਾਰਡਾਂ ਵਿੱਚ ਮਾਂ ਦਾ ਨਾਮ ਵੀ ਦਰਜ ਹੋਣ ਲੱਗਾ ਹੈ। ਭਾਅ ਜੀ ਨੂੰ ਇਹ ਗੱਲ ਬਹੁਤ ਹੀ ਚੁਭਦੀ ਸੀ ਕਿ ਜਦੋਂ ਦੋ ਮਰਦ ਆਪਸ ਵਿੱਚ ਲੜਦੇ ਹਨ ਤਾਂ ਗਾਲਾਂ ਮਾਵਾਂ ਭੈਣਾਂ ਨੂੰ ਕੱਢੀਆਂ ਜਾਂਦੀਆਂ ਹਨ। ਪਰ ਔਰਤ ਨੂੰ ਅਸ਼ੀਰਵਾਦ ਦਿੰਦੇ ਸਮੇਂ ਵੀ ਲੁਕਵੇਂ ਢੰਗ ਨਾਲ ਅਸੀਸ ਮਰਦਾਂ ਨੂੰ ਦਿੱਤੀ ਜਾਂਦੀ ਹੈ ਜਿਵੇਂ “ਬੁੱਢ ਸੁਹਾਗਣ ਹੋਵੇਂ” ਪਤੀ ਦੀ ਲੰਬੀ ਉਮਰ ਦੀ ਕਾਮਣਾ ਅਤੇ “ਤੇਰੇ ਪੁੱਤ ਜੀਂਦੇ ਰਹਿਣ” ਪੁੱਤਰਾਂ ਨੂੰ ਅਸ਼ੀਰਵਾਦ। ਇਸੇ ਤਰ੍ਹਾਂ ਖੱਬੇਪੱਖੀ ਜਥੇਬੰਦੀਆਂ ਵਿੱਚ ਔਰਤਾਂ ਦੀ ਕਾਫੀ ਸ਼ਿਰਕਤ ਹੁੰਦੀ ਹੈ ਪਰ ਉਹਨਾਂ ਵਿੱਚੋਂ ਅਹੁਦੇਦਾਰ ਪ੍ਰਧਾਨ, ਸਕੱਤਰ, ਸੂਬਾ ਕਮੇਟੀ ਮੈਂਬਰ ਔਰਤਾਂ ਵਿੱਚੋਂ ਨਹੀਂ ਹੁੰਦੇ। ਉਹ ਤਾਂ ਬੱਸ ਮਿਹਨਤ ਨਾਲ ਕੰਮ ਕਰੀ ਜਾਂਦੀਆਂ ਹਨ।

ਭਾਅ ਜੀ 1947 ਦੀ ਵੰਡ ਦੀ ਗੱਲ ਕਰਦੇ ਤਾਂ ਮਜ਼ਬੀ ਜਨੂੰਨ ਵਿੱਚ ਅੰਨ੍ਹੇ ਹੋਏ ਲੋਕਾਂ ਦੀ ਗੱਲ ਕਰਦੇ। ਅਕਾਲੀ ਆਗੂ ਈਸ਼ਰ ਸਿੰਘ ਮਝੈਲ ਅਤੇ ਊਧਮ ਸਿੰਘ ਨਾਗੋਕੇ ਦਾ ਨਾਮ ਲੈਂਦਿਆਂ ਹੀ ਉਹ ਰੋਹ ਵਿੱਚ ਆ ਜਾਂਦੇ ਜਿੰਨ੍ਹਾਂ ਨੇ ਅੰਮ੍ਰਿਤਸਰ ਵਿੱਚ ਹਾਲ ਬਜ਼ਾਰ ਤੋਂ ਲੈਕੇ ਮੋਚੀ ਬਜ਼ਾਰ ਤੱਕ ਔਰਤਾਂ ਦਾ ਨੰਗਾ ਜਲੂਸ ਕੱਢਿਆ ਸੀ। ਮਜ਼ਬੀ ਦਹਿਸ਼ਤਗਰਦੀ ਤੇ ਸਿਆਸਤ ਦੇ ਨਾਂ ਤੇ ਔਰਤਾਂ ਨੂੰ ਧੂਹੇ ਜਾਣ ਦਾ ਉਨ੍ਹਾਂ ਵਿਰੋਧ ਕੀਤਾ। ਖਾਲਸਤਾਨੀ ਲਹਿਰ ਵੇਲੇ ਜਦ ਜਨੂੰਨ ਦੀ ਹਨੇਰੀ ਚੱਲੀ ਤਾਂ ਉਹਨਾਂ ਹਰ ਤਰੀਕੇ ਨਾਲ ਇਸ ਦਾ ਵਿਰੋਧ ਤੇ ਮੁਕਾਬਲਾ ਕੀਤਾ। ਉਹ ਅਕਸਰ ਕਹਿੰਦੇ, “ਮੇਰੀਆਂ ਦੋ ਧੀਆਂ ਨੇ ਤੇ ਉਹ ਕਿਸੇ ਮਜ਼ਬ ਦੇ ਨਾਂ ਤੇ ਉਸਰੇ ਸਮਾਜ ਵਿੱਚ ਬੰਦਸ਼ਾਂ ਭਰੀਆਂ ਜਿੰਦਗੀਆਂ ਜੀਣ, ਇਹ ਮੈਨੂੰ ਮਨਜੂਰ ਨਹੀਂ”। ਉਹ ਕਈ ਵਾਰ ਇਹ






ਗੱਲ ਕਹਿੰਦਿਆਂ ਬਹੁਤ ਜਿਆਦਾ ਭਾਵੁਕ ਹੋ ਜਾਂਦੇ। ਇਹ ਗੱਲ ਉਹ ਸਿਰਫ ਆਪਣੀਆਂ ਹੀ ਧੀਆਂ ਵਾਸਤੇ ਨਹੀਂ ਸੀ ਕਹਿੰਦੇ ਸਗੋਂ ਇਸ ਧਰਤੀ ਦੀਆਂ ਸਮੁੱਚੀਆਂ ਧੀਆਂ ਦਾ ਉਹਨਾਂ ਨੂੰ ਫਿਕਰ ਸੀ। ਇਹ ਭਾਵੁਕਤਾ ਕਿਸੇ ਸਾਧਾਰਣ ਮਨੁੱਖ ਦੀ ਭਾਵੁਕਤਾ ਨਹੀਂ ਸੀ ਜੋ ਬਿਨਾਂ ਸੋਚ ਦੇ ਭਾਵੁਕ ਹੋ ਜਾਵੇ। ਕਮਿਊਨਿਸਟ ਹੋਣ ਕਰ ਕੇ ਇਹ ਸੰਵੇਦਨਸ਼ੀਲਤਾ ਉਹਨਾਂ ਨੂੰ ਉਸ ਫਿਲਾਸਫੀ ਤੋਂ ਮਿਲੀ ਸੀ।

ਭਾਅ ਜੀ ਗੁਰਸ਼ਰਨ ਸਿੰਘ ਭਗਤ ਸਿੰਘ ਦੇ ਉਦੇਸ਼ਾਂ ਦੀ ਪੂਰਤੀ ਲਈ ਲਹਿਰ ਉਸਾਰਨਾ ਚਾਹੁੰਦੇ ਸਨ। ਇਸ ਲਈ ਉਹਨਾਂ ਨੇ ਆਪਣੇ ਲਿਖੇ 200 ਤੋਂ ਵੱਧ ਨਾਟਕਾਂ ਦੀਆਂ ਆਪਣੇ ਮੌਲਿਕ ਅਤੇ ਨਿਵੇਕਲੇ ਅੰਦਾਜ਼ ਅਤੇ ਸ਼ੈਲੀ ਵਿੱਚ ਹਜਾਰਾਂ ਪੇਸ਼ਕਾਰੀਆਂ ਕਰਕੇ ਅਤੇ ‘ਸਮਤਾ’, ‘ਸਰਦਲ’ ਅਤੇ ‘ਚਿੰਤਨ’ ਮੈਗਜ਼ੀਨਾਂ ਰਾਹੀ ਉਹਨਾਂ ਦੇ ਆਦਰਸ਼ਾਂ, ਇਨਕਲਾਬ ਪ੍ਰਤੀ ਪਹੁੰਚ ਤੇ ਬਰਾਬਰੀ ਦਾ ਸੰਦੇਸ਼ ਆਮ ਲੋਕਾਂ ਤੱਕ ਪਹੁੰਚਾਣ ਲਈ ਸਾਰੀ ਉਮਰ ਲਾ ਦਿੱਤੀ। ਭਾਅ ਜੀ ਦੀ ਉਸਾਰੀ ਹੋਈ ਲਹਿਰ ਨੇ ਭਾਅ ਜੀ ਨੂੰ ਸਾਧਾਰਨ ਕਿਰਤੀ ਲੋਕਾਂ ਦਾ ਨਾਇਕ ਬਣਾ ਦਿੱਤਾ। ਮੋਗਾ ਜ਼ਿਲੇ ਦੇ ਪਿੰਡ ਕੁੱਸਾ ਵਿੱਚ 11 ਜਨਵਰੀ 2006 ਨੂੰ ਉਨ੍ਹਾ ਦੇ ਹੋਇਆ ਸਨਮਾਨ ਆਪਣੇ ਆਪ ਵਿੱਚ ਇੱਕ ਮਿਸਾਲ ਹੈ। ਉਹਨਾਂ ਦੇ 26 ਸਤੰਬਰ 2011 ਨੂੰ ਹੋਏ ਵਿਛੋੜੇ ਤੋਂ ਬਾਅਦ 2 ਅਕਤੂਬਰ ਨੂੰ ਚੰਡੀਗੜ੍ਹ, 9 ਅਕਤੂਬਰ ਨੂੰ ਕੁੱਸਾ ਅਤੇ 23 ਅਕਤੂਬਰ ਨੂੰ ਮੋਗਾ ਵਿੱਚ ਹੋਏ ਸ਼ਰਧਾਂਜਲੀ ਸਮਾਗਮ ਉਹਨਾਂ ਪ੍ਰਤੀ ਲੋਕਾਂ ਦੇ ਪਿਆਰ ਅਤੇ ਸਤਿਕਾਰ ਦੇ ਸੂਚਕ ਹਨ। ਭਾਅ ਜੀ ਪ੍ਰਤੀ ਅਸਲੀ ਸਤਿਕਾਰ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਰੋਕਣ, ਬਰਾਬਰੀ ਵਾਲਾ ਸਮਾਜ ਸਿਰਜਣ ਅਤੇ ਸਮਾਜਵਾਦ ਦੀ ਉਸਾਰੀ ਲਈ ਚੱਲ ਰਹੇ ਸੰਘਰਸ਼ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ ਵਿੱਚ ਹੀ ਹੈ।

647-924-9087

# ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀ ਯਾਦ ’ਚ ਬਰਨਾਲਾ ’ਚ ਮਨਾਈ ਨਾਟਕਾਂ ਅਤੇ ਗੀਤਾਂ ਭਰੀ ਰਾਤ



ਬਰਨਾਲਾ : ਇਨਕਲਾਬੀ ਪੰਜਾਬੀ ਰੰਗ ਮੰਚ ਦੀ ਸ਼ਰੋਮਣੀ ਹਸਤੀ ਗੁਰਸ਼ਰਨ ਸਿੰਘ ਦੀ ਪੰਜਵੀਂ ਸੂਬਾਈ ਬਰਸੀ, ਸਥਾਨਕ ਦਾਣਾ ਮੰਡੀ ਵਿਖੇ ਰਾਤ ਭਰ ਨਾਟਕ ਅਤੇ ਸੰਗੀਤ ਮੇਲਾ ਕਰਕੇ ਮਨਾਈ ਗਈ। ਗੁਰਸ਼ਰਨ ਭਾਅ ਜੀ ਦੇ ਹੱਥੀਂ 34 ਵਰ੍ਹੇ ਪਹਿਲਾਂ ਲਗਾਏ ਬੂਟੇ, ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਵੱਲੋਂ ਜਨਤਕ ਜਮਹੂਰੀ ਜੱਥੇਬੰਦੀਆਂ ਦੇ ਸਹਿਯੋਗ ਨਾਲ ਇਨਕਲਾਬੀ ਰੰਗ ਮੰਚ ਦਿਹਾੜੇ ਵਜੋਂ ਮਨਾਈ ਜਾਂਦੀ ਨਾਟਕਾਂ ਅਤੇ ਗੀਤਾਂ ਭਰੀ ਰਾਤ ’ਚ ਰੰਗ ਕਰਮੀਆਂ, ਲੇਖਕਾਂ, ਗੀਤਕਾਰਾਂ, ਗਾਇਕਾਂ, ਸਾਹਿਤਕਾਰਾਂ, ਤਰਕਸ਼ੀਲਾਂ, ਜਮਹੂਰੀ ਹੱਕਾਂ ਦੀਆਂ ਜੱਥੇਬੰਦੀਆਂ, ਪੱਤਰਕਾਰ ਭਾਈਚਾਰੇ ਅਤੇ ਸ਼ਹਿਰ ਨਿਵਾਸੀਆਂ ਨੇ ਸ਼ਮੂਲੀਅਤ ਕੀਤੀ।

ਗੁਰਸ਼ਰਨ ਭਾਅ ਜੀ ਦੇ ਵਿਛੋੜੇ ਅਤੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਪਤ ਇਸ ਸਮਾਗਮ ’ਚ ਉਮੜਿਆ ਕਿਰਤੀ ਕਿਸਾਨਾਂ, ਵਿਦਿਆਰਥੀਆਂ, ਨੌਜਵਾਨਾਂ, ਬੇਰੁਜ਼ਗਾਰਾਂ, ਔਰਤਾਂ ਅਤੇ ਸਾਹਿਤ। ਕਲਾ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਦਾ ਹੜ੍ਹ ਮੂੰਹ ਬੋਲਦੀ ਗਵਾਹੀ ਭਰ ਰਿਹਾ ਸੀ ਕਿ ਪੰਜਾਬ ਵਾਸੀ ਆਪਣੇ ਲੋਕ- ਨਾਇਕਾਂ ਨੂੰ ਸਾਹੀਂ ਵਸਾਕੇ ਰੱਖਦੇ ਹਨ ਅਤੇ ਉਹਨਾਂ ਦੇ ਸੁਪਨੇ ਸਾਕਾਰ ਕਰਨ ਲਈ ਦ੍ਰਿੜ ਸੰਕਲਪ ਹਨ।

ਸਮਾਗਮ ਦਾ ਆਗ਼ਾਜ਼ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਦੀਆਂ ਤਸਵੀਰਾਂ ਨੂੰ ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ, ਦਾਮਾਦ ਡਾ. ਅਤੁਲ, ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਦੀ ਅਗਵਾਈ ’ਚ ਸੂਬਾ ਕਮੇਟੀ ਅਤੇ ਸਮੂਹ ਸਹਿਯੋਗੀ ਜੱਥੇਬੰਦੀਆਂ ਦੇ ਨੁਮਾਇੰਦਿਆਂ ਵੱਲੋਂ ਫੁੱਲ-ਮਾਲਾ ਪਹਿਨਾਉਣ ਨਾਲ ਹੋਇਆ। ਇਸ ਮੌਕੇ ਮੰਚ ਅਤੇ ਖਚਾ ਖਚ ਭਰਿਆ ਪੰਡਾਲ, ਮੋਮਬੱਤੀਆਂ ਦੀ ਲੋਅ ਨਾਲ ਜਗ ਮਗਾ ਉੱਠਿਆ ਇਉਂ ਪ੍ਰਤੀਤ ਹੁੰਦਾ ਸੀ ਜਿਵੇਂ ਸਮਾਜ ਅੰਦਰ ਫੈਲੇ ਹਨੇਰੇ ਨੂੰ ਦੂਰ ਕਰਕੇ ਸੂਹੀ ਸਵੇਰ ਦੀ ਆਮਦ ਦਾ ਪੈਗ਼ਾਮ ਦੇ ਰਿਹਾ ਹੋਵੇ।

ਇਸ ਮੌਕੇ ਪੰਜਾਬ ਲੋਕ ਸਭਿਆਚਾਰਕ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਮੰਚ ਤੋਂ ਅਹਿਦ ਪੜ੍ਹਿਆ ਜਿਸਦੇ ਇੱਕ ਇੱਕ ਬੋਲ ਨੂੰ ਭਰੇ ਪੰਡਾਲ ਨੇ ਖੜ੍ਹੇ ਹੋ ਕੇ ਬੁਲੰਦ ਕੀਤਾ।

ਇਸ ਅਹਿਦ ’ਚ ਕਲਾ, ਕਲਮ ਅਤੇ ਲੋਕ-ਸੰਘਰਸ਼ਾਂ ਦੀ ਜੋਟੀ ਮਜ਼ਬੂਤ ਕਰਨ ਉੱਪਰ ਜ਼ੋਰ ਦਿੱਤਾ ਗਿਆ ਅਹਿਦ ’ਚ ਦਾਅਵਾ ਕੀਤਾ ਗਿਆ ਕਿ ਗੁਰਸ਼ਰਨ ਸਿੰਘ ਅਤੇ ਸ਼ਹੀਦ ਭਗਤ ਸਿੰਘ ਵਰਗੇ ਲੋਕ-ਨਾਇਕ ਕਦੇ ਵੀ ਮਰਿਆ ਨਹੀਂ ਕਰਦੇ। ਉਹਨਾਂ ਦੀ ਸੋਚ ਅਤੇ ਸੁਪਨੇ ਲੋਕਾਂ ਦੇ ਸਾਹੀਂ ਵਸਦੇ ਹਨ। ਲੋਕਾਂ ਨੇ ਦ੍ਰਿੜ ਸੰਕਲਪ ਹੁੰਦਿਆਂ ਇਸ ਅਹਿਦ ਸਮੇਂ ਐਲਾਨ ਕੀਤਾ ਕਿ ਮੁਲਕ ਅੰਦਰ ਕੌਮੀ ਜਨੂੰਨ, ਫਿਰਕੂ ਦਹਿਸ਼ਤਗਰਦੀ, ਜੰਗ ਵਾਲਾ ਮਾਹੌਲ ਸਿਰਜਕੇ ਹਾਕਮ ਜਮਾਤਾਂ, ਕਰੋੜਾਂ ਲੋਕਾਂ ਦੇ ਰੋਟੀ, ਰੋਜ਼ੀ, ਸਿੱਖਿਆ, ਸਿਹਤ, ਰੁਜ਼ਗਾਰ ਅਤੇ ਨਿਆਂ ਭਰੇ ਨਿਜ਼ਾਮ ਦੀ ਸਿਰਜਣਾ ਨੂੰ ਪਰਨਾਏ ਸੁਪਨੇ ਦਫ਼ਨ ਕਰਨਾ ਲੋਚਦੀਆਂ ਹਨ, ਅਜਿਹੀਆਂ ਸ਼ਾਤਰਾਨਾ ਚਾਲਾਂ ਨੂੰ ਕਦੇ ਵੀ ਬੂਰ ਨਹੀਂ ਪੈਣ ਦਿੱਤਾ ਜਾਏਗਾ।

ਗੁਰਸ਼ਰਨ ਸਿੰਘ ਦੀ ਧੀ ਡਾ. ਨਵਸ਼ਰਨ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਰੰਗ ਮੰਚ ਦੇ ਇਤਿਹਾਸ ਅੰਦਰ ਇਨਕਲਾਬੀ ਪੰਜਾਬੀ ਰੰਗ ਮੰਚ ਦਾ ਇਤਿਹਾਸ, ਮਾਣ ਨਾਲ ਸਿਰ ਉੱਚਾ ਕਰਕੇ ਖੜ੍ਹਾ ਹੈ। ਡਾ. ਨਵਸ਼ਰਨ ਨੇ ਕਿਹਾ ਕਿ ਸਾਡੇ ਪਿਤਾ ਵੱਲੋਂ ਸਖ਼ਤ ਘਾਲਣਾ, ਨਿਹਚਾ ਅਤੇ ਪ੍ਰਤੀਬੱਧਤਾ ਨਾਲ ਕੀਤੀ ਰੰਗ ਮੰਚ ਦੀ ਖੇਤੀ ਦਾ ਖਿੜਿਆ ਸੂਹਾ ਬਾਗ ਤੱਕਕੇ ਅੱਜ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਸ਼ਹੀਦ ਭਗਤ ਸਿੰਘ ਅਤੇ ਆਸਾਡੇ ਪਾਪਾ ਦੇ ਵਾਰਸ਼ ਨਵਾਂ-ਨਰੋਆ ਸਮਾਜ ਅਤੇ ਸਭਿਆਚਾਰ ਸਿਰਜਣ ਲਈ ਅਗੇਰੇ ਵਧਦੇ ਜਾਣਗੇ।

ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਗੁਰਸ਼ਰਨ ਸਿੰਘ ਦੇ ਰੰਗ ਮੰਚ ਦਾ ਭਵਿੱਖ਼ ਸੁਨਹਿਰੀ ਹੈ। ਉਹਨਾਂ ਕਿਹਾ ਕਿ ਪਲਸ ਮੰਚ ਬਦਲਵੈਂ ਇਨਕਲਾਬੀ ਸਭਿਆਚਾਰ ਦੀ ਲੋਕ ਲਹਿਰ ਖੜ੍ਹੀ ਕਰਨ ਲਈ ਸਮੂਹ ਲੋਕਾਂ ਅਤੇ ਲੋਕ-ਜੱਥੇਬੰਦੀਆਂ ਤੋਂ ਸਹਿਯੋਗ ਦੀ ਮੰਗ ਕਰਦਾ ਹੈ। ਇਸ ਮੌਕੇ ਹੀ ਅਮੋਲਕ ਸਿੰਘ ਦੁਆਰਾ ਸੰਪਾਦਿਤ ਦੋ ਪੁਸਤਕਾਂ ‘ਪਾਸ਼-ਕਾਵਿ’ ਅਤੇ ‘ਉਦਾਸੀ ਕਾਵਿ’ ਜੋ ਤਰਕਭਾਰਤੀ ਪ੍ਰਕਾਸ਼ਨ ਦੇ ਅਮਿਤ ਮਿਤਰ ਵੱਲੋਂ ਪ੍ਰਕਾਸ਼ਿਤ ਕੀਤੀਆਂ ਗਈਆਂ ਹਨ ਲੋਕ ਅਰਪਣ ਕੀਤੀਆਂ ਗਈਆਂ। ਪਲਸ ਮੰਚ ਦੇ ਜੋਆਇੰਟ ਸਕੱਤਰ ਮਾਸਟਰ ਰਾਮ ਕੁਮਾਰ, ਮੀਤ ਪ੍ਰਧਾਨ ਹੰਸਾ ਸਿੰਘ, ਵਿੱਤ ਸਕੱਤਰ ਕਸਤੂਰੀ ਲਾਲ, ਸੂਬਾ ਕਮੇਟੀ ਮੈਂਬਰ ਹਰਵਿੰਦਰ ਦੀਵਾਨਾ, ਗੁਰਪ੍ਰੀਤ ਚਮਕੌਰ ਸਾਹਿਬ ਹਾਜ਼ਰ ਸਨ।

ਨਾਟਕਾਂ ਅਤੇ ਗੀਤਾਂ ਭਰੀ ਇਸ ਰਾਤ ਸਮੇਂ ਚੰਡੀਗੜ੍ਹ ਸਕੂਲ ਆਫ ਡਰਾਮਾ (ਏਕੱਤਰ), ਚੇਤਨਾ ਕਲਾ ਕੇਂਦਰ ਬਰਨਾਲਾ (ਹਰਵਿੰਦਰ ਦੀਵਾਨਾ), ਅਦਾਕਾਰ ਮੰਚ ਮੁਹਾਲੀ (ਡਾ. ਸਾਹਿਬ ਸਿੰਘ), ਲੋਕ ਕਲਾ ਮੰਚ ਮੰਡੀ ਮੁੱਲਾਂਪੁਰ (ਹਰਕੇਸ਼ ਚੌਧਰੀ), ਆਜ਼ਾਦ ਰੰਗ ਮੰਚ ਬਰਨਾਲਾ (ਰਣਜੀਤ ਚੌਹਾਨ) ਦੀਆਂ ਨਾਟਕ ਮੰਡਲੀਆਂ ਨੇ ‘ਲਾਰੇ’, ‘ਪੰਜਾਬ ਸਿਉਂ ਅਵਾਜ਼ਾਂ ਮਾਰਦਾ’, ‘ਯੁੱਧ ਅਤੇ ਬੁੱਧ’, ‘ਉਮੀਦਾਂ ਦੀ ਅਰਥੀ’ ਨਾਟਕ ਖੇਡੇ।

ਨਾਟਕਾਂ ਨੇ ਚੋਣਾਂ ਦੀ ਰੁੱਤ ਅੰਦਰ ਸਿਆਸੀ ਗਿਰਗਟਾਂ ਦੇ ਬਦਲਦੇ ਰੰਗ, ਖੁਦਕੁਸ਼ੀਆਂ ਦੀ ਬਜਾਏ ਸੰਗਰਾਮ ਵੱਲ ਅੰਗੜਾਈ ਕਰ ਰਹੀ ਕਿਸਾਨੀ, ਕਸ਼ਮੀਰ ਅੰਦਰ ਜਮਹੂਰੀ ਹੱਕਾਂ ਅਤੇ ਲੋਕ ਰਜ਼ਾ ਦੇ ਘਾਣ, ਕਿਸਾਨੀ ਸੰਕਟ, ਟੁੱਟਦੇ ਬਣਦੇ ਸੁਪਨੇ ਅਤੇ ਦੱਬੇ ਕੁਚਲੇ ਲੋਕਾਂ ਦੀ ਤਾਕਤ ਵਿਲਿਆ ਉੱਪਰ ਵਿਗਿਆਨਕ, ਲੋਕ-ਪੱਖੀ ਅਤੇ ਇਨਕਲਾਬੀ ਨਜ਼ਰੀਆਂ ਉਭਾਰਿਆ।

ਲੋਕ ਸੰਗੀਤ ਮੰਡਲੀ ਭਦੌੜ (ਮਾਸਟਰ ਰਾਮ ਕੁਮਾਰ), ਇਨਕਲਾਬੀ ਕਵੀਸ਼ਰੀ ਜੱਥਾ, (ਰਸੂਲਪੁਰ), (ਸਰਵਨ ਧਾਲੀਵਾਲ), ਲੋਕ ਸੰਗੀਤ ਮੰਡਲੀ ਧੌਲਾ (ਨਵਦੀਪ ਧੌਲਾ) ਅਤੇ (ਯੁਗਰਾਜ ਧੌਲਾ), ਲੋਕ ਸੰਗੀਤ ਮੰਡਲੀ ਜੀਦਾ (ਜਗਸੀਰ ਜੀਦਾ), ਅਵਾਗ ਰੰਗ ਮੰਚ ਪਟਿਆਲਾ (ਹੈਪੀ ਭਗਤਾ) ਦੀਆਂ ਟੀਮਾਂ ਤੋਂ ਇਲਾਵਾ ਅੰਮ੍ਰਿਤਪਾਲ ਬਠਿੰਡਾ ਅਤੇ ਅਜਮੇਰ ਅਕਲੀਆ ਵੱਲੋਂ ਗੀਤ-ਸੰਗੀਤ ਪੇਸ਼ ਕੀਤਾ ਗਿਆ। ਕਸ਼ਮੀਰੀ ਲੋਕਾਂ ਦੇ ਹੱਕੀਂ ਸੰਘਰਸ਼ ਦੇ ਹੱਕ ’ਚ, ਫ਼ਿਰੋਜ਼ਪੁਰ ਵਿਖੇ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਟਿਕਾਣੇ ਨੂੰ ਅਜਾਇਬ ਘਰ ਬਣਾਉਣ, ਮਾਸਟਰ ਗੁਰਮੇਲ ਭੁਟਾਲ ਦੀ ਬਦਲੀ ਰੱਦ ਕਰਨ, ਕਲਾ-ਕਲਮ ਅਤੇ ਵਿਚਾਰਾਂ ਦੀ ਆਜ਼ਾਦੀ ਤੇ ਹੱਲੇ ਬੰਦ ਕਰਨ ਦੇ ਮਤੇ ਪਾਸ ਕੀਤੇ ਗਏ। ਮੰਚ ਸੰਚਾਲਨ ਕਰਦਿਆਂ ਪਲਸ ਮੰਚ ਦੇ ਜਨਰਲ ਸਕੱਤਰ ਕੰਵਲਜੀਤ ਖੰਨਾ ਨੇ ਲੋਕ ਸੰਘਰਸ਼ਾਂ ਵਿੱਚ ਰੁਝੇ ਹੋਣ ਦੇ ਬਾਵਜੂਦ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਨਾਟਕ ਮੇਲੇ ’ਚ ਸਮੂਲੀਅਤ ਕਰਨ ਤੇ ਧੰਨਵਾਦ ਕੀਤਾ। **-ਸਰੋਕਾਰਾਂ ਦੀ ਆਵਾਜ਼**







SHERJANG SINGH RANA

Lic. # M14002019

416.910.9000

www.fmpmortgages.com

rana@punjabinsurance.ca

ਜੇਕਰ ਤੁਸੀਂ 1 ਲੱਖ ਡਾਲਰ ਇਨਵੈਸਟ ਕਰਦੇ ਹੋ ਤਾਂ ਸਾਲ ਦਾ 8000 ਡਾਲਰ ਤੁਹਾਨੂੰ ਵਿਆਜ਼ ਮਿਲੇਗਾ

- Minimum Investment $ 30,000
- Available to cash and registered plans including RRSP, RESP, LIRA, TFSA

Earn 8-10% Interest Annually


FMP




• TFSA • RRSP • CASH

YOU CAN GET 8-10% FIXED ANNUAL RETURN

DIVERSIFY INTO REAL ESTATE Through a Syndicate Mortgage




Investment Example

| Principal $100,000 | Year 1 | Year 2 | Year 3 | Totals |
|---|---|---|---|---|
| Interest Paid Quarterly | $8000 | $8000 | $8000 | $24,000 |
| Principal Repayment | - | - | - | $100,000 |
| Deferred Lender Fee | - | - | 12%* | $12,000 |
| Total Inflow | - | - | - | $136,000 |

Disclaimer : Fortress Real Capital is product offered by FMP Mortgage Investments (FSCO License 12373). Fortress Real Capital transactions are all closed by Building and Development Mortgage Canada Inc. (BDMC) (FSCO Lic.# 10102) unless specifically noted otherwise. This product is availableto Ontario and Nova Scotia residents only. Final terms and conditions can be found in loan agreements. Please speak with a Licensed mortgage agent/broker for more details. All project images displayed on this material are artist renderings only and are subject to change.